INTERNATIONAL MAGAZINE
RNI No. 61816/95

20/-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

ਆਤਮ ਮਾਰਗ



Monthly Atam Marg Magazine
ਨਵੰਬਰ (November) 2010

ਏਕੋ ਬ੍ਰਹਮੁ ਦੁਤੀਯ ਨਾਸਿਤ।

ਵਿਸ਼ੇਸ਼ ਪ੍ਰੋਗਰਾਮ ਰਤਵਾੜਾ ਸਾਹਿਬ

ਹਰ ਚੜ੍ਹਦੀ ਪੂਰਨਮਾਸ਼ੀ ਨੂੰ ਸ਼ਾਮ 6.00 ਵਜੇ ਤੋਂ ਕੀਰਤਨ ਸ਼ੁਰੂ ਹੁੰਦੇ ਹਨ। ਹਰ ਪੂਰਨਮਾਸ਼ੀ ਰਾਤ ਨੂੰ ਸਮਾਪਤੀ ਅਰਦਾਸ ਹੁਕਮਨਾਮਾ ਉਪਰੰਤ ਸਰੀਰ ਨੂੰ ਨਿਰੋਗ ਰੱਖਣ ਲਈ ਵਰਦਾਨ ਸਿੱਧ ਹੋ ਚੁਕੀ ਚੰਦਰਮਾਂ ਦੀਆਂ ਰਿਸ਼ਮਾਂ ਵਿੱਚ ਅਯੂਰਵੈਦਿਕ ਜੜ੍ਹੀਆਂ ਬੂਟੀਆਂ ਨਾਲ ਤਿਆਰ ਅਦਭੁੱਤ ਖੀਰ ਦਾ ਦਰਗਾਹੀ ਪ੍ਰਸ਼ਾਦ ਵਰਤਾਇਆ ਜਾਵੇਗਾ, ਜਿਸ ਦੇ ਛੱਕਣ ਨਾਲ ਸਾਹ, ਦਮਾ ਪੁਰਾਣਾ, ਸਿਰ ਦਰਦ, ਨਜਲਾ, ਅੱਖਾਂ ਦੀ ਘਟ ਰਹੀ ਜੋਤ, ਦਿਲ, ਦਿਮਾਗ ਫੇਫੜਿਆਂ, ਕੈਂਸਰ ਆਦਿ ਦੇ ਭਿਆਨਕ ਰੋਗਾਂ ਤੋਂ ਪੂਰਾ ਬਚਾਅ ਰਹਿੰਦਾ ਹੈ। ਦਵਾਈਆਂ ਵੀ ਫਰੀ ਦਿਤੀਆਂ ਜਾਂਦੀਆਂ ਹਨ।

ਅੰਮ੍ਰਿਤ ਸੰਚਾਰ ਸ਼ਾਮ – 8.00 ਵਜੇ

ਹਰ ਚੜ੍ਹਦੀ ਪੂਰਨਮਾਸ਼ੀ ਦੀ ਰਾਤ

ਨਵੰਬਰ 20	ਦਿਨ ਸ਼ਨੀਵਾਰ
ਦਸੰਬਰ 21	ਦਿਨ ਮੰਗਲਵਾਰ

ਸਮਾਂ – ਸ਼ਾਮ ਦੇ 6.00 ਵਜੇ ਤੋਂ ਰਾਤ 1.00 ਵਜੇ ਤੱਕ ਸਮਾਗਮ
ਅਸਥਾਨ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ)

ਸਾਲ ਸੋਲਵਾਂ, ਮਹੀਨਾ ਨਵੰਬਰ 2010

ਫਾਊਂਡਰ ਚੇਅਰਮੈਨ

ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਚੇਅਰਪਰਸਨ

(ਸੰਤ ਮਾਤਾ ਬੀਜੀ) ਰਣਜੀਤ ਕੌਰ ਜੀ, ਰਤਵਾੜਾ ਸਾਹਿਬ

SUBSCRIPTION - ਚੰਦਾ - (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	(For outstation cheques)

Postal Address for 'ATAM MARG' Enquiry, Money Order, Cheque and drafts in India :

ATAM MARG MAG. VISHAV G. R. M. CHARITABLE TRUST, Ratwara sahib, P.o. Mullanpur Garibdas, Distt. Mohali - 140901

SUBSCRIPTION FOREIGN (ਵਿਦੇਸ਼)

	Annual	Life
U.S.A.	50 US$	500 US$
U.K.	30 £	300 £
Aus.	80 $	800 $
Europ	50 Euro	500 Euro

Postal Address for 'ATAM MARG' Enquiry, Money Order, Cheque and drafts from foreign to :

VISHAV GURMAT ROOHANI MISSION CHARITABLE TRUST

Gurdwara Ishar Parkash, Ratwara Sahib (Near Chandigarh) P.O. Mullanpur Garibdas, Teh. Kharar, Distt. S.A.S. Nagar (Mohali) 140901, Pb. India.

Exemption U/S 80-G upto 31.03.2012 vide L. No. CIT-II/CHD/80G/TECH/245/2008-09/823

Registration Under Foreign Contribution (Regulation) Act 1976 R.No. 115320023

ਆਤਮ ਮਾਰਗ ਮੈਗਜੀਨ ਨਾ ਮਿਲਣ ਤੇ ਅਤੇ ਮਹਾਂਪੁਰਖਾਂ ਵੱਲੋਂ ਪ੍ਰਕਾਸ਼ਿਤ ਕਿਤਾਬਾਂ ਮੰਗਵਾਉਣ ਲਈ ਸੰਪਰਕ ਨੰ.-

Head Office INDIA - (M) 94172-14391, 9417214379
0160-2255002, Fax - 0160-2255009

U.S.A. - Baba Satnam Singh ji Atwal
Phone and Fax : 408-263-1844

Bhai Kuldeep Singh Sher Gill
Phone : 408-230-8319

Bibi Sukhvinder Kaur Bains - Phone : 403-270-3387

Canada - Bhai Sarmukh Singh Pannu
Phone - 604-433-0408

England - Bibi Gurbax Kaur /Jagtar Singh Jagi
Phone : 0121-200-2818
Fax : 0121-200-2879, **Raj Mobile** : 07968734058

For more information please visit us on internet at:-

Email : atammarg1@yahoo.co.in

http:# www.ratwarasahib.org, http # www.ratwarasahibmedia.org

ਤਤਕਰਾ

ਸੰਪਰਕ ਨੰ. ਰਤਵਾੜਾ ਸਾਹਿਬ

ਆਤਮ ਮਾਰਗ ਮੈਗਜ਼ੀਨ -	9417214391, 79
ਰਤਵਾੜਾ ਸਾਹਿਬ -	0160-2255001
ਗੁ. ਰਤਵਾੜਾ ਸਾਹਿਬ ਵਿਖੇ ਅਖੰਡਪਾਠ ਬੁਕਿੰਗ ਸਬੰਧੀ -	9417214386
ਪਰਮ ਸਤਿਕਾਰਯੋਗ ਬੀਜੀ ਦੇ ਸੇਵਾਦਾਰ -	0172-2266315, 9417214381
ਬੀ. ਐਡ ਕਾਲਜ	9417214382
ਬਾਬਾ ਰਾਜਿੰਦਰ ਸਿੰਘ ਸ੍ਰੀ ਮਾਨ ਲੰਗਰ	9417214380
ਆਡੀਓ ਵੀਡੀਓ ਲਾਇਬ੍ਰੇਰੀ	9872814385, 9417214385
ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਰਤਵਾੜਾ ਸਾਹਿਬ	0160-2255003
ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ	0160-2255004
ਜਰਨਲ	9417214384

ਅੰਮ੍ਰਿਤ ਬਾਣੀ ਸਕਾਈ ਟੀ.ਵੀ. ਸੈਟੇਲਾਈਟ ਚੈਨਲ 0176 ਤੇ ਸੰਤ ਮਹਾਰਾਜ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ ਵਾਲਿਆਂ ਦਾ ਕੀਰਤਨ ਨਿਮਨ ਅਨੁਸਾਰ ਹੈ -

ਐਤਵਾਰ ਸਵੇਰੇ 10.00 ਵਜੇ ਤੋਂ 11.00 ਵਜੇ ਤੱਕ

ਸੋਮਵਾਰ ਸ਼ਾਮ 7.00 ਵਜੇ ਤੋਂ ਸ਼ਾਮ 8.00 ਵਜੇ ਤੱਕ

ਯੂ.ਕੇ. ਸਮੇਂ ਅਨੁਸਾਰ ਸੁਣਿਆ ਜਾ ਸਕਦਾ ਹੈ।

ਬਾਬਾ ਜੀ ਦੇ ਕੀਰਤਨ ਨੂੰ ਪੂਰੇ ਵਿਸ਼ਵ ਵਿਚ www.amritbani.com ਤੋਂ ਸੁਣਿਆ ਜਾ ਸਕਦਾ ਹੈ। ਆਪਣਾ ਸਮਾਂ ਯੂ.ਕੇ. ਸਮੇਂ ਅਨੁਸਾਰ ਨਿਰਧਾਰਤ ਕਰੋ।

ਜਾਰੀ ਕਰਤਾ - ਆਤਮ ਮਾਰਗ ਸਪਿਰਚੂਅਲ ਸਾਇੰਟਿਫਿਕ ਐਜੂਕੇਸ਼ਨਲ ਚੈਰੀਟੇਬਲ ਟਰਸਟ, ਯੂ.ਕੇ.

ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲਾ ਐਸ.ਏ.ਐਸ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।

ਸੰਪਾਦਕੀ

ਇਹ ਪਿਆਰ ਭਰੀ ਮਾਸਿਕ ਰੂਹਾਨੀ ਪਤ੍ਰਿਕਾ ਪਾਠਕਾਂ ਤੱਕ ਉਸ ਸਮੇਂ ਪਹੁੰਚ ਰਹੀ ਹੈ ਜਦੋਂ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਮਹਾਨ ਪਵਿੱਤਰ ਭੂਮੀ ਉੱਪਰ ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ ਅਤੇ ਆਤਮ ਮਾਰਗ ਸਾਇੰਟਿਫਿਕ ਸਪਿਰਚੂਅਲ ਐਜੂਕੇਸ਼ਨਲ ਚੈਰੀਟੇਬਲ ਟਰਸਟ ਰਤਵਾੜਾ ਸਾਹਿਬ ਦੇ ਬਾਨੀ ਪ੍ਰਉਪਕਾਰੀ ਮਹਾਂਪੁਰਸ਼ਾਂ ਦਾ ਮਹਾਂ ਸਮਾਧੀ ਲੈਣ ਦਾ ਦਿਨ 31 ਅਕਤੂਬਰ ਪਿਆਰ ਵੈਰਾਗ ਸ਼ਰਧਾ ਦੇ ਨਾਲ ਮਨਾਇਆ ਜਾ ਰਿਹਾ ਹੋਵੇਗਾ। ਪਰਉਪਕਾਰੀ ਮਹਾਂਪੁਰਸ਼ਾਂ ਦੇ ਪਿਆਰੇ ਦੇਸ਼ਾਂ ਵਿਦੇਸ਼ਾਂ ਤੋਂ ਆਪਣਾ ਨੈਤਿਕ ਫਰਜ ਪਛਾਣਦੇ ਹੋਏ ਮਹਾਂਪਵਿੱਤਰ ਰੂਹਾਨੀ ਸਤਿਸੰਗ ਅੰਦਰ ਗੁਰੂ ਪਾਤਿਸ਼ਾਹ ਦੇ ਚਰਨਾਂ ਵਿੱਚ ਬੈਠ ਕੇ ਅੰਤਰੰਗ ਸਾਧਨ ਕਰਦੇ ਹੋਏ ਗੁਰਮੰਤਰ ਅਭਿਆਸ ਗੁਰ-ਸੰਗਤ ਰਾਹੀਂ ਕਰਕੇ ਨਾਮ ਨਾਲ ਮਹਾਂਪੁਰਸ਼ਾਂ ਦੀ ਨੌਵੀਂ ਬਰਸੀ ਸਮਾਗਮ ਉੱਪਰ ਰਤਵਾੜਾ ਸਾਹਿਬ ਜੁੜ ਰਹੇ ਹਨ। ਮਹਾਂਪੁਰਸ਼ ਸਰੀਰ ਨਹੀਂ ਹੁੰਦੇ ਹੋਏ ਵੀ ਸੰਸਾਰਕ ਮਰਿਆਦਾ ਅਨੁਸਾਰ ਸਰੀਰ ਧਾਰਨ ਕਰਕੇ ਯੁੱਗ ਪੁਰਸ਼ ਬਣ ਕੇ ਕਲਯੁੱਗ ਨੂੰ ਸਤਿਜੁਗ ਵਿੱਚ ਬਦਲ ਦਿੰਦੇ ਹਨ । ਜਿਸ ਦਾ ਪ੍ਰਤੱਖ ਅਦਭੁੱਤ ਅਲੌਕਿਕ ਦ੍ਰਿਸ਼ ਮਹਾਂਪੁਰਸ਼ਾਂ ਦੇ ਪਿਆਰ, ਬੈਰਾਗ ਦੇ ਬਰਸੀ ਸਮਾਗਮ ਅੰਦਰ ਪ੍ਰਤੱਖ ਵੇਖਣ ਨੂੰ ਅਤੇ ਅਨੁਭਵ ਕਰਨ ਨੂੰ ਮਿਲਦਾ ਹੈ। ਸਰੀਰ ਕਰਕੇ ਮਹਾਂਪੁਰਸ਼ਾਂ ਦੇ ਵਿਛੋੜੇ ਦਾ ਸਮਾਂ ਨੌਂ ਸਾਲ ਪੂਰਾ ਹੋ ਚੁਕਿਆ ਹੈ। ਵਿਛੋੜੇ ਦਾ ਦੁੱਖ ਪਿਆਰ ਵਾਲੇ ਪ੍ਰੇਮੀਆਂ ਨੂੰ ਬੈਰਾਗ ਵਿੱਚ ਪ੍ਰਵੇਸ਼ ਕਰਾ ਕੇ ਮਾਇਆਵਿਕ ਭੋਗਾਂ ਤੋਂ ਛੁਟਕਾਰਾਂ ਕਰਾਉਂਦਾ ਹੈ। ਪਰਉਪਕਾਰੀ ਮਹਾਂਪੁਰਸ਼ ਉਹ ਜੁਗਤੀਆਂ ਉਕਤੀਆਂ ਦ੍ਰਿੜ ਕਰਵਾ ਦਿੰਦੇ ਹਨ ਜੋ ਕਿ ਪੂਰਵਜ ਮਹਾਂਪੁਰਸ਼ਾਂ ਤੋਂ ਪ੍ਰਾਪਤ ਸਿਨੇ-ਬਸੀਨੇ ਚਲੀਆਂ ਆ ਰਹੀਆਂ ਹਨ। ਸਤਵਾਂ ਸਲਾਨਾ ਸਮਾਗਮ ਮਹਾਂਪੁਰਸ਼ਾਂ ਦੀ ਸਰੀਰਕ ਮੌਜੂਦਗੀ ਵਿੱਚ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਆਪਣੀ ਅਮਿੱਟ ਛਾਪ ਸਦਾ ਵਾਸਤੇ ਕਾਇਮ ਕਰ ਗਿਆ ਹੈ । ਇਸ ਸਮਾਗਮ ਦੁਰਾਨ ਮਹਾਂਪੁਰਸ਼ਾਂ ਨੇ ਸਵਾਸ ਪ੍ਰਕ੍ਰਿਆ ਰਾਹੀਂ ਗੁਰਮੰਤਰ ਦਾ ਅਭਿਆਸ ਕਰਵਾ ਕੇ ਨਾਮ ਨਾਲ ਜੁੜਨ ਦੀ ਜੁਗਤ ਦ੍ਰਿੜ ਕਰਵਾਈ ਹੈ। ਅੱਜ ਵੀ ਇਸ ਦਰਸਾਈ ਜੁਗਤ ਅਨੁਸਾਰ ਗੁਰ-ਮੰਤਰ ਚਕਿਤਸਾ ਰਾਹੀਂ ਚੜ੍ਹਦੀ ਪੂਰਨਮਾਸੀ ਦੀ ਰਾਤ ਨੂੰ ਮਹਾਂਪੁਰਸ਼ਾਂ ਦੀ ਕਰਮ ਭੂਮੀ ਉਪਰ ਹਜਾਰਾਂ ਹੀ ਪ੍ਰਾਣੀ ਨਿਰੋਗ ਜੀਵਨ ਪ੍ਰਾਪਤ ਕਰਦੇ ਹਨ। ਗੁਰੂ ਘਰ ਦੀ ਮਰਿਯਾਦਾ ਅਨੁਸਾਰ ਹਰ ਪੂਰਨਮਾਸੀ ਨੂੰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪੰਜ ਪਿਆਰੇ ਗੁਰ-ਮੰਤਰ ਮੂਲ-ਮੰਤਰ ਦ੍ਰਿੜ ਕਰਵਾ ਕੇ ਖੰਡੇਬਾਟੇ ਦਾ ਅੰਮ੍ਰਿਤ ਛਕਾ ਕੇ ਸ਼ਬਦ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਧਾਰਨ ਕਰਵਾਉਂਦੇ ਹਨ।

ਗੁਰਬਾਣੀ ਪ੍ਰਕਾਸ਼ ਅੰਦਰ ਆਤਮ ਮਾਰਗ ਮੈਗਜੀਨ ਅਦਵੈਤ ਸਿਧਾਂਤ ਉਪੱਰ ਪ੍ਰਕਾਸ਼ਿਤ ਹੁੰਦਾ ਹੈ ਇਸ ਵਿੱਚ ਵੱਖੋ ਵੱਖਰੇ ਸਿਰਲੇਖ ਹੇਠ ਬ੍ਰਹਮ-ਗਿਆਨੀ, ਬ੍ਰਹਮ-ਨਿਸ਼ਠਾ, ਬ੍ਰਹਮ-ਵਕਤਾ, ਬ੍ਰਹਮ-ਸ੍ਰੋਤਰੀ, ਬ੍ਰਹਮ-ਦ੍ਰਿਸ਼ਟਾ, ਤੱਤਵੇਤੇ ਮਹਾਂਪੁਰਸ਼ਾਂ ਦਾ ਅਨੁਭਵ ਅੱਖਰਾਂ ਵਿੱਚ ਰੂਪਮਾਨ ਇਸ ਪਿਆਰੀ ਮਾਸਿਕ ਪਤ੍ਰਿਕਾ ਵਿੱਚ ਹਰ ਵਾਰੀ ਵਾਗੂੰ ਪ੍ਰਕਾਸ਼ਮਾਨ ਹੋ ਰਿਹਾ ਹੈ। ਸਿਹਤ ਗਿਆਨ ਸਿਰਲੇਖ ਹੇਠ ਅਯੁਰਵੇਦ ਸਿੱਧ ਪੁਰਸ਼ ਵੈਦ ਦਾ ਲੇਖ ਨਿਰੋਗੀ ਕਾਇਆ ਰੱਖਣ ਵਾਸਤੇ ਪ੍ਰਕਾਸ਼ਿਤ ਕੀਤ ਜਾ ਰਿਹਾ ਹੈ। ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੇ ਪਵਿੱਤਰ ਵਾਤਾਵਰਣ ਅੰਦਰ ਚੜ੍ਹਦੀ ਪੂਰਨਮਾਸੀ ਦੀ ਰਾਤ ਨੂੰ ਚੰਦਰਮਾਂ ਦੀਆਂ ਰਿਸ਼ਮਾਂ ਅੰਦਰ ਰੁੱਤਾਂ ਮੁਤਬਿਕ ਜੜ੍ਹੀ ਬੂਟੀਆਂ ਪਾ ਕੇ ਅਦਭੁੱਤ ਖੀਰ ਦਾ ਦਰਗਾਹੀ ਪ੍ਰਸ਼ਾਦ ਵਰਤਾਇਆ ਜਾਂਦਾ ਹੈ। ਰੈਣ ਸਬਾਈ ਕੀਰਤਨ ਰਾਹੀਂ ਗੁਰੂ ਚਰਨਾਂ ਵਿੱਚ ਨਾਮ ਨਾਲ ਜੁੜਨ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਮਹਾਂਪੁਰਸ਼ਾਂ ਦੇ ਦਰਸਾਏ ਰਸਤੇ ਉਪਰ ਚਲਦੇ ਹੋਏ ਅਜੋਕੇ ਸਮੇਂ ਵਿੱਚ ਰਤਵਾੜਾ ਸਾਹਿਬ ਦੀ ਕਰਮ ਭੂਮੀ ਆਪਣੀ ਮਿਸਾਲ ਆਪ ਬਣਦੀ ਜਾ ਰਹੀ ਹੈ । ਇਸ ਧਰਤੀ ਉੱਪਰ ਹਜਾਰਾਂ ਹੀ ਦਰਖਤ ਜੰਗਲ ਦਾ ਰੂਪ ਧਾਰਨ ਕਰਦੇ ਜਾ ਰਹੇ ਹਨ ਅਤੇ ਸਾਨੂੰ ਸਵਾਸ ਨਾਲ ਗੁਰ-ਮੰਤਰ ਅਭਿਆਸ ਕਰਨ ਵਾਸਤੇ ਪਵਿੱਤਰ ਪ੍ਰਾਣ ਵਾਯੂ ਆਕਸੀਜਨ ਪ੍ਰਦਾਨ ਕਰਦੇ ਹਨ। ਪਵਿੱਤਰ ਧਰਤੀ ਉਪਰ ਕੀਤਾ ਨਾਮ ਅਭਿਆਸ ਰੰਗ ਲਿਆ ਰਿਹਾ ਹੈ ਜਿਸ ਦੇ ਅਨੇਕਾਂ ਹੀ ਅਦਭੁੱਤ ਨਤੀਜੇ ਪ੍ਰਾਪਤ ਹੋ ਰਹੇ ਹਨ । ਇਸ ਲਈ ਅਸੀਂ ਆਪ ਜੀ ਤੇ ਪੂਰਾ ਵਿਸ਼ਵਾਸ਼ ਕਰਦੇ ਹੋਏ ਆਸ ਕਰਦੇ ਹਾਂ ਕਿ ਜਿੱਥੇ ਆਪ ਜੀ ਗੁ. ਈਸਰ ਪ੍ਰਕਾਸ਼ ਨਤਮਸਤਕ ਹੋਵੋਂਗੇ ਅਤੇ ਹੋਰਨਾਂ ਨੂੰ ਵੀ ਗੁਰੂ ਘਰ ਨਾਲ ਜੁੜਨ ਦਾ ਪ੍ਰੇਰਨਾ ਸਰੋਤ ਬਣੋਗੇ ਓਥੇ ਇਸ ਤਰ੍ਹਾਂ ਦੇ ਮਹਾਂਪੁਰਸ਼ਾਂ ਦੀ ਸੰਗਤ ਸੋਭਤ ਜਰੂਰ ਹੀ ਜੀਵਨ ਵਿੱਚ ਇਨਕਲਾਬ ਲਿਆ ਦੇਵੇਗੀ । ਆਪ ਜੀ ਦੇ ਚਰਨਾਂ ਵਿੱਚ ਗੁਰੂ ਨਾਨਕ ਦਾ ਵਾਸਤ ਪਾ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂਸ਼ਬਦ ਦੀ ਸ਼ਾਂਝ ਵਧਾਉਣ ਵਾਸਤੇ ਵੱਧ ਤੋਂ ਵੱਧ ਆਤਮ ਮਾਰਗ ਰੂਹਾਨੀ ਮੈਗਜੀਨ ਦੇ ਮੈਂਬਰ ਬਣਾਉਣ ਦੀ ਕ੍ਰਿਪਾਲਤਾ ਕਰੋ ਜੀ ।

ਮੰਘਿਰਿ

ਮੰਘਿਰਿ ਮਾਹਿ ਸੋਹੰਦੀਆ ਹਰਿ ਪਿਰ ਸੰਗਿ ਬੈਠੜੀਆਹ।।
ਤਿਨ ਕੀ ਸੋਭਾ ਕਿਆ ਗਣੀ ਜਿ ਸਾਹਿਬਿ ਮੇਲੜੀਆਹ।।
ਤਨੁ ਮਨੁ ਮਉਲਿਆ ਰਾਮ ਸਿਉ ਸੰਗਿ ਸਾਧ ਸਹੇਲੜੀਆਹ।।
ਸਾਧ ਜਨਾ ਤੇ ਬਾਹਰੀ ਸੇ ਰਹਨਿ ਇਕੇਲੜੀਆਹ।।
ਤਿਨ ਦੁਖੁ ਨ ਕਬਹੂ ਉਤਰੈ ਸੇ ਜਮ ਕੈ ਵਸਿ ਪੜੀਆਹ।।
ਜਿਨੀ ਰਾਵਿਆ ਪ੍ਰਭੁ ਆਪਣਾ ਸੇ ਦਿਸਨਿ ਨਿਤ ਖੜੀਆਹ।।
ਰਤਨ ਜਵੇਹਰ ਲਾਲ ਹਰਿ ਕੰਠਿ ਤਿਨਾ ਜੜੀਆਹ।।
ਨਾਨਕ ਬਾਂਛੈ ਧੂੜਿ ਤਿਨ ਪ੍ਰਭ ਸਰਣੀ ਦਰਿ ਪੜੀਆਹ।।

ਵਾਹਿਗੁਰੂ ਜੀ ਨੇ ਸ੍ਰਿਸ਼ਟੀ ਦੀ ਰਚਨਾ ਆਪਣੀ ਮੌਜ ਵਿਚ ਕੀਤੀ। ਕ੍ਰੋੜਾਂ ਸੂਰਜ, ਕ੍ਰੋੜਾਂ ਚੰਦਰਮਾ, ਅਸੰਖ ਤਾਰੇ-ਸਿਤਾਰੇ, ਅਸੰਖ ਬ੍ਰਹਿਮੰਡ, ਕਿੰਨੀਆਂ ਹੀ ਖਾਣੀਆਂ, ਕਿੰਨੀਆਂ ਹੀ ਬਾਣੀਆਂ, ਕਿੰਨੀਆਂ ਹੀ ਹਵਾਵਾਂ ਦੀ ਰਚਨਾ ਕੀਤੀ; ਉਸੇ ਰਚਨਾ ਵਿਚ ਅਸਾਡੀ ਇਹ ਨਿੱਕੀ ਜਿਹੀ ਧਰਤੀ ਦੀ ਭੀ ਰਚਨਾ ਹੋਈ। ਇਸ ਵਿਚ ਅਨੁਭਵੀ ਮਹਾਂਪੁਰਸ਼ਾਂ ਦੇ ਕਥਨ ਅਨੁਸਾਰ ਚੌਰਾਸੀ ਲੱਖ ਕਿਸਮ ਦੀਆਂ ਜਾਤਾਂ ਜਿਨਸਾਂ, ਜੂਨਾਂ ਦੀ ਉਤਪਤੀ ਕੀਤੀ ਗਈ। ਉਸ ਦੀ ਕੀਤੀ ਹੋਈ ਰਚਨਾ ਬਾਰੇ ਅਸੀਂ ਕੁਝ ਵੀ ਨਹੀਂ ਕਹਿ ਸਕਦੇ। ਅਸੀਂ ਇਕ ਮੱਛਲੀ ਦੇ ਭਾਵਾਂ ਨੂੰ ਨਹੀਂ ਜਾਣ ਸਕਦੇ, ਉਡਾਰੀਆਂ ਮਾਰਦੇ ਪੰਛੀ ਦੀ ਅੰਦਰੂਨੀ ਅਵਸਥਾ ਨੂੰ ਨਹੀਂ ਜਾਣ ਸਕਦੇ, ਬਨਸਪਤੀ ਦੀ ਸੂਝ ਬਾਰੇ ਅਸਾਨੂੰ ਕੁਝ ਵੀ ਪਤਾ ਨਹੀਂ ਲਗ ਸਕਦਾ। ਕੁਦਰਤੀ ਨਿਯਮਾਂ ਅਨੁਸਾਰ ਜੀਵਨ ਦੀ ਰੌ ਚਲ ਰਹੀ ਹੈ। ਹੈਰਾਨ ਹੋ ਜਾਈਦਾ ਹੈ ਕਿ ਪ੍ਰਭੂ ਨੇ ਇਕ ਕੁੱਤੇ ਨੂੰ ਐਸੀ ਸ਼ਕਤੀ ਪ੍ਰਦਾਨ ਕਰੀ ਹੈ ਕਿ ਉਹ ਇਕ ਵਾਰੀ ਕਿਸੇ ਦੇ ਪੈਰ, ਚਿੱਤਰ ਸੁੰਘ ਲਵੇ, ਕੋਈ ਵਸਤਰ ਸੁੰਘ ਲਵੇ ਤਾਂ ਹਜ਼ਾਰਾਂ ਆਦਮੀਆਂ ਵਿਚੋਂ ਜਾ ਕੇ, ਸੈਂਕੜੇ ਮੀਲਾਂ ਤੇ ਗਏ ਹੋਏ ਉਸ ਮਨੁੱਖ ਨੂੰ ਪਛਾਣ ਲੈਂਦਾ ਹੈ। ਇਸੇ ਤਰ੍ਹਾਂ ਨਾਲ ਇਕ ਕੀੜੀ ਦੂਰ ਦਰਾਜ਼ ਤੁਰੀ ਜਾਂਦੀ ਘਰ ਵਿਚ ਸੁਰਖਸ਼ਿਤ ਪਏ ਖਾਣ ਦੇ ਪਦਾਰਥਾਂ ਦੀ ਸੂਹ ਲਾ ਲੈਂਦੀ ਹੈ। ਸ਼ੇਰ ਤੇ ਸੱਪ ਵਰਗੇ ਖਤਰਨਾਕ ਜੀਵ ਪ੍ਰਭੂ ਦੇ ਪਿਆਰੇ ਨੂੰ, ਜਿਸ ਦੇ ਅੰਦਰ ਪੂਰਨ ਗਿਆਨ ਹੈ ਅਤੇ ਘਟ ਘਟ ਵਿਚ ਵਿਆਪਕ ਆਪਣੇ ਹੀ ਪ੍ਰਭੂ ਨੂੰ ਦੇਖਦਾ ਹੈ, ਉਸਨੂੰ ਪਛਾਣ ਜਾਂਦੇ ਹਨ। ਐਸੀਆਂ ਬਹੁਤ ਮਿਸਾਲਾਂ ਮਿਲ ਜਾਂਦੀਆਂ ਹਨ।

ਸੰਤ ਮਹਾਂਪੁਰਸ਼ ਬਾਬਾ ਭਾਗ ਸਿੰਘ ਜੀ ਕੁਰੀ ਵਾਲੇ ਸਮ ਦ੍ਰਿਸ਼ਟੀ ਵਾਲੇ ਮਹਾਂਪੁਰਸ਼ ਸਨ। ਆਪ ਦੀ ਦ੍ਰਿਸ਼ਟੀ ਵਿਚ ਸਾਰੇ ਪ੍ਰਭੂ ਦਾ ਰੂਪ ਹੀ ਪਰੀਪੂਰਨ ਦ੍ਰਿਸ਼ਟੀਗੋਚਰੇ ਹੁੰਦਾ ਸੀ। ਆਪ ਦੇ ਜੀਵਨ ਵਿਚ ਇਕ ਘਟਨਾ ਆਉਂਦੀ ਹੈ ਜਦੋਂ ਆਪ ਪੈਦਲ ਹੀ ਹਜ਼ੂਰ ਸਾਹਿਬ ਵਲ ਦਰਸ਼ਨ ਦੇ ਉਮਾਹ ਨਾਲ ਜਾ ਰਹੇ ਹਨ, ਆਪਣੇ ਰੰਗ ਵਿਚ ਰੱਤੇ ਕਦਮ ਪੁੱਟਦੇ ਹਨ। ਹਰ ਕਦਮ ਸਤਿਨਾਮ ਵਾਹਿਗੁਰੂ ਜੀ ਦੀ ਯਾਦ ਵਿਚ ਪੁੱਟਿਆ ਜਾ ਰਿਹਾ ਹੈ, ਅੱਖਾਂ ਖੁਲ੍ਹੀਆਂ ਨਾਲ ਅਖੰਡ ਸਮਾਧੀ ਲੱਗੀ ਹੋਈ ਹੈ, ਉਸ ਵਕਤ ਆਪ ਦੀ ਸਰੀਰਕ ਆਯੂ 22 ਸਾਲ ਦੇ ਕਰੀਬ ਦਸਦੇ ਹਨ। ਆਪ ਜੀ ਮੱਧ ਪ੍ਰਦੇਸ਼ ਦੇ ਕਾਹਨਾ ਕਾਛਾ ਵਰਗੇ ਭਿਆਨਕ ਜੰਗਲ ਵਿਚੋਂ ਲੰਘ ਰਹੇ ਹਨ ਜਿਸ ਥਾਂ ਸ਼ੇਰਾਂ ਦੇ ਝੁੰਡ ਫਿਰਦੇ ਰਹਿੰਦੇ ਸਨ। ਅੱਜ ਵੀ ਉਹ ਰਾਖਵਾਂ ਜੰਗਲ ਹੈ ਅਤੇ ਸੈਂਕੜੇ ਸ਼ੇਰ ਆਪਣਾ ਜੀਵਨ ਨਿਰਬਾਹ ਕਰ ਰਹੇ ਹਨ। ਬਾਬਾ ਜੀ ਗੁਰੂ ਦਸ਼ਮੇਸ਼ ਪਿਆਰ ਵਿਚ ਮਸਤ ਹੋਏ ਹੋਏ ਜਾ ਰਹੇ ਸਨ, ਉਨ੍ਹਾਂ ਨੂੰ ਵਾਹਿਗੁਰੂ ਜੀ ਦੀ ਜੋਤ ਬਿਨਾਂ ਹੋਰ ਕੁਝ ਦਿਸ ਹੀ ਨਹੀਂ ਰਿਹਾ ਸੀ। ਸੂਰਜ ਛੁਪਣ ਦੇ ਨੇੜੇ ਆ ਗਿਆ, ਕਾਲੀ ਬੋਲੀ ਰਾਤ ਇਸ ਭਿਆਨਕ ਜੰਗਲ ਵਿਚ ਸਾਮ੍ਹਣੇ ਆ ਗਈ। ਆਪ ਜੀ ਦੀ ਦ੍ਰਿਸ਼ਟੀ ਉਸ ਪਹਾੜੀ ਇਲਾਕੇ ਵਿਚ ਕਿਸੇ ਪਾਣੀ ਦੇ ਸ੍ਰੋਤ ਨੂੰ ਭਾਲ ਰਹੀ ਸੀ। ਪਹਾੜੀ ਤੋਂ ਉਤਰ ਕੇ ਹੇਠਾਂ ਇਕ ਚਸ਼ਮਾ ਚਲ ਰਿਹਾ ਸੀ। ਉਸ ਦੇ ਸਾਮ੍ਹਣੇ ਨਿਰਮਲ ਜਲ ਇਕ ਛੋਟੇ ਜਿਹੇ ਸਵੱਛ ਥਾਂ ਵਿਚ ਜਮ੍ਹਾਂ ਹੋ ਕੇ ਅੱਗੇ ਜਾ ਰਿਹਾ ਸੀ। ਉਸ ਥਾਂ ਨੂੰ ਬਾਬਾ ਜੀ ਨੇ ਪਸੰਦ ਕੀਤਾ ਅਤੇ ਆਪ ਛੋਟਾ ਜਿਹਾ ਆਸਣ ਲਾ ਕੇ ਉਥੇ ਬਿਰਾਜਮਾਨ ਹੋ ਗਏ। ਉਸੇ ਥਾਂ ਤੋਂ ਕੁਝ ਲੋਕਲ ਬੰਦੇ ਆਪਣੀ ਸਾਰੇ ਦਿਨ ਦੀ ਕਿਰਤ ਕਰਕੇ ਵਾਪਸ ਆਪਣੇ ਘਰਾਂ ਨੂੰ ਜਾ ਰਹੇ ਸਨ ਅਤੇ ਸਾਰੇ ਇਸ ਕੋਸ਼ਿਸ਼ ਵਿਚ ਸਨ ਕਿ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਘਰ ਪਹੁੰਚ ਜਾਣ, ਜਿਥੇ ਜਾ ਕੇ ਰਾਤ ਨੂੰ ਪਿੰਡ ਦੇ ਚਾਰੇ ਪਾਸੇ ਵੱਡੀਆਂ ਲੱਕੜਾਂ ਨੂੰ ਅੱਗ ਲਾ ਕੇ ਆਪਣੀ ਰਖਸ਼ਾ ਜੰਗਲੀ ਜਾਨਵਰਾਂ ਤੋਂ ਕਰਿਆ ਕਰਦੇ ਸਨ। ਉਨ੍ਹਾਂ ਨੇ ਬਾਬਾ ਜੀ ਨੂੰ ਦੇਖਿਆ ਅਤੇ ਕਿਹਾ ਕਿ ਬਾਲ ਯੋਗੀ! ਇਸ ਇਲਾਕੇ ਵਿਚ ਇਕੋ ਇਕ ਪਾਣੀ ਪੀਣ ਦਾ ਚਸ਼ਮਾ ਇਹੋ ਹੀ ਹੈ। ਜੰਗਲ ਦੇ ਸਾਰੇ ਜਾਨਵਰ ਰਾਤ ਨੂੰ ਇਥੇ ਪਾਣੀ ਪੀਂਦੇ ਹਨ ਤੁਸੀਂ ਏਸ ਥਾਂ ਨਾ ਬੈਠੋ, ਕੋਈ ਸ਼ੇਰ ਤੁਹਾਨੂੰ ਖਾ ਜਾਵੇਗਾ; ਅਸਾਡੇ ਨਾਲ ਚੱਲੋ। ਅਸੀਂ ਤੁਹਾਨੂੰ ਰਾਤ ਰਹਿਣ ਨੂੰ ਥਾਂ ਦੇਵਾਂਗੇ, ਤੁਸੀਂ ਐਥੇ ਨਾ ਰਹੋ। ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਮੈਨੂੰ ਕੋਈ ਡਰ ਨਹੀਂ ਹੈ ਕਿਉਂਕਿ ਮੇਰਾ ਪ੍ਰਭੂ ਸਦਾ ਮੇਰੇ ਨਾਲ ਰਹਿੰਦਾ ਹੈ। ਮੈਨੂੰ ਨਾ ਕੋਈ ਖਾ ਸਕਦਾ ਹੈ, ਨਾ ਅੱਗ ਜਲਾ ਸਕਦੀ ਹੈ, ਨਾ ਪਾਣੀ ਡੋਬ ਸਕਦਾ ਹੈ, ਨਾ ਕੋਈ ਸ਼ਸ਼ਤਰ ਕੱਟ ਸਕਦਾ ਹੈ। ਮੇਰਾ ਸਰੂਪ ਇਨ੍ਹਾਂ ਬਿਆਧੀਆਂ ਤੋਂ ਅਪਹੁੰਚ ਹੈ ਤੁਸੀਂ ਫਿਕਰ ਨਾ ਕਰੋ, ਛੇਤੀਂ ਆਪਣੇ ਘਰਾਂ ਨੂੰ ਜਾਓ; ਮੈਂ ਇਸ ਥਾਂ ਹੀ ਬਿਰਾਜਾਂਗਾ। ਰਾਤ ਲੰਘ ਗਈ, ਸਵੇਰ ਹੋ ਆਇਆ ਉਹ

ਪੇਂਡੂ ਫੇਰ ਟੋਲੀਆਂ ਬਣਾ ਕੇ ਉਚੀ-ਉਚੀ ਅਵਾਜ਼ਾਂ ਦਿੰਦੇ, ਆਪਣੇ ਕੰਮਾਂ ਉਤੇ ਜਾ ਰਹੇ ਸਨ। ਉਨ੍ਹਾਂ ਦੇ ਮਨ ਵਿਚ ਬੜੀ ਜਗਿਆਸਾ ਸੀ ਕਿ ਉਸ ਬਾਲ ਯੋਗੀ ਨੂੰ ਦੇਖੀਏ ਜਿਹੜਾ ਰਾਤ ਐਨੇ ਭਿਆਨਕ ਥਾਂ ਤੇ ਰਹਿਣ ਦਾ ਇਰਾਦਾ ਕਰ ਰਿਹਾ ਸੀ। ਹੈਰਾਨ ਹੋ ਗਏ ਜਦੋਂ ਉਨ੍ਹਾਂ ਨੇ ਦੇਖਿਆ ਕਿ ਬਾਲ ਯੋਗੀ ਤਾਂ ਉਸੇ ਤਰ੍ਹਾਂ ਆਸਣ ਜਮਾਏ ਸਮਾਧੀ ਸਥਿਤ ਬੈਠਾ ਹੈ। ਨੇੜੇ ਆ ਕੇ ਕੀ ਦੇਖਦੇ ਹਨ ਕਿ ਕਈ ਸ਼ੇਰਾਂ ਦੀਆਂ ਪੈੜਾਂ ਉਸ ਦੇ ਇਰਦ-ਗਿਰਦ ਨਜ਼ਰ ਆ ਰਹੀਆਂ ਹਨ। ਉਨ੍ਹਾਂ ਨੇ ਅਨੁਮਾਨ ਲਾ ਲਿਆ ਕਿ ਕਈ ਸ਼ੇਰਾਂ ਨੇ ਇਸਨੂੰ ਸੁੰਘਿਆ, ਪਰ ਖਾਧਾ ਕਿਉਂ ਨਹੀਂ? ਅੰਤ ਆਪਣਾ ਸੰਸਾ ਦੂਰ ਕਰਨ ਵਾਸਤੇ ਉਨ੍ਹਾਂ ਨੇ ਬਾਬਾ ਜੀ ਨੂੰ ਪੁਛਿਆ ਕਿ ਸ਼ੇਰਾਂ ਦੀਆਂ ਪੈੜਾਂ ਤੁਹਾਡੇ ਇਰਦ-ਗਿਰਦ ਹਨ ਕਿਉਂਕਿ ਹਰ ਰੋਜ਼ ਪਾਣੀ ਪੀਣ ਆਇਆ ਕਰਦੇ ਹਨ। ਉਨ੍ਹਾਂ ਨੇ ਤੁਹਾਨੂੰ ਕਿਉਂ ਨਹੀਂ ਖਾਧਾ? ਬਾਬਾ ਜੀ ਨੇ ਕਿਹਾ ਕਿ ਪਿਆਰਿਓ! ਇਥੇ ਇਕੋ ਇਕ ਵਾਹਿਗੁਰੂ ਜੀ ਪਰੀਪੂਰਨ ਹਨ, ਸ਼ੇਰਾਂ ਵਿਚ ਵੀ ਓਹੀ ਹਨ ਅਤੇ ਮੇਰੇ ਵਿਚ ਵੀ ਓਹੀ ਹਨ। ਜੋ ਵੀ ਦਿਸਦਾ ਹੈ ਇਹ ਸਭ ਵਾਹਿਗੁਰੂ ਜੀ ਦਾ ਹੀ ਸਰੂਪ ਹੈ। ਤੁਸੀਂ ਦੱਸੋ ਕਿ ਜੇ ਤੁਹਾਨੂੰ ਭੁੱਖ ਲਗੀ ਹੋਵੇ ਤਾਂ ਤੁਸੀਂ ਆਪਣੇ ਹੱਥ ਕੱਟ ਕੇ ਖਾ ਲਵੋਂਗੇ? ਉਨ੍ਹਾਂ ਨੇ ਕਿਹਾ, "ਨਹੀਂ।" ਬਾਬਾ ਜੀ ਨੇ ਕਿਹਾ ਕਿ ਸ਼ੇਰ ਵੀ ਮੇਰਾ ਹੀ ਰੂਪ ਹਨ, ਉਹ ਵੀ ਮੈਂ ਹੀ ਹਾਂ। ਮੈਂ ਆਪਣੇ ਆਪ ਨੂੰ ਕਿਵੇਂ ਖਾ ਲੈਂਦਾ। ਵਾਹਿਗੁਰੂ ਜੀ ਨੇ ਇਨ੍ਹਾਂ ਨੂੰ ਵੀ ਸੋਝੀ ਬਖਸ਼ੀ ਹੋਈ ਹੈ ਕਿ ਉਹ ਪ੍ਰਭੂ ਦੇ ਪਿਆਰ ਵਾਲਿਆਂ ਨੂੰ ਕੁਝ ਨਹੀਂ ਕਹਿੰਦੇ। ਇਹੋ ਜਿਹੀਆਂ ਬਹੁਤ ਬਚਿੱਤਰ ਕਥਾਵਾਂ ਹਨ ਜਿਹੜੀਆਂ ਅਨੇਕ ਗੁਰਮੁਖਾਂ ਨੇ ਆਪਣੇ ਜੀਵਨ ਤੇ ਪਰਤਿਆ ਕੇ ਦੇਖੀਆਂ ਹਨ। ਸੋ ਮੇਰਾ ਲਿਖਣ ਤੋਂ ਭਾਵ ਹੈ ਕਿ ਵਾਹਿਗੁਰੂ ਜੀ ਨੇ ਅਨੇਕ ਕਿਸਮ ਦੀ ਰਚਨਾ ਕੀਤੀ ਤੇ ਅਸੀਂ ਉਨ੍ਹਾਂ ਦੇ ਮਨਾਂ ਦੀ ਹਾਲਤ ਨਹੀਂ ਜਾਣਦੇ, ਉਨ੍ਹਾਂ ਵਿਚ ਕੀ-ਕੀ ਗੁਣ ਹਨ। ਪਸ਼ੂਆਂ ਨੂੰ ਸੋਝੀ ਦਿਤੀ ਹੈ ਕਿ ਉਹ ਐਸੀ ਚੀਜ਼ ਬਿਲਕੁਲ ਨਹੀਂ ਖਾਂਦੇ ਜਿਹੜੀ ਉਨ੍ਹਾਂ ਨੂੰ ਸਰੀਰਕ ਤੌਰ ਤੇ ਰੋਗੀ ਕਰ ਦੇਵੇ। ਆਪਣੇ ਜੀਵਨ ਨਿਯਮਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕਰਦੇ ਹਨ। ਐਸੀਆਂ ਜੂਨਾਂ, ਜਿਨਸਾਂ ਅਨੁਭਵੀ ਮਹਾਂਪੁਰਸ਼ਾਂ ਨੇ 84 ਲੱਖ ਗਿਣੀਆਂ ਹਨ। ਇਨ੍ਹਾਂ ਸਾਰੀਆਂ ਵਿਚੋਂ ਮਾਨਸ ਸਰੀਰ ਨੂੰ ਵਡਿਆਈ ਦਿਤੀ ਹੈ ਕਿ ਇਹ ਸਰੀਰ ਸਭ ਤੋਂ ਉਤਮ ਹੈ ਅਤੇ ਨਾਲ ਹੀ ਸਰਦਾਰੀ ਭੀ ਮਨੁੱਖ ਨੂੰ ਦਿਤੀ ਗਈ ਹੈ। ਉਹ ਦੂਸਰੀਆਂ ਜੂਨਾਂ ਤੋਂ ਕੰਮ ਲੈ ਸਕਦਾ ਹੈ ਪਰ ਉਹ ਜੂਨਾਂ ਆਦਮੀ ਤੋਂ ਕੰਮ ਨਹੀਂ ਲੈ ਸਕਦੀਆਂ ਕਿਉਂਕਿ ਇਹ ਉਨ੍ਹਾਂ ਦਾ ਸਰਦਾਰ ਹੈ।

ਅਵਰ ਜੋਨਿ ਤੇਰੀ ਪਨਿਹਾਰੀ।।
ਇਸੁ ਧਰਤੀ ਮਹਿ ਤੇਰੀ ਸਿਕਦਾਰੀ।।
ਸੁਇਨਾ ਰੂਪਾ ਤੁਝ ਪਹਿ ਦਾਮ।।
ਸੀਲੁ ਬਿਗਾਰਿਓ ਤੇਰਾ ਕਾਮ।। ਪੰਨਾ - 374

ਮਾਨਸ ਜੂਨ ਨੂੰ ਦੇਵੀ ਦੇਵਤੇ ਵੀ ਲੋਚਦੇ ਹਨ ਕਿਉਂਕਿ ਸਾਰੀ ਰਚਨਾ ਵਿਚ ਇਕੋ ਇਕ ਮਾਨਸ ਜਾਤ ਹੀ ਹੈ ਜਿਸ ਵਿਚ ਪ੍ਰਭੂ ਦੀ ਪ੍ਰਾਪਤੀ ਹੋ ਸਕਦੀ ਹੈ। ਦੇਵਤਿਆਂ ਪਾਸ ਅਸੰਖ ਸੁੱਖ ਹਨ, ਅਸੰਖ ਭੋਗ ਹਨ, ਬੇਅੰਤ ਸ਼ਕਤੀ ਹੈ, ਸਰੀਰਕ ਦੁਖ ਕੋਈ ਵੀ ਨਹੀਂ ਹੈ ਪਰ ਉਹ ਪ੍ਰਭੂ ਦੇ ਦਰਸ਼ਨ ਨਹੀਂ ਕਰ ਸਕਦੇ। ਐਸਾ ਗੁਰੂ ਮਹਾਰਾਜ ਜੀ ਦਾ ਫੁਰਮਾਨ ਹੈ -

ਏਕਾ ਮਾਈ ਜੁਗਤਿ ਵਿਆਈ
ਤਿਨਿ ਚੇਲੇ ਪਰਵਾਣੁ।।
ਇਕੁ ਸੰਸਾਰੀ ਇਕੁ ਭੰਡਾਰੀ
ਇਕੁ ਲਾਏ ਦੀਬਾਣੁ।।
ਜਿਵ ਤਿਸੁ ਭਾਵੈ ਤਿਵੈ
ਚਲਾਵੈ ਜਿਵ ਹੋਵੈ ਫੁਰਮਾਣੁ।।
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ।। ਪੰਨਾ - 7

ਉਹ ਪ੍ਰਭੂ ਦੇ ਦਰਸ਼ਨ, ਪੂਰਨ ਮਹਾਂਪੁਰਸ਼ ਜੋ ਵਾਹਿਗੁਰੂ ਜੀ ਨਾਲ ਪੂਰੀ ਤਰ੍ਹਾਂ ਅਭੇਦ ਹੋ ਚੁੱਕੇ ਹਨ, ਜਿਨ੍ਹਾਂ ਨੂੰ ਅਸੀਂ ਬ੍ਰਹਮਗਿਆਨੀ ਆਖਦੇ ਹਾਂ ਉਨ੍ਹਾਂ ਰਾਹੀਂ ਹੀ, ਕਰਨ ਦਾ ਜਤਨ ਕਰਦੇ ਹਨ ਕਿਉਂਕਿ -

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ।।
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।।
ਪੰਨਾ - 273

ਇਹ ਮਾਨਸ ਸਰੀਰ ਵਿਚ ਵਾਹਿਗੁਰੂ ਜੀ ਨੇ ਜਿਥੇ ਆਪਣਾ ਨਿਵਾਸ ਕੀਤਾ ਹੋਇਆ ਹੈ ਉਥੇ ਦਰਸ਼ਨ ਦੇਣ ਲਈ ਬਖਸ਼ਿਸ਼ ਕਰਦਿਆਂ ਦਸਮ ਦੁਆਰ ਨੂੰ ਪੁੱਜਣ ਦਾ ਰਾਹ ਭੀ ਰੱਖਿਆ ਹੋਇਆ ਹੈ, ਜੋ ਮਾਨਸ ਸਰੀਰ ਵਿਚ ਗੁਪਤ ਹੈ। ਪੂਰਨ ਮਹਾਂਪੁਰਸ਼ਾਂ ਦੀ ਸੰਗਤ ਅਤੇ ਪੂਰੇ ਸਤਿਗੁਰੂ ਦੇ ਮਿਲਾਪ ਤੋਂ ਬਿਨਾਂ ਉਸ ਦੀ ਸੋਝੀ ਹੋਣੀ ਅਤਿ ਮੁਸ਼ਕਿਲ ਹੈ; ਪਹੁੰਚਿਆ ਨਹੀਂ ਜਾ ਸਕਦਾ। ਫੁਰਮਾਨ ਹੈ -

ਨਉ ਦਰਵਾਜੇ ਕਾਇਆ ਕੋਟੁ ਹੈ
ਦਸਵੈ ਗੁਪਤੁ ਰਖੀਜੈ।।
ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ।।
ਅਨਹਦ ਵਾਜੇ ਧੁਨਿ ਵਜਦੇ
ਗੁਰ ਸਬਦਿ ਸੁਣੀਜੈ।।
ਤਿਤੁ ਘਟ ਅੰਤਰਿ ਚਾਨਣਾ
ਕਰਿ ਭਗਤਿ ਮਿਲੀਜੈ।।
ਸਭ ਮਹਿ ਏਕੁ ਵਰਤਦਾ
ਜਿਨਿ ਆਪੇ ਰਚਨ ਰਚਾਈ।। ਪੰਨਾ - 954
ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ।।
ਪੰਨਾ - 947

ਇਕ ਹੋਰ ਥਾਂ ਗੁਰੂ ਮਹਾਰਾਜ ਸਪਸ਼ਟ ਕਰਦੇ ਹਨ -

ਕਾਇਆ ਨਗਰੁ ਨਗਰ ਗੜ ਅੰਦਰਿ।।
ਸਾਚਾ ਵਾਸਾ ਪੁਰਿ ਗਗਨੰਦਰਿ।।
ਅਸਥਿਰੁ ਥਾਨੁ ਸਦਾ ਨਿਰਮਾਇਲੁ
ਆਪੇ ਆਪੁ ਉਪਾਇਦਾ।।
ਅੰਦਰਿ ਕੋਟ ਛਜੇ ਹਟਨਾਲੇ।।
ਆਪੇ ਲੇਵੈ ਵਸਤੁ ਸਮਾਲੇ।
ਬਜਰ ਕਪਾਟ ਜੜੇ ਜੜਿ ਜਾਣੈ
ਗੁਰ ਸਬਦੀ ਖੋਲਾਇਦਾ।।

ਭੀਤਰਿ ਕੋਟ ਗੁਫਾ ਘਰ ਜਾਈ।।
ਨਉ ਘਰ ਥਾਪੇ ਹੁਕਮਿ ਰਜਾਈ।।
ਦਸਵੈ ਪੁਰਖੁ ਅਲੇਖੁ ਅਪਾਰੀ
ਆਪੇ ਅਲਖੁ ਲਖਾਇਦਾ।। ਪੰਨਾ - 1033

ਆਦਮੀ ਦਾ ਜੋ ਪ੍ਰਮ ਮਨੋਰਥ ਹੈ ਕੇਵਲ ਪ੍ਰਭੂ ਪ੍ਰਾਪਤੀ ਹੈ। ਹੋਰ ਮਾਇਕ ਕੰਮਾਂ ਨੂੰ ਗੁਰੂ ਮਹਾਰਾਜ ਜੀ ਨੇ ਕੋਈ ਵੀ ਮਹੱਤਤਾ ਨਹੀਂ ਦਿਤੀ ਅਤੇ ਇਨ੍ਹਾਂ ਦੁਨਿਆਵੀ ਕੰਮਾਂ ਨੂੰ ਆਪ ਫਜ਼ੂਲ (worthless) ਆਖਦੇ ਹਨ।

ਭਈ ਪਰਾਪਤਿ ਮਾਨੁਖ ਦੇਹੁਰੀਆ।।
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ।।
ਅਵਰਿ ਕਾਜ ਤੇਰੈ ਕਿਤੈ ਨ ਕਾਮ।।
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ।।
ਪੰਨਾ - 12

ਸੋਝੀ ਵਾਲਿਆਂ ਨੂੰ ਸਾਧੂ ਦੀ ਸੰਗਤ ਪ੍ਰਾਪਤ ਹੋ ਜਾਂਦੀ ਹੈ ਜਿਨ੍ਹਾਂ ਨੂੰ ਮਿਲ ਕੇ ਉਹ ਪ੍ਰਭੂ ਦੀ ਖੋਜ ਵਿਚ ਲਗ ਜਾਂਦੇ ਹਨ ਅਤੇ ਲਗਨ ਲਗ ਜਾਂਦੀ ਹੈ ਕਿ ਇਸੇ ਜਨਮ ਵਿਚ ਮੈਂ ਪ੍ਰਭੂ ਦੇ ਦਰ ਤਕ ਪਹੁੰਚ ਜਾਵਾਂ। ਐਸਾ ਨਾ ਹੋਵੇ ਕਿ ਮੇਰਾ ਸਰੀਰ ਛੁਟ ਜਾਵੇ ਅਤੇ ਮੈਂ ਆਪਣੇ ਮਨੋਰਥ ਨੂੰ ਪ੍ਰਾਪਤ ਨਾ ਕਰ ਸਕਾਂ। ਸਾਧੂ ਦੀ ਸੰਗਤ ਕਰਦਾ ਹੈ, ਉਸੇ ਥਾਂ ਤੇ ਲਗਨ ਲਗਦੀ ਹੈ ਪ੍ਰਭੂ ਦੇ ਮਿਲਾਪ ਦੀ ਲੋਚਾ ਅੰਦਰ ਜਾਗਦੀ ਹੈ। ਮਹਾਰਾਜ ਜੀ ਫੁਰਮਾਨ ਕਰਦੇ ਹਨ ਕਿ ਜਿਸ ਪ੍ਰੇਮੀ ਦੇ ਅੰਦਰ ਦਰਸ਼ਨਾਂ ਦੀ ਅਭਿਲਾਸ਼ਾ ਜਾਗ ਪਵੇ, ਅਸੀਂ ਉਸ ਦੇ ਬਲਿਹਾਰ ਜਾਂਦੇ ਹਾਂ -

ਜਿਸੁ ਜਨ ਕਉ ਪ੍ਰਭ ਦਰਸ ਪਿਆਸਾ।।
ਨਾਨਕ ਤਾ ਕੈ ਬਲਿ ਬਲਿ ਜਾਸਾ।।
ਪੰਨਾ - 266

ਸੰਤਾਂ ਦੀ ਸੰਗਤ ਕਰਦਿਆਂ ਕਰਦਿਆਂ ਵੈਰਾਗ ਹੋ ਜਾਇਆ ਕਰਦਾ ਹੈ, ਦੁਨਿਆਵੀ ਪਦਾਰਥਾਂ ਨਾਲ ਪਕੜ ਘਟਦੀ ਚਲੀ ਜਾਂਦੀ ਹੈ। ਪਰਿਵਾਰ ਦਾ ਮੋਹ ਜੋ ਜਨਮਾਂ ਜਨਮਾਂਤਰਾਂ ਵਿਚ ਘੁਮੇਟਣੀਆਂ ਦੇਣ ਨੂੰ ਸਮਰੱਥ ਹੈ, ਘਟਦਾ ਜਾਂਦਾ ਹੈ; ਅੰਦਰ ਬਿਰਹਾ ਜਾਗ ਪੈਂਦਾ ਹੈ। ਉਸ ਵੇਲੇ ਵੈਰਾਗ ਵਿਚ ਪ੍ਰਭੂ ਅੱਗੇ ਤਰਲੇ ਭਰੀਆਂ ਬੇਨਤੀਆਂ ਕਰਦਾ ਹੈ -

ਤੂ ਚਉ ਸਜਣ ਮੈਡਿਆ
ਡੇਈ ਸਿਸੁ ਉਤਾਰਿ।।
ਨੈਣ ਮਹਿੰਜੇ ਤਰਸਦੇ ਕਦਿ ਪਸੀ ਦੀਦਾਰੁ।।
ਪੰਨਾ - 1094

ਜਿਉਂ-ਜਿਉਂ ਖਿੱਚ ਵਧਦੀ ਹੈ ਨੇਤਰਾਂ ਵਿਚ ਹੰਝੂ ਵਗ ਤੁਰਦੇ ਹਨ। ਗੁਰੂ ਮਹਾਰਾਜ ਜੀ ਇਸ ਭਾਵ ਨੂੰ ਪ੍ਰਗਟ ਕਰਦੇ ਫੁਰਮਾਨ ਕਰਦੇ ਹਨ -

ਸਤਿਗੁਰੁ ਦਇਆ ਕਰੇ ਪ੍ਰਭੁ ਮੇਲੇ
ਮੈ ਤਿਸੁ ਆਗੈ ਸਿਰੁ ਕਟਿ ਕਟਿ ਪਈਆ।।
ਪੰਨਾ - 836

ਵੱਡੀ ਤੋਂ ਵੱਡੀ ਕੁਰਬਾਨੀ ਦੇਣ ਨੂੰ ਤਤਪਰ ਰਹਿੰਦਾ ਹੈ ਕਿਉਂਕਿ ਪ੍ਰੇਮ ਦੀ ਖਿੱਚ ਅੰਦਰ ਜਾਗ ਪਈ ਹੈ -

ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।
ਚਕਵੀ ਸੂਰਜ ਹੇਤ ਹੈ ਮਿਲ ਹੋਣ ਸੁਖਾਲੇ।
ਨੇਹੁੰ ਕਵਲ ਜਲ ਜਾਣੀਐ ਖਿੜ ਮੂੰਹ ਵਖਾਲੇ।
ਮੋਰ ਬਬੀਹੇ ਬੋਲਦੇ ਦੇਖ ਬੱਦਲ ਕਾਲੇ।
ਨਾਰਿ ਭਤਾਰ ਪਿਆਰ ਹੈ ਮਾਂ ਪੁੱਤ ਸਮ੍ਹਾਲੇ।
ਪੀਰ ਮੁਰੀਦਾਂ ਪਿਰਹੜੀ ਓਹ ਨਿਬਹੈ ਨਾਲੇ।।
ਭਾਈ ਗੁਰਦਾਸ ਜੀ, ਵਾਰ - 27/4

ਅੰਦਰ ਬਿਰਹੁ ਦੀ ਪੀੜਾ ਉਠਦੀ ਹੈ -

ਰੋਮਿ ਰੋਮਿ ਮਨਿ ਤਨਿ ਇਕ ਬੇਦਨ
ਮੈ ਪ੍ਰਭ ਦੇਖੇ ਬਿਨੁ ਨੀਦ ਨ ਪਈਆ।।
ਬੈਦਕ ਨਾਟਿਕ ਦੇਖਿ ਭੁਲਾਨੇ
ਮੈ ਹਿਰਦੈ ਮਨਿ ਤਨਿ ਪ੍ਰੇਮ ਪੀਰ ਲਗਈਆ।।
ਹਉ ਖਿਨੁ ਪਲੁ ਰਹਿ ਨ ਸਕਉ ਬਿਨੁ ਪ੍ਰੀਤਮ
ਜਿਉ ਬਿਨੁ ਅਮਲੈ ਅਮਲੀ ਮਰਿ ਗਈਆ।।
ਜਿਨ ਕਉ ਪਿਆਸ ਹੋਇ ਪ੍ਰਭ ਕੇਰੀ
ਤਿਨ ਅਵਰੁ ਨ ਭਾਵੈ
ਬਿਨੁ ਹਰਿ ਕੋ ਦੁਈਆ।। ਪੰਨਾ - 836

ਇਸ ਬਿਰਹੁ ਦੀ ਅਵਸਥਾ ਵਿਚ ਕੇਵਲ ਸਤਿਗੁਰੂ ਜੀ ਹੀ ਸਹਾਇਤਾ ਕਰ ਸਕਦੇ ਹਨ।

ਕੋਈ ਆਨਿ ਆਨਿ ਮੇਰਾ ਪ੍ਰਭੂ ਮਿਲਾਵੈ
ਹਉ ਤਿਸੁ ਵਿਟਹੁ ਬਲਿ ਬਲਿ ਘੁਮਿ ਗਈਆ।।
ਅਨੇਕ ਜਨਮ ਕੇ ਵਿਛੁੜੇ ਜਨ ਮੇਲੇ
ਜਾ ਸਤਿ ਸਤਿ ਸਤਿਗੁਰ ਸਰਣਿ ਪਵਈਆ।।
ਪੰਨਾ - 836

ਪਰ ਆਵਾਜ਼ ਆਉਂਦੀ ਹੈ ਕਿ ਪਿਆਰਿਆ! ਕਿਉਂ ਕਿਸੇ ਨੂੰ ਦੋਸ਼ ਦਿੰਦਾ ਹੈਂ, ਵਿਛੋੜਾ ਤੇਰੇ ਕਰਮਾਂ ਨੇ ਹੀ ਪਾਇਆ ਹੋਇਆ ਹੈ। ਤੂੰ ਅਰਦਾਸ ਕਰਦਾ ਰਹਿ, ਦਇਆਲ ਹੋਵੇਗਾ ਉਹ ਤੈਨੂੰ ਜ਼ਰੂਰ ਮੇਲ ਲਵੇਗਾ।

ਕਿਰਤਿ ਕਰਮ ਕੇ ਵੀਛੁੜੇ
ਕਰਿ ਕਿਰਪਾ ਮੇਲਹੁ ਰਾਮ।। ਪੰਨਾ - 133

ਮਹਾਂਪੁਰਸ਼ ਫੁਰਮਾਨ ਕਰਦੇ ਹਨ ਕਿ ਪਿਆਰਿਆ! ਤੇਰੇ ਕਰਮਾਂ ਨੇ ਹੀ ਵਿਛੋੜਾ ਪਾਇਆ ਹੋਇਆ ਹੈ, ਵਾਹਿਗੁਰੂ ਜੀ ਤਾਂ ਤੇਰੇ ਨਾਲ ਰਹਿੰਦੇ ਹਨ, ਤੇਰੇ ਅੰਦਰ ਵਸਦੇ ਹਨ ਪਰ ਤੂੰ ਆਪਣੀ ਹੋਂਦ ਦੀ ਕੰਧ ਬਣਾ ਕੇ ਆਪਣੇ ਆਪ ਨੂੰ ਵਖ ਕਰ ਲਿਆ ਹੈ ਅਤੇ ਮਾਇਆ ਦੀ ਨੀਂਦ ਵਿਚ ਸੌਂ ਕੇ ਸੁਪਨੇ ਲੈ ਰਿਹਾ ਹੈਂ।

ਏਕਾ ਸੇਜ ਵਿਛੀ ਧਨ ਕੰਤਾ।।
ਧਨ ਸੂਤੀ ਪਿਰੁ ਸਦ ਜਾਗੰਤਾ।।
ਪੀਓ ਮਦਰੋ ਧਨ ਮਤਵੰਤਾ।।
ਧਨ ਜਾਗੈ ਜੇ ਪਿਰੁ ਬੋਲੰਤਾ।। ਪੰਨਾ - 737

ਠੀਕ ਹੈ ਤੇਰੀ ਉਡੀਕ ਤੋਂ ਕੁਰਬਾਨ ਹਾਂ ਪਰ ਜਦੋਂ ਤਕ ਤੂੰ ਸਮਰੱਥ ਸਤਿਗੁਰੂ ਦੀ ਸ਼ਰਨ ਵਿਚ ਨਹੀਂ ਜਾਂਦਾ ਅਤੇ

ਉਨ੍ਹਾਂ ਤੋਂ ਮੰਤ੍ਰ ਪ੍ਰਾਪਤ ਕਰਕੇ ਘਾਲ ਕਮਾਈ ਨਹੀਂ ਕਰਦਾ, ਆਪਣੇ ਗੁਰੂ ਨੂੰ ਪ੍ਰਸੰਨ ਨਹੀਂ ਕਰ ਲੈਂਦਾ; ਇਹ ਕੰਧ ਨਹੀਂ ਟੁਟਣੀ ਭਾਵੇਂ ਤੂੰ ਪ੍ਰਮੇਸ਼ਰ ਦੇ ਬਿਲਕੁਲ ਨਾਲ ਹੀ ਰਹਿੰਦਾ ਹੈਂ ਪਰ ਇਕ ਪਤਲਾ ਪਰਦਾ ਵਿਚਾਲੇ ਹੋਣ ਕਰਕੇ ਤੂੰ ਮਿਲ ਨਹੀਂ ਸਕਦਾ-

ਧਨ ਪਿਰ ਕਾ ਇਕ ਹੀ ਸੰਗਿ ਵਾਸਾ
ਵਿਚਿ ਹਉਮੈ ਭੀਤਿ ਕਰਾਰੀ॥
ਗੁਰਿ ਪੂਰੈ ਹਉਮੈ ਭੀਤਿ ਤੋਰੀ
ਜਨ ਨਾਨਕ ਮਿਲੇ ਬਨਵਾਰੀ॥ ਪੰਨਾ- 1263

ਹਉ ਹਉ ਭੀਤਿ ਭਇਓ ਹੈ ਬੀਚੋ
ਸੁਨਤ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਾਰਦੋ
ਬਿਨੁ ਪੇਖੇ ਦੂਰਾਇਓ॥ ਪੰਨਾ - 624

ਸੋ ਇਸ ਤਰ੍ਹਾਂ ਦੇ ਨਾਲ ਕਿਸੇ ਗੁਰਮੁਖ ਨੂੰ ਸੋਝੀ ਆ ਜਾਂਦੀ ਹੈ। ਪਰ ਬਹੁਤ ਸਾਰੇ ਘੋਰ ਤਪ ਕਰਦੇ ਹਨ, ਸਰੀਰ ਸੁੱਕ ਜਾਂਦੇ ਹਨ। ਦਸਦੇ ਹਨ ਕਿ ਬਾਬਾ ਫਰੀਦ ਜੀ ਨੇ ਘੋਰ ਤਪ ਕੀਤਾ, ਸਰੀਰ ਸੁੱਕ ਗਿਆ ਪਰ ਅਜੇ ਤਕ ਆਪਣੇ ਪ੍ਰੀਤਮ ਦੀ ਨਾ ਹੀ ਕੋਈ ਖਬਰ ਸੁਣੀ ਅਤੇ ਨਾ ਹੀ ਉਸ ਦਾ ਮਿਲਾਪ ਹੋਇਆ, ਬੇਬਸ ਹੋਏ ਹੋਏ ਫਰੀਦ ਜੀ ਆਪਣੇ ਭਾਵ ਇਸ ਤਰ੍ਹਾਂ ਪ੍ਰਗਟ ਕਰਦੇ ਹਨ -

ਫਰੀਦਾ ਤਨੁ ਸੁਕਾ ਪਿੰਜਰੁ ਥੀਆ
ਤਲੀਆਂ ਖੂੰਡਹਿ ਕਾਗ॥
ਅਜੈ ਸੁ ਰਬੁ ਨ ਬਾਹੁੜਿਓ
ਦੇਖੁ ਬੰਦੇ ਕੇ ਭਾਗ॥ ਪੰਨਾ - 1382

ਸਰੀਰ ਹੋਰ ਸੁੱਕ ਗਿਆ, ਕਾਂਵਾਂ ਨੇ ਉਸਨੂੰ ਮੁਰਦਾ ਜਾਣ ਕੇ ਤਲੀਆਂ ਦੇ ਵਿਚੋਂ ਮਾਸ ਕੱਢਣਾ ਸ਼ੁਰੂ ਕਰ ਦਿਤਾ ਪਰ ਬਾਬਾ ਜੀ ਨੂੰ ਅਜੇ ਵੀ ਆਸ ਹੈ ਕਿ ਮੇਰਾ ਪ੍ਰਭੂ! ਮੇਰੇ ਦੁਖਾਂ ਨੂੰ ਅਨੁਭਵ ਕਰਕੇ, ਮੇਰੀ ਅਸਹਿ ਪੀੜਾ ਨੂੰ ਜਾਣ ਕੇ ਮੈਨੂੰ ਜ਼ਰੂਰ ਮੇਲ ਲਵੇਗਾ। ਫੁਰਮਾਨ ਕਰਦੇ ਹਨ -

ਕਾਗਾ ਕਰੰਗ ਢਢੋਲਿਆ
ਸਗਲਾ ਖਾਇਆ ਮਾਸੁ॥
ਏ ਦੁਇ ਨੈਨਾ ਮਤਿ ਛੁਹਉ
ਪਿਰ ਦੇਖਨ ਕੀ ਆਸ॥ ਪੰਨਾ - 1382

ਆਵਾਜ਼ ਆਈ -

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ
ਵਣਿ ਕੰਡਾ ਮੋੜੇਹਿ॥
ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ॥
ਪੰਨਾ - 1378

ਜਾਹ, ਕਿਸੇ ਮੁਰਸ਼ਦੇ ਕਾਮਲ ਦੀ ਸ਼ਰਨ ਵਿਚ, ਜਿਹੜਾ ਆਪ ਮਿਲਿਆ ਹੋਇਆ ਹੈ, ਉਹ ਤੈਨੂੰ ਭੇਤ ਦੇ ਦੇਵੇਗਾ ਕਿ ਵਾਹਿਗੁਰੂ ਜੀ ਤਾਂ ਅੰਗ ਸੰਗ ਸਦਾ ਹੀ ਦਿਆਲਤਾ ਨਾਲ ਤੇਰਾ ਇੰਤਜ਼ਾਰ ਕਰ ਰਹੇ ਹਨ ਪਰ ਮੁਰਸ਼ਦੇ ਕਾਮਲ ਤੋਂ ਬਿਨਾਂ ਤੂੰ ਪਹੁੰਚ ਨਹੀਂ ਸਕਣਾ। ਉਸ ਦੇ ਅੰਦਰ ਪ੍ਰਭੂ ਨੂੰ ਮੇਲਣ ਦੀ ਸਮਰਥਾ ਹੋਇਆ ਕਰਦੀ ਹੈ -

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ
ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ
ਬਿਨੁ ਸਤਿਗੁਰ ਸਰਣਾਈ॥ ਪੰਨਾ - 205

ਤੇਰੇ ਉਤੇ ਗੁਰੂ ਤਰੁਠੇਗਾ, ਮੁਰਸ਼ਦ ਦੀ ਖੁਸ਼ੀ ਹਾਸਲ ਹੋਵੇਗੀ, ਉਹ ਇਸ ਸਰੀਰ ਵਿਚੋਂ ਤੈਨੂੰ ਉਹ ਘਰ ਦਿਖਾ ਦੇਵੇਗਾ ਜਿਥੇ ਵਿਸਮਾਦ ਹੀ ਵਿਸਮਾਦ ਹੈ, ਮਹਾਨ ਅਨੰਦ ਹੀ ਅਨੰਦ ਹੈ, ਜਿਸ ਥਾਂ ਦੇ ਉਤੇ ਤਾਰ ਘੋਰ ਸਦਾ ਹੀ ਆਪਣੀਆਂ ਧੁਨੀਆਂ ਵਿਚ ਮਸਤ ਰਖਦੇ ਹਨ, ਉਹ ਤੈਨੂੰ ਵਾਦੀ-ਏ-ਹੈਰਾਨ (ਵਿਸਮਾਦ) ਦੀ ਝਾਤੀ ਦਿਵਾ ਦੇਵੇਗਾ। ਜਾਹ, ਮੁਰਸ਼ਦੇ ਕਾਮਲ ਨੂੰ ਢੂੰਡ।

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ
ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ
ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ॥
ਸੁਖਮਨ ਕੈ ਘਰਿ ਰਾਗੁ ਸੁਨਿ
ਸੁੰਨਿ ਮੰਡਲਿ ਲਿਵ ਲਾਇ॥
ਅਕਥ ਕਥਾ ਬੀਚਾਰੀਐ
ਮਨਸਾ ਮਨਹਿ ਸਮਾਇ॥
ਉਲਟਿ ਕਮਲੁ ਅੰਮ੍ਰਿਤਿ ਭਰਿਆ
ਇਹੁ ਮਨੁ ਕਤਹੁ ਨ ਜਾਇ॥
ਅਜਪਾ ਜਾਪੁ ਨ ਵੀਸਰੈ
ਆਦਿ ਜੁਗਾਦਿ ਸਮਾਇ॥ ਪੰਨਾ - 1291

ਸੋ ਗੁਰਮੁਖ ਦੀ ਮਦਦ ਨਾਲ ਇਸ ਘਰ ਦਾ ਵਾਸਾ ਮਿਲ ਜਾਵੇਗਾ। ਤੂੰ ਪ੍ਰਵਾਨ ਹੋ ਜਾਵੇਂਗਾ। ਪੰਚ ਪਰਵਾਨ ਅਤੇ ਪੰਚ ਪਰਧਾਨ ਵਿਚ ਤੇਰੀ ਸ਼ਮੂਲੀਅਤ ਹੋ ਜਾਵੇਗੀ, ਤੂੰ ਭਾਗਸ਼ਾਲੀ ਹੋ ਜਾਵੇਂਗਾ ਪਰ ਸ਼ਬਦ ਦੀ ਖੋਜ ਤੋਂ ਬਿਨਾਂ ਆਪਣੇ ਇਸ ਘਰ ਦੀ ਪ੍ਰਾਪਤੀ ਨਹੀਂ ਹੋ ਸਕਦੀ।

ਸਭਿ ਸਖੀਆ ਪੰਚੇ ਮਿਲੇ
ਗੁਰਮੁਖਿ ਨਿਜ ਘਰਿ ਵਾਸੁ॥
ਸਬਦੁ ਖੋਜਿ ਇਹੁ ਘਰੁ ਲਹੈ
ਨਾਨਕੁ ਤਾ ਕਾ ਦਾਸੁ॥ ਪੰਨਾ - 1291

ਹੁਣ ਇਹ ਭਟਕਦਾ ਜਗਿਆਸੂ, ਪ੍ਰਭੂ ਦੇ ਦਰ ਉਤੇ ਪ੍ਰਵਾਨ ਹੋ ਗਿਆ ਅਤੇ ਪਿਆਰੇ ਦਾ ਸੰਗ ਪ੍ਰਾਪਤ ਹੋ ਗਿਆ, ਹੁਣ ਇਨ੍ਹਾਂ ਦੀ ਮਹਿਮਾ ਕੌਣ ਕਰ ਸਕੇ।

ਸਾਧ ਕੀ ਮਹਿਮਾ ਬੇਦ ਨ ਜਾਨਹਿ॥
ਜੇਤਾ ਸੁਨਹਿ ਤੇਤਾ ਬਖਿਆਨਹਿ॥
ਸਾਧ ਕੀ ਉਪਮਾ ਤਿਹੁ ਗੁਣ ਤੇ ਦੂਰਿ॥
ਸਾਧ ਕੀ ਉਪਮਾ ਰਹੀ ਭਰਪੂਰਿ॥
ਸਾਧ ਕੀ ਸੋਭਾ ਕਾ ਨਾਹੀ ਅੰਤ॥

ਸਾਧ ਕੀ ਸੋਭਾ ਸਦਾ ਬੇਅੰਤ॥
ਸਾਧ ਕੀ ਸੋਭਾ ਊਚ ਤੇ ਊਚੀ॥
ਸਾਧ ਕੀ ਸੋਭਾ ਮੂਚ ਤੇ ਮੂਚੀ॥
ਸਾਧ ਕੀ ਸੋਭਾ ਸਾਧ ਬਨਿ ਆਈ॥
ਨਾਨਕ ਸਾਧ ਪ੍ਰਭ ਭੇਦੁ ਨ ਭਾਈ॥ ਪੰਨਾ - 272

ਗੁਰੂ ਮਹਾਰਾਜ ਜੀ ਇਸ ਅਵਸਥਾ ਨੂੰ ਮੰਘਰ ਦੇ ਮਹੀਨੇ ਰਾਹੀਂ ਪ੍ਰਗਟ ਕਰਦੇ ਹੋਏ ਫੁਰਮਾਨ ਕਰਦੇ ਹਨ –

ਮੰਘਿਰਿ ਮਾਹਿ ਸੋਹੰਦੀਆ
ਹਰਿ ਪਿਰ ਸੰਗਿ ਬੈਠੜੀਆਹ॥
ਤਿਨ ਕੀ ਸੋਭਾ ਕਿਆ ਗਣੀ
ਜਿ ਸਾਹਿਬਿ ਮੇਲੜੀਆਹ॥ ਪੰਨਾ - 135

ਰਾਮ ਅੰਦਰੋਂ ਹੀ ਪ੍ਰਗਟ ਹੋ ਗਿਆ, 'ਮੈਂ' ਦਾ ਪੂਰੀ ਤਰ੍ਹਾਂ ਨਾਲ ਨਾਸ਼ ਹੋ ਗਿਆ, ਹੁਣ 'ਮੈਂ'–'ਮੈਂ' ਨਾ ਰਹੀ, 'ਮੈਂ' 'ਤੂੰ' ਬਣ ਗਈ, 'ਤੂੰ' ਮੈਂ ਬਣ ਗਈ; ਮਹਾਨ ਅਨੰਦ ਦੀ ਪ੍ਰਾਪਤੀ ਹੋ ਗਈ। ਹੁਣ ਪ੍ਰਵਾਨ ਹੋਈਆਂ ਸਹੇਲੀਆਂ ਦਾ ਸੰਗ ਮਿਲ ਗਿਆ।

ਤਨੁ ਮਨੁ ਮਉਲਿਆ ਰਾਮ ਸਿਉ
ਸੰਗਿ ਸਾਧ ਸਹੇਲੜੀਆਹ॥
ਸਾਧ ਜਨਾ ਤੇ ਬਾਹਰੀ
ਸੇ ਰਹਨਿ ਇਕੇਲੜੀਆਹ॥ ਪੰਨਾ - 135

ਇਸ ਮਿਲਾਪ ਤੋਂ ਵਿਹੂਣੇ ਜੀਵ, ਸੰਤਾਂ ਦੀ ਸੰਗਤ ਤੋਂ ਹੀਣੇ ਇਕੱਲੇ ਭਟਕ ਰਹੇ ਹਨ। ਮਾਇਆ ਦੇ ਦੁਖਾਂ ਸੁਖਾਂ ਦੇ ਥਪੇੜ ਖਾਂਦੇ ਹੋਏ ਬੇਹੋਸ਼ੀ ਦੀ ਹੱਦ ਤਕ ਪਹੁੰਚੇ ਹੋਏ ਹਨ ਅਤੇ ਜਮਾਂ ਦੇ ਵਸ ਪੈਂਦੇ ਹਨ, ਨਰਕਾਂ ਦੇ ਦੁਖ ਭੋਗਦੇ ਹਨ ਕਿਉਂਕਿ ਉਨ੍ਹਾਂ ਨੇ ਗੁਰੂ ਦੀ ਸੱਚ ਦੀ ਅਵਾਜ਼ ਨੂੰ ਸ੍ਰਵਣ ਨਾ ਕੀਤਾ।

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥
ਭਜਹੁ ਗੋੁਬਿੰਦ ਭੂਲਿ ਮਤ ਜਾਹੁ॥
ਮਾਨਸ ਜਨਮ ਕਾ ਏਹੀ ਲਾਹੁ॥
ਜਬ ਲਗੁ ਜਰਾ ਰੋਗੁ ਨਹੀ ਆਇਆ॥
ਜਬ ਲਗੁ ਕਾਲਿ ਗ੍ਰਸੀ ਨਹੀ ਕਾਇਆ॥
ਜਬ ਲਗੁ ਬਿਕਲ ਭਈ ਨਹੀ ਬਾਨੀ॥
ਭਜਿ ਲੇਹਿ ਰੇ ਮਨ ਸਾਰਿਗਪਾਨੀ॥
ਅਬ ਨ ਭਜਸਿ ਭਜਸਿ ਕਬ ਭਾਈ॥
ਆਵੈ ਅੰਤੁ ਨ ਭਜਿਆ ਜਾਈ॥
ਜੋ ਕਿਛੁ ਕਰਹਿ ਸੋਈ ਅਬ ਸਾਰੁ॥
ਫਿਰਿ ਪਛੁਤਾਹੁ ਨ ਪਾਵਹੁ ਪਾਰੁ॥
ਪੰਨਾ - 1159

ਸੋ ਇਸ ਤਰ੍ਹਾਂ ਨਾਲ ਸਾਧੂਆਂ ਦੀ ਸੰਗਤ ਤੋਂ ਵਿਹੂਣਾ ਹੋ ਕੇ ਮਾਇਆ ਦੇ ਮੰਡਲ ਵਿਚ ਕੋਈ ਵੀ ਮਿਤ੍ਰ ਨਾ ਬਣ ਸਕਿਆ ਕਿਉਂਕਿ ਉਹ ਗਰਜਾਂ ਦੀ ਦੁਨੀਆਂ ਹੈ। ਆਪਣੇ ਸੁਖਾਂ ਨੂੰ ਮੁੱਖ ਰੱਖਣ ਵਾਲੀ ਦੁਨੀਆਂ ਹੈ, ਸੁਖਾਂ ਵਿਚ ਸਾਰੇ ਸੰਗੀ ਬਣਦੇ ਹਨ ਪਰ ਦੁਖਾਂ ਵਿਚ ਕੋਈ ਨਹੀਂ ਬਣਦਾ। ਇਸਨੂੰ ਧਿਆਨ ਨਾ ਆਇਆ ਕਿ ਸਾਧੂ ਸੱਚੇ ਮਿਤਰ ਹੁੰਦੇ ਹਨ ਜਿਹੜੇ ਇਥੇ ਵੀ ਸਹਾਇਤਾ ਕਰਦੇ ਹਨ ਤੇ ਦਰਗਾਹ ਵਿਚ ਉਨ੍ਹਾਂ ਦਾ ਹੱਥ ਪਹੁੰਚਦਾ ਹੈ –

ਮਨਮੁਖ ਅਗੈ ਲੇਖਾ ਮੰਗੀਐ
ਬਹੁਤੀ ਹੋਵੈ ਮਾਰ॥
ਗੁਰਮੁਖਿ ਪਤਿ ਸਿਉ ਲੇਖਾ
ਨਿਬੜੈ ਬਖਸੇ ਸਿਫਤਿ ਭੰਡਾਰ॥
ਓਥੈ ਹਥੁ ਨ ਅਪੜੈ
ਕੂਕ ਨ ਸੁਣੀਐ ਪੁਕਾਰ॥
ਓਥੇ ਸਤਿਗੁਰੁ ਬੇਲੀ ਹੋਵੈ
ਕਢਿ ਲਏ ਅੰਤੀਵਾਰ॥ ਪੰਨਾ - 1281

ਪੂਰੇ ਸਤਿਗੁਰੂ ਦਾ ਮਿਲਾਪ ਨਾ ਹੋਣ ਕਰਕੇ ਮਾਇਆ ਮੰਡਲ ਦੇ ਭਿਆਨਕ ਜੰਗਲ ਵਿਚ ਜੀਵ ਇਕੱਲਾ ਭਟਕ ਰਿਹਾ ਹੈ ਅਤੇ ਜਨਮ ਮਰਨ ਦੇ ਚੱਕਰ ਵਿਚ ਘੁਮੇਟਣੀਆਂ ਖਾ ਰਿਹਾ ਹੈ।

ਸਾਧ ਜਨਾ ਤੇ ਬਾਹਰੀ
ਸੇ ਰਹਨਿ ਇਕੇਲੜੀਆਹ॥
ਤਿਨ ਦੁਖੁ ਨ ਕਬਹੂ ਉਤਰੈ
ਸੇ ਜਮ ਕੈ ਵਸਿ ਪੜੀਆਹ॥ ਪੰਨਾ - 135

ਬਾਬਾ ਫਰੀਦ ਜੀ ਮੁਰਸ਼ਦੇ ਕਾਮਲ ਦੀ ਸ਼ਰਨ ਵਿਚ ਜਾ ਕੇ ਆਪਣਾ ਸਰਬੰਸ ਮੁਰਸ਼ਦ ਦੇ ਚਰਨਾਂ ਵਿਚ ਭੇਟ ਕਰਕੇ, ਗਾਖੜੀ ਸੇਵਾ ਕਰ ਰਹੇ ਹਨ। ਅੰਤ ਮੁਰਸ਼ਦ ਨੂੰ ਪ੍ਰਸੰਨ ਕਰ ਲਿਆ, ਉਸਨੇ ਪ੍ਰਭੂ ਦੇ ਦੁਆਰੇ ਦੀ ਚਾਬੀ ਲਾ ਕੇ ਬਜਰ ਕਪਾਟ ਖੋਲ੍ਹ ਦਿਤੇ। ਪ੍ਰਭੂ ਦੇ ਦਰ ਤੇ ਪ੍ਰਵਾਨ ਹੋ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਦਰ ਯੋਗ ਅਸਥਾਨ ਪ੍ਰਾਪਤ ਕਰਕੇ ਮਹਾਨ ਸੋਭਾ ਦਾ ਪਾਤਰ ਬਣਿਆ।

ਜਿਨਿ ਰਾਵਿਆ ਪ੍ਰਭੁ ਆਪਣਾ
ਸੇ ਦਿਸਨਿ ਨਿਤ ਖੜੀਆਹ॥
ਰਤਨ ਜਵੇਹਰ ਲਾਲ
ਹਰਿ ਕੰਠਿ ਤਿਨਾ ਜੜੀਆਹ॥
ਨਾਨਕ ਬਾਂਛੈ ਧੂੜਿ ਤਿਨ
ਪ੍ਰਭ ਸਰਣੀ ਦਰਿ ਪੜੀਆਹ॥
ਮੰਘਿਰਿ ਪ੍ਰਭੁ ਆਰਾਧਣਾ
ਬਹੁੜਿ ਨ ਜਨਮੜੀਆਹ॥ ਪੰਨਾ - 135

ਜਨਮ ਮਰਨ ਦੇ ਚੱਕਰ ਵਿਚੋਂ ਛੁੱਟ ਗਿਆ। ਗੁਰੂ ਮਹਾਰਾਜ ਜੀ ਮੰਘਰ ਦੇ ਮਹੀਨੇ ਵਿਚ ਉਪਦੇਸ਼ ਦਿੰਦੇ ਹਨ, ਪ੍ਰਭੂ ਤੇ ਪ੍ਰਵਾਨ ਹੋਈਆਂ ਰੂਹਾਂ ਬਾਰੇ ਜਾਣਕਾਰੀ ਦਿੰਦੇ ਹੋਏ ਫੁਰਮਾਨ ਕਰਦੇ ਹਨ ਕਿ ਐਸੇ ਮਹਾਂਪੁਰਸ਼ਾਂ ਦੀ ਮਹਿਮਾ ਨੂੰ ਕੋਈ ਲਖ ਨਹੀਂ ਸਕਦਾ, ਜਿਹੜੇ ਮਿਲ ਗਏ ਹਨ ਉਨ੍ਹਾਂ ਦੀ ਧੂੜੀ ਦੀ ਵਾਂਛਾ ਕਰਨੀ ਸਭ ਤੋਂ ਸ਼੍ਰੇਸ਼ਟ ਦਾਤ ਹੈ ਕਿਉਂਕਿ ਇਸ

(ਬਾਕੀ ਅੰਗ - 61)

ਸ੍ਰੀ ਗੁਰੂ ਨਾਨਕ ਦੇਵ ਜੀ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂ. ਮਿਸ਼ਨ

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਧਾਰਨਾ - ਪ੍ਰਭ ਸਭ ਕਿਛੁ ਤੇਰਾ ਜੀ, ਮੈਂ ਕਿਛੁ ਨਾਹੀ।

ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥
ਈਘੈ ਨਿਰਗੁਨ ਊਘੈ ਸਰਗੁਨ
ਕੇਲ ਕਰਤ ਬਿਚਿ ਸੁਆਮੀ ਮੇਰਾ ॥ ੧ ॥ ਰਹਾਉ ॥
ਨਗਰ ਮਹਿ ਆਪਿ ਬਾਹਰਿ ਫੁਨਿ ਆਪਨ
ਪ੍ਰਭ ਮੇਰੇ ਕੋ ਸਗਲ ਬਸੇਰਾ ॥
ਆਪੇ ਹੀ ਰਾਜਨੁ ਆਪੇ ਹੀ ਰਾਇਆ
ਕਹ ਕਹ ਠਾਕੁਰੁ ਕਹ ਕਹ ਚੇਰਾ ॥ ੧ ॥
ਕਾ ਕਉ ਦੁਰਾਉ ਕਾ ਸਿਉ ਬਲਬੰਚਾ
ਜਹ ਜਹ ਪੇਖਉ ਤਹ ਤਹ ਨੇਰਾ ॥
ਸਾਧ ਮੂਰਤਿ ਗੁਰੁ ਭੇਟਿਓ ਨਾਨਕ
ਮਿਲਿ ਸਾਗਰ ਬੂੰਦ ਨਹੀ ਅਨ ਹੇਰਾ ॥ ਅੰਗ - ੮੨੭

ਸਾਧਸੰਗਤ ਜੀ, ਗੱਜ ਕੇ ਬੋਲਣਾ, ਸਤਿਨਾਮ ਸ੍ਰੀ ਵਾਹਿਗੁਰੂ। ਅੱਜ ਦੇ ਮਹਾਨ ਪਵਿੱਤਰ ਦਿਹਾੜੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਾਸਤੇ, ਕਾਰੋਬਾਰ ਸੰਕੋਚ ਕੇ ਆਪ ਗੁਰੂ ਨਾਨਕ ਪ੍ਰਕਾਸ਼ ਉਤਸਵ ਦੇ ਸਬੰਧ ਵਿਚ ਗੁਰੂ ਦਰਬਾਰ 'ਚ ਪਹੁੰਚੇ ਓਂ, ਸੁਰਤ ਨੂੰ ਇਕਾਗਰ ਕਰੋ, ਖਿਆਲਾਂ ਨੂੰ ਬਾਹਰ ਜਾਣ ਤੋਂ ਰੋਕੋ, ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ, ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਰਸਨਾ ਦੇ ਨਾਲ ਗੱਜ ਵੱਜ ਕੇ ਬੋਲੋ ਤੇ ਬਾਣੀ ਜੋ ਵਿਚਾਰ ਕੀਤੀ ਜਾ ਰਹੀ ਹੈ ਓਸਨੂੰ ਮਨ ਵਿਚ ਧਾਰਨ ਕਰੋ। ਸੋ ਅੱਜ ਸਾਰਾ ਸੰਸਾਰ ਗੁਰੂ ਨਾਨਕ ਪਾਤਸ਼ਾਹ ਦੇ ਆਗਮਨ ਦੇ ਸਬੰਧ ਵਿਚ ਅਨੇਕਾਂ ਕਿਸਮ ਦੇ ਪ੍ਰੋਗਰਾਮ ਕਰਕੇ ਆਪਣੀ ਸ਼ਰਧਾ ਭੇਟ ਕਰ ਰਿਹਾ ਹੈ। ਐਸਾ ਵੀ ਬਹੁਤ ਸਾਰੇ ਮਹਾਂਪੁਰਸ਼ਾਂ ਦਾ ਖਿਆਲ ਹੈ ਕਿ ਅੱਜ ਸਾਡੀਆਂ ਭਾਵਨਾਵਾਂ ਤੋਂ ਪ੍ਰਸੰਨ ਹੋ ਕੇ ਗੁਰੂ ਮਹਾਰਾਜ ਦਾਤਾਂ ਵੀ ਬਖਸ਼ ਰਹੇ ਨੇ ਤੇ ਸਾਰਿਆਂ ਦੇ ਉੱਤੇ ਮਿਹਰ ਦਾ ਆਪਣਾ ਹੱਥ ਰੱਖਿਆ ਹੋਇਆ, ਇਕੱਲੇ-ਇਕੱਲੇ ਦਿਲ ਦੀ ਭਾਵਨਾ ਨੂੰ ਜਾਂਚ ਰਹੇ ਨੇ। ਸੋ ਸਾਡਾ ਭਲਾ ਇਸ ਗੱਲ ਵਿਚ ਹੈ ਕਿ ਪਿਆਰ ਭਾਵ ਵਿਚ ਆਓ। ਗੁਰੂ ਨਾਨਕ ਪਾਤਸ਼ਾਹ ਦੀ ਹਾਜ਼ਰੀ ਮਹਿਸੂਸ ਕਰੋ। ਜੋ ਕੁਛ ਉਨ੍ਹਾਂ ਨੇ ਸੰਸਾਰ 'ਤੇ ਆ ਕੇ ਕੀਤਾ ਹੈ, ਉਹਨੂੰ ਕੋਈ ਦੁਨੀਆਂ ਦਾ ਬੰਦਾ ਬਿਆਨ ਨਹੀਂ ਕਰ ਸਕਦਾ, ਦੱਸ ਨਹੀਂ ਸਕਦਾ। ਕਿਉਂਕਿ ਬਹੁਤ ਹੀ ਔਖੀ ਬਾਤ ਹੈ ਦੱਸਣੀ। 'ਕਥਨਾ ਕਰੜਾ ਸਾਰੁ' ਹੈ, ਫੇਰ ਵੀ ਥੋੜ੍ਹੀ ਬਹੁਤੀ ਵਿਚਾਰ ਆਪਾਂ ਕਰਾਂਗੇ ਕਿ ਮਹਾਰਾਜ ਜੀ ਨੇ ਸੰਸਾਰ 'ਤੇ ਆ ਕੇ ਕਿਸ ਤਰ੍ਹਾਂ ਦੇ ਨਾਲ ਗੁਮਰਾਹ ਹੋਈ-ਹੋਈ ਜਨਤਾ ਨੂੰ ਰਾਹੇ ਪਾਇਆ, ਮਹਾਰਾਜ ਜੀ ਨੇ, ਚਾਰ ਉਦਾਸੀਆਂ ਵੱਡੀਆਂ-ਵੱਡੀਆਂ ਕੀਤੀਆਂ। ਜੋ ਅੱਜ ਦੇ ਭੂਗੋਲ ਨੂੰ ਜਾਨਣ ਵਾਲੇ ਬੰਦੇ ਨੇ, ਉਨ੍ਹਾਂ ਨੇ ਕੁਛ ਥਾਵਾਂ ਦਾ ਅੱਟਾ ਸੱਟਾ ਲਾ ਕੇ ਇਹ ਗੱਲ ਜਾਨਣ ਦੀ ਕੋਸ਼ਿਸ਼ ਕਰੀ ਹੈ ਕਿ ਗੁਰੂ ਨਾਨਕ ਫੇਰ ਕਿੱਥੇ ਗਏ? ਇਸ ਤੋਂ ਅੱਗੇ ਹੋਰ ਕਿੱਥੇ ਗਏ? ਕਿਹੜੇ ਰਸਤੇ ਗਏ। ਇਸ ਗੱਲ ਨੂੰ ਦੁਨੀਆਂ ਦੇ ਅੰਦਰ ਤਾਂ ਕੋਈ ਬੰਦਾ ਨਹੀਂ ਹੈ ਜਿਹੜਾ ਦੱਸ ਸਕੇ। ਕਿਉਂਕਿ ਗੁਰੂ ਨਾਨਕ ਦੀਆਂ ਜੋ ਯਾਤਰਾ ਸਨ, ਉਨ੍ਹਾਂ ਨੂੰ ਕੋਈ ਦੱਸ ਹੀ ਨਹੀਂ ਸਕਦਾ। ਬੜੀ ਅਜੀਬ ਗੱਲ ਹੈ ਕਿ ਉਨ੍ਹਾਂ ਨੂੰ ਦੱਸ ਕਿਉਂ ਨਹੀਂ ਸਕਦੇ ਅਸੀਂ। ਇਹ ਗੱਲ ਸਮਝਿਓ। ਕਈ ਬੰਦੇ ਕਹਿੰਦੇ ਨੇ ਗੁਰੂ ਨਾਨਕ ਓਥੇ ਗਏ, ਓਥੇ ਗਏ, ਓਥੇ ਗਏ। ਲੇਕਿਨ ਗੁਰੂ ਨਾਨਕ ਨੇ ਜਿੰਨਾਂ ਸਫਰ ਕੀਤਾ ਹੈ, ਏਨਾਂ ਨਾ ਕਿਸੇ ਨੇ ਅੱਜ ਤੋਂ ਪਹਿਲਾਂ ਕੀਤਾ ਸੀ, ਨਾ ਕੋਈ ਹੋਰ ਕਰ ਸਕਿਆ ਹੈ। ਕੁਛ ਸਫਰ ਉਨ੍ਹਾਂ ਨੇ ਸਰੀਰਕ ਰੂਪ ਦੇ ਅੰਦਰ ਕੀਤਾ ਹੈ, ਸਾਡੇ ਵਾਗੂੰ, ਪੈਦਲ ਚੱਲੇ ਨੇ, ਜੰਗਲਾਂ 'ਚੋਂ ਲੰਘੇ ਨੇ। ਉਨ੍ਹਾਂ ਨੂੰ ਪਤਾ ਹੈ ਕਿ ਨਿਰਜਨ ਵਣਾਂ ਦੇ ਵਿਚ ਕਿਉਂ ਤੁਰੇ ਫਿਰਦੇ ਸੀ। ਜਦੋਂ ਅਸੀਂ ਯੂ.ਪੀ 'ਚ ਗਏ। ਤਿੰਨ ਸੌ, ਚਾਰ ਸੌ ਮੀਲ ਦਾ ਇਲਾਕਾ, ਜਿਹਦੇ 'ਚ ਸ਼ੇਰ ਰਹਿੰਦੇ ਸੀ, ਹਾਥੀ ਰਹਿੰਦੇ ਸੀ। ਰਿੱਛ ਰਹਿੰਦੇ ਸੀ, ਚਿੱਤੇ ਰਹਿੰਦੇ ਸੀ, ਬਘਿਆੜ ਰਹਿੰਦੇ ਨੇ, ਬੇਅੰਤ ਵੱਡੀਆਂ-ਵੱਡੀਆਂ ਸਰਾਲਾਂ ਜਿਹੜੀਆਂ ਹਿਰਨਾਂ ਨੂੰ ਸਾਬਤਾਂ ਹੀ ਨਿਘਾਰ ਜਾਂਦੀਆਂ ਨੇ। ਉਹ ਅਸੀਂ ਦੇਖੀਆਂ ਓਥੇ ਜਾ ਕੇ ਤੇ ਖਿਆਲ ਆਇਆ ਕਰੇ ਕਿ ਗੁਰੂ ਨਾਨਕ ਇਨ੍ਹਾਂ ਜੰਗਲਾਂ ਦੇ ਅੰਦਰ ਇਕੱਲੇ ਹੀ ਤੁਰੇ ਫਿਰਦੇ ਸੀ। ਉਹ ਸਾਰੀ ਧਰਤੀ ਨੂੰ ਆਪਣੀ ਛੋਹ ਦੇ ਰਹੇ ਸੀ, ਚਾਹੇ ਜੰਗਲ ਹੈ, ਚਾਹੇ ਪਹਾੜ ਹੈ, ਚਾਹੇ ਆਬਾਦੀ ਹੈ, ਉਹਦੇ ਅੰਦਰ ਆਪ ਨੇ ਜਿੱਥੇ ਵੀ ਕੋਈ ਭੁੱਲਿਆ ਹੋਇਆ ਸੀ, ਰੁਕਿਆ ਹੋਇਆ ਸੀ, ਪਿਛਲੇ ਜੁਗਾਂ ਦੀ ਕਮਾਈ ਕਰਕੇ ਰਾਹ ਨਹੀਂ ਸੀ ਲੱਭ ਰਿਹਾ, ਉਸਨੂੰ ਰਸਤਾ ਦਿਖਾਇਆ। ਆਪ ਦੇ ਸਫਰਾਂ ਬਾਰੇ ਮਿਣਿਆ ਕਿਉਂ ਨਹੀਂ ਜਾਂਦਾ ਇਹ ਕਹਿੰਦੇ ਨੇ ਕਿ ਚੌਵੀ ਹਜ਼ਾਰ ਮੀਲ ਗੁਰੂ ਨਾਨਕ ਨੇ ਸਫਰ ਕੀਤਾ। ਇਹ ਵੀ ਬੜੀ ਮਿਹਰਬਾਨੀ ਹੈ ਇਨ੍ਹਾਂ ਦੀ ਕਿ ਏਨਾਂ ਲਿਖ ਦਿੱਤਾ। ਲੇਕਿਨ ਗੁਰੂ ਨਾਨਕ ਨੇ ਜੋ ਰੂਹਾਨੀ ਸਫਰ ਕੀਤੇ, ਆਤਮਕ ਮੰਡਲ ਦੇ ਉਨ੍ਹਾਂ ਨੂੰ ਕੋਈ ਜਾਣ ਨਹੀਂ ਸਕਦਾ, ਜਦੋਂ ਜ਼ਿਕਰ ਆਉਂਦਾ ਹੈ ਕਿ ਦੱਤਾ ਤਰੇ ਦੇ ਪਾਸ ਗਏ, ਦੱਤਾ ਤਰੇ ਤਾਂ ਹੈ ਨਹੀਂ ਓਸ ਵੇਲੇ ਸੰਸਾਰ ਦੇ ਅੰਦਰ। ਸੰਨਿਆਸੀ ਸੀ, ਕਿਸ ਮੰਡਲ 'ਚ ਵਸਦਾ ਸੀ। ਧਰਤੀ ਤੋਂ ਕਿੰਨੀ ਦੂਰੀ ਤੇ ਸੀ, ਆਹ ਬ੍ਰਹਿਮੰਡ ਸਥੂਲ ਤੋਂ ਕਿੰਨੀ ਦੂਰੀ 'ਤੇ ਸੀ, ਪ੍ਰਹਿਲਾਦ ਦੇ ਪਾਸ ਜਾਂਦੇ ਨੇ, ਧਰੂੰ ਦੇ ਪਾਸ ਜਾਂਦੇ ਨੇ। ਕੋਈ ਬੰਦਾ ਨਹੀਂ ਲਾ ਸਕਦਾ ਅੰਦਾਜ਼ਾ ਕਿਉਂਕਿ ਉਹ ਗੱਲਾਂ ਗਿਣਤੀ-ਮਿਣਤੀ ਤੋਂ ਬਾਹਰ ਹੋਰ ਕਿਸਮ ਨਾਲ ਸਬੰਧ ਰਖਦੀਆਂ ਨੇ, ਤੇ ਨਾ ਉਨ੍ਹਾਂ ਨੂੰ ਦੱਸਿਆ ਜਾ ਸਕਦਾ ਹੈ ਕਿਉਂਕਿ ਦੁਨੀਆਂ ਦੇ ਅੰਦਰ ਕੋਈ ਐਸੀ ਬਾਤ ਨਹੀਂ ਹੈ, ਨਾ ਕੋਈ ਬੋਲੀ ਹੈ ਜਿਹਦੇ

ਨਾਲ ਇਹ ਦੱਸ ਦਿੱਤਾ ਜਾਵੇ ਕਿ ਗੁਰੂ ਨਾਨਕ ਨੇ ਐਨਾ ਸਫਰ ਕੀਤਾ। ਇਸ ਪੁਰੀ ਤੋਂ ਅਗਲੀ ਪੁਰੀ ਐਨੀ ਦੂਰ ਸੀ। ਕੋਈ ਨਹੀਂ ਦਸ ਸਕਦਾ ਕਿਉਂਕਿ ਸਾਨੂੰ ਗਿਆਨ ਨਹੀਂ ਓਸਦਾ। ਨਾ ਗਿਆਨ ਹੋਣ ਕਰਕੇ ਅਸੀਂ ਅੱਟੇ-ਸੱਟੇ ਲਾ ਨਹੀਂ ਸਕਦੇ। ਲੇਕਿਨ ਸੰਸਾਰ ਦੇ ਅੰਦਰ ਆਹ ਧਰਤੀ ਦੇ ਉਤੇ ਗੁਰੂ ਨਾਨਕ ਨੇ ਕੋਈ ਥਾਂ ਨਹੀਂ ਛੱਡੀ, ਨਾ ਅਫਰੀਕਾ ਛੱਡੀ ਹੈ, ਨਾ ਯੂਰਪ ਛੱਡਿਆ ਹੈ, ਨਾ ਕੋਈ ਹੋਰ, ਭਾਈ ਗੁਰਦਾਸ ਜੀ ਜਿਹੜੇ ਕਿ ਗੁਰੂ ਨਾਨਕ ਪਾਤਸ਼ਾਹ ਤੋਂ ਥੋੜ੍ਹਾ ਜਿਹਾ ਚਿਰ ਪਿਛੋਂ ਹੋਏ ਨੇ, ਆਪ ਹੀ ਗਵਾਹੀ ਦਿੰਦੇ ਨੇ ਕਿ ਜਿੱਥੇ ਤੱਕ ਧਰਤੀ 'ਤੇ ਮਨੁੱਖ ਸੀ, ਓਸ ਥਾਂ ਤੱਕ ਗੁਰੂ ਨਾਨਕ ਗਿਆ। ਓਥੇ ਤੱਕ ਜਾ ਕੇ ਗੁਰੂ ਨਾਨਕ ਨੇ ਸਭ ਨੂੰ ਸੁਮੱਤ ਲਾਈ। ਇਹਦੇ 'ਚ ਸਵਾਲ ਆਉਂਦਾ ਹੈ ਕਿ ਬੋਲੀ ਕਿਵੇ ਸਮਝੀ? ਬੋਲੀ ਤਾਂ ਸਾਰੀ ਸ੍ਰਿਸ਼ਟੀ ਦੀ ਬੋਲੀ ਪਹਿਲਾਂ ਇੱਕ ਹੈ, ਜਿਹਨੂੰ ਪਰਾ ਬਾਣੀ ਕਹਿੰਦੇ ਨੇ, ਕੋਈ ਬੰਦਾ ਨਹੀਂ ਹੈ ਜਿਹੜਾ ਉਥੇ ਹੋਰ ਬੋਲੀ ਬੋਲਦਾ ਹੋਵੇ। ਉਸ ਤੋਂ ਬਾਅਦ ਭਾਵਾਂ ਦੀ ਬੋਲੀ ਹੈ ਜਿਹਨੂੰ ਪਸੰਤੀ ਬਾਣੀ ਕਹਿੰਦੇ ਨੇ, ਉਹ ਵੀ ਇੱਕ ਹੈ। ਇੱਥੋਂ ਆ ਕੇ ਫਰਕ ਪੈਂਦਾ ਹੈ, ਬੈਖਰੀ ਅੱਡ ਹੋ ਜਾਂਦੀ ਹੈ। ਮਧਮਾ ਅੱਡ ਹੋ ਜਾਂਦੀ ਹੈ, ਅੰਦਰੋਂ ਸਾਰੀ ਬੋਲੀ ਇੱਕ ਹੈ ਜਿਹਨੂੰ telepathy ਕਹਿੰਦੇ ਨੇ, telepathy ਨੂੰ ਜਾਨਣ ਵਾਲਾ ਚਾਹੇ ਅੰਗਰੇਜ਼ ਹੈ, ਚਾਹੇ ਅਰਬ ਦਾ ਬੰਦਾ ਹੇ, ਚਾਹੇ ਹਿੰਦੋਸਤਾਨ ਦਾ ਹੈ. ਚਾਹੇ ਅਫਰੀਕਾ ਦਾ ਹੈ, ਜੋ telepathy ਜਾਣਦਾ ਹੈ, ਕੁੱਤੇ ਦੀ ਬੋਲੀ ਸਮਝਦਾ ਹੈ, ਹਰਨ ਦੀ ਬੋਲੀ ਸਮਝਦਾ ਹੈ, ਸੱਪ ਦੀ ਬੋਲੀ ਸਮਝਦਾ ਹੈ, ਪੰਛੀਆਂ ਦੀ ਬੋਲੀ ਸਮਝਦਾ ਹੈ ਕਿਉਂਕਿ ਪਰਾ ਤੇ ਪਸੰਤੀ ਬਾਣੀ ਇੱਕੋ ਹੈ। ਜਿੱਥੇ telepathy ਕੰਮ ਕਰਦੀ ਹੈ, ਉਥੇ ਬਾਣੀ ਇੱਕ ਹੈ। ਦੂਸਰਾ ਗੁਰੂ ਨਾਨਕ ਪਾਤਸ਼ਾਹ ਸਮਰੱਥ ਸਨ, ਸੋ ਇਸ ਕਰਕੇ ਇਸ ਗੱਲ ਦੇ ਵਿਚ ਬਹਿਸ ਨਹੀਂ ਹੋਇਆ ਕਰਦੀ। ਲੇਕਿਨ ਆਪ ਦਾ ਜਿੰਨਾਂ ਕੁ ਜਨਮਸਾਖੀਆਂ ਦੇ ਰਾਹੀਂ, ਜਾਂ ਹੋਰ ਪੁਸਤਕਾਂ ਦੇ ਰਾਹੀਂ, ਸਾਡੇ ਪਾਸ ਕੁਛ ਗਿਆਨ ਪਹੁੰਚਿਆ ਹੈ। ਉਹਦੇ ਵਿਚ ਜ਼ਿਕਰ ਆਉਂਦਾ ਹੈ ਕਿ ਗੁਰੂ ਨਾਨਕ ਪਾਤਸ਼ਾਹ ਨੇ ਪਹਾੜਾਂ ਉਤੇ ਚੜ੍ਹਾਈ ਕੀਤੀ, ਓਹੋ ਜਿਹੇ ਹੀ ਵਸਤਰ ਪਹਿਨੇ। ਰੱਸੇ ਪੇਟ ਦੇ ਨਾਲ ਵਲੇਟੇ। ਓਹੋ ਜਿਹਾ ਹੀ ਕੱਪੜਾ ਪਹਿਨਿਆ, ਚਮੜੇ ਦੇ ਜੋੜੇ ਪਾ ਲਏ। ਪਹਾੜਾਂ 'ਤੇ ਚੜ੍ਹਨ ਵਾਲੇ ਜਿਹੜੇ ਹੁੰਦੇ ਨੇ ਉਸ ਤਰ੍ਹਾਂ ਦੀ ਵਰਦੀ ਪਾ ਲਈ ਉਨ੍ਹਾਂ, ਕਿਉਂਕਿ ਪਹਾੜਾਂ 'ਤੇ ਚੜ੍ਹਨਾ ਸੀ, ਬਰਫਾਂ 'ਚ ਜਾਣਾ ਸੀ। ਉਹੋ ਜਿਹੀਆਂ ਹੀ ਆਪਣੇ ਹੱਥ ਵਿਚ ਚੀਜ਼ਾਂ ਰੱਖ ਲਈਆਂ। ਸੋ ਆਪ ਅੱਜ ਉਥੇ ਪਹੁੰਚਦੇ ਨੇ, ਜਿਸ ਥਾਂ ਦੇ ਉਤੇ ਸਿੱਧ ਮੰਡਲੀ ਬੈਠੀ ਹੈ। ਉਸ ਸਿੱਧ ਮੰਡਲੀ ਜਦੋਂ ਹਿੰਦੋਸਤਾਨ ਦੇ ਵਿਚ ਜ਼ੁਲਮ ਹੋਣ ਲੱਗੇ, ਇਸਲਾਮ ਵਾਲਿਆਂ ਨੇ ਆ ਕੇ ਕਬਜ਼ਾ ਕੀਤਾ। ਉਸ ਵੇਲੇ ਜੋ ਰਾਜੇ ਸੀ ਜ਼ੋਰ ਜ਼ਬਰ ਦੇ ਨਾਲ, ਦੇਸ਼ ਦੇ ਉਤੇ ਕਾਬੂ ਪਾਉਣਾ ਚਾਹੁੰਦੇ ਸਨ, ਕਿਉਂਕਿ ਭਾਰਤ ਵਰਸ਼ ਦੀ ਸੰਸਕ੍ਰਿਤੀ ਐਸੀ ਸੀ ਕਿ ਸਭ ਨੂੰ ਆਪਣੇ ਵਿਚ ਸ਼ਾਮਲ ਲੈਂਦੀ ਸੀ। ਪਰ ਇਹ ਜਦੋਂ ਆਏ ਇਨ੍ਹਾਂ ਨੇ ਉਸ ਸੰਸਕ੍ਰਿਤੀ ਨੂੰ ਨਾਸ਼ ਕਰਨਾ ਸ਼ੁਰੂ ਕਰ ਦਿੱਤਾ, ਜ਼ੋਰ ਨਾਲ ਮੰਦਰ ਢਹਿਣੇ ਸ਼ੁਰੂ ਹੋ ਗਏ। ਪੁਸਤਕਾਲਿਆ ਜਲਣੇ ਸ਼ੁਰੂ ਹੋ ਗਏ, ਟੈਕਸਲਾ ਦਾ ਜੋ ਪੁਸਤਕਾਲਿਆ ਸੀ, ਉਹਦੇ 'ਚ ਦੁਨੀਆਂ ਭਰ ਤੋਂ ਉਸ ਵੇਲੇ ਦੀਆਂ ਹੱਥ ਲਿਖਤ ਪੁਸਤਕਾਂ ਸਨ। ਮੁਹੰਮਦ ਗਜ਼ਨਵੀ ਨੇ ਆ ਕੇ ਜਦੋਂ ਪੁੱਛਿਆ ਕਿ ਇਹ ਐਨੀਆਂ ਪੁਸਤਕਾਂ ਦਾ ਭੰਡਾਰ ਕਿਉਂ ਰੱਖਿਆ ਹੈ। ਕਹਿਣ ਲੱਗੇ, ਮਹਾਰਾਜ! ਇਹ ਪੁਸਤਕਾਂ ਹਜ਼ਾਰਾਂ ਸਾਲਾਂ ਤੋਂ ਚਲੀਆਂ ਆ ਰਹੀਆਂ ਨੇ, ਹੱਥ ਲਿਖਤ, ਗਿਆਨ ਹੈ, ਕਹਿੰਦਾ ਕੁਰਾਨ ਸ਼ਰੀਫ ਵੀ ਹੈ ਇਹਦੇ 'ਚ? ਕਹਿੰਦੇ, ਨਹੀਂ। ਕਹਿੰਦਾ, ਜੇ ਕੁਰਾਨ ਸ਼ਰੀਫ ਨਹੀਂ ਹੈ, ਬਾਕੀ ਤਾਂ ਜਿੰਨੀ ਪੜ੍ਹਾਈ ਹੈ ਸਭ ਕੁਫਰ ਹੈ ਇਸ ਕਰਕੇ ਇਹਨੂੰ ਅੱਗ ਲਾ ਦਿਓ। ਪਤਾ ਨਹੀਂ ਕਿੰਨੇ ਹਜ਼ਾਰ ਪੁਸਤਕ ਹੱਥ ਲਿਖਤ, ਓਸ ਲਾਇਬ੍ਰੇਰੀ ਦੀ ਜਾਲੀ ਗਈ। ਮਥਰਾ ਦੇ ਵਿਚ ਪਹੁੰਚਦੇ ਨੇ, ਉਥੇ ਕੁਰਾਨ ਸ਼ਰੀਫ ਰੱਖ ਲਿਆ। ਇਹੀ ਸਵਾਲ ਉਥੇ ਕਰਿਆ, ਉਹ ਬਹੁਤ ਵੱਡੀ ਲਾਇਬ੍ਰੇਰੀ ਸੀ। ਕੁਰਾਨ ਸ਼ਰੀਫ ਹੈ? ਕਹਿੰਦੇ ਹਾਂ। ਕਹਿੰਦਾ ਜੇ ਕੁਰਾਨ ਸ਼ਰੀਫ ਹੈ, ਬਾਕੀ ਕਿਤਾਬਾਂ ਦੀ ਕੀ ਲੋੜ ਹੈ, ਬਾਕੀਆਂ ਨੂੰ ਜਾਲ ਦਿਓ, ਇਕੱਲਾ ਰੱਖ ਲਓ। ਮੰਦਰ ਗਿਰਾਏ ਜਾ ਰਹੇ ਸਨ, ਜ਼ਬਰਦਸਤੀ ਧਰਮ ਬਦਲਿਆ ਜਾਂਦਾ ਸੀ। ਜ਼ੁਲਮ ਐਨਾ ਵਧ ਗਿਆ ਸੀ ਕਿ ਬਾਬਰ ਆਪਣੀ ਤਉਜ਼ਕੇ-ਬਾਬਰੀ 'ਚ ਲਿਖਦਾ ਹੈ ਕਿ ਜਦੋਂ ਮਥੁਰਾ 'ਤੇ ਹਮਲਾ ਕਰਿਆ, ਮੇਰਾ ਬੜਾ ਮੁਕਾਬਲਾ ਹੋਇਆ। ਮਨ 'ਚ ਮੇਰੇ ਬੜਾ ਗੁੱਸਾ ਆਇਆ ਪਬਲਿਕ ਦੇ ਉਤੇ। ਪਬਲਿਕ ਲੜੀ ਉਥੇ ਆ ਕੇ ਲੇਕਿਨ ਅੱਲਾਹ ਤਾਲਾ ਨੇ ਮੈਨੂੰ ਫਤਹਿ ਦੇ ਦਿੱਤੀ ਤੇ ਮੈਂ ਇੱਕ ਲੱਖ ਬੰਦਾ ਕੈਦ ਕਰ ਲਿਆ, ਮੇਰੇ ਮਨ 'ਚ ਆਈ ਕਿ ਮੈਂ ਅੱਲਾਹ ਨੂੰ ਪ੍ਰਸੰਨ ਕਰਾਂ। ਮੈਂ ਆਪਣਾ ਟੈਂਟ ਲਾ ਲਿਆ ਤਾਂ ਕਿ ਮੈਂ ਆਪਣੀਆਂ ਅੱਖਾਂ ਦੇ ਨਾਲ ਦੇਖਾਂ ਕਿ ਕਾਫਰਾਂ ਦੀ ਗਰਦਨ 'ਤੇ ਤਲਵਾਰ ਕਿਵੇਂ ਚੱਲ ਰਹੀ ਹੈ। ਕਹਿੰਦਾ, ਇੱਕੋ ਹੀ ਦਿਨ ਦੇ ਅੰਦਰ ਮੈਂ ਇੱਕ ਲੱਖ ਬੰਦਾ, ਇੱਕੋ ਥਾਂ 'ਤੇ ਕਤਲ ਕਰਾਇਆ, ਐਨਾ ਖੂਨ ਉੱਚਾ ਉਠਿਆ ਕਿ ਮੈਨੂੰ ਤਿੰਨ ਵਾਰੀ ਆਪਣਾ ਟੈਂਟ ਬਦਲ-ਬਦਲ ਕੇ ਪਿੱਛੇ ਲਾਉਣਾ ਪਿਆ ਤੇ ਮੈਂ ਉਮੀਦ ਕਰਦਾ ਹਾਂ ਕਿ ਅੱਲਾਹ ਤਾਲਾ ਮੇਰੇ ਉਤੇ ਪ੍ਰਸੰਨ ਹੋ ਕੇ ਆਪਣੀ ਬਖਸ਼ਿਸ਼ ਕਰੇਗਾ ਕਿ ਮੈਂ ਇੱਕ ਲੱਖ ਕਾਫਰ ਮਾਰ ਦਿੱਤਾ। ਇਹ ਸੋਚ ਆ ਚੁੱਕੀ ਸੀ। ਇਨ੍ਹਾਂ ਚੀਜ਼ਾਂ ਤੋਂ ਡਰਦੇ ਹੋਏ। ਜਿਹੜੇ ਜੋਗੀ ਸਨ, ਉਹ ਸਾਰੇ ਸ਼ਕਤੀ ਵਾਲੇ ਨਹੀਂ ਸੀ, ਲੇਕਿਨ ਸ਼ਕਤੀਆਂ ਉਨ੍ਹਾਂ 'ਚ ਬਹੁਤ ਜ਼ਿਆਦਾ ਸੀ। ਇਧਰ ਜਿਹੜੇ ਪੀਰ ਸੀ ਇਨ੍ਹਾਂ 'ਚ ਵੀ ਬੜੀਆਂ ਸ਼ਕਤੀਆਂ ਸੀ। ਬੜੇ ਆਪਸ ਵਿਚ ਮੁਕਾਬਲੇ ਹੁੰਦੇ, ਇੱਕ ਮੁਕਾਬਲੇ ਦਾ ਜ਼ਿਕਰ ਆਉਂਦਾ ਹੈ ਅਜਮੇਰ ਸ਼ਰੀਫ ਦੇ ਅੰਦਰ। ਜਦੋਂ ਮਯੁਦੀਨ ਆਏ ਬਾਬਾ ਫਰੀਦ ਦੇ ਦਾਦਾ ਗੁਰੂ ਉਸ ਵੇਲੇ ਬੜੇ ਕੌਤਕ ਉਥੇ ਹੋਏ ਕਿ ਜੋ ਸਾਗਰ ਸੀ ਜਿਸਨੂੰ ਪੁਸ਼ਕਰ ਤੀਰਥ ਕਹਿੰਦੇ ਨੇ ਉਥੇ ਨਾਹੁੰਣ ਵਾਸਤੇ ਗਏ, ਉਹਦੇ ਮੁਰੀਦ। ਹਿੰਦੂਆਂ ਨੇ ਇਸ਼ਨਾਨ ਨਾ ਕਰਨ ਦਿੱਤਾ। ਧੱਕੇ ਮਾਰੇ, ਪੀਰ ਕੋਲ ਆ ਕੇ ਦੱਸੀ। ਪੀਰ ਕਹਿੰਦਾ ਮੇਰਾ ਇੱਕ ਪਿਆਲਾ ਲੈ ਜਾਓ, ਭਰ ਲਿਆਓ, ਪਾਣੀ ਦਾ। ਇੱਕ ਪਿਆਲਾ ਔਰੰਗਜ਼ੇਬ ਨੇ ਓਸਨੂੰ ਭਰਨ ਵੇਲੇ ਯਤਨ ਕੀਤਾ ਤਾਂ ਇਹ ਦਸਦੇ ਨੇ ਉਹਦਾ ਪੜ ਪਾਟਿਆ ਹੋਇਆ ਸੀ ਤੇ ਜੀਵ ਜੰਤੂ ਜਿਸ ਵਕਤ ਤੜਫਣ ਲੱਗੇ, ਪ੍ਰਿਥਵੀ ਰਾਜ ਚੌਹਾਨ ਆਪ ਗਿਆ, ਬੇਨਤੀ ਕਰੀ ਕਿ ਤੇ ਉਸਨੇ ਉਹ ਪਿਆਲਾ ਵਾਪਸ ਪਾ ਦਿੱਤਾ। ਸਾਰਾ ਜਿਹੜਾ ਤੀਰਥ ਸੀ, ਪੁਸ਼ਕਰ ਤੀਰਥ ਸਾਡਾ ਮੁੜ ਕੇ ਫੇਰ ਪਾਣੀ ਨਾਲ ਭਰ ਗਿਆ। ਐਸੀਆਂ ਸ਼ਕਤੀਆਂ ਪੀਰ ਲੋਕ ਵੀ ਦਿਖਾਇਆ ਕਰਦੇ ਸੀ। ਉਹਦੇ ਕੋਲ ਵੀ ਇੱਕ ਸ਼ਕਤੀ ਵਾਲਾ ਰਾਜਪਾਲ ਸੀਗਾ। ਬੜੀਆਂ ਉਨ੍ਹਾਂ ਦੀਆਂ ਆਪਸ ਵਿਚ ਸ਼ਕਤੀਆਂ ਦੀਆਂ ਲੜਾਈਆਂ ਹੋਈਆਂ

ਅਖੀਰ ਮਯੂਦੀਨ ਨੇ ਆਪਣੀ ਸ਼ਕਤੀ ਦੇ ਨਾਲ ਉਸਨੂੰ ਇਸਲਾਮ ਵਿਚ ਲੈ ਆਂਦਾ। ਇਨ੍ਹਾਂ ਗੱਲਾਂ ਤੋਂ ਡਰਦੇ ਹੋਏ ਜੋਗੀ, ਭਾਰਤ ਵਰਸ਼ ਨੂੰ ਛੱਡ ਕੇ ਪਹਾੜਾਂ ਦੇ ਓਸ ਕੋਨੇ 'ਚ ਚਲੇ ਗਏ, ਜਿੱਥੇ ਮਨੁੱਖ ਜਾ ਹੀ ਨਹੀਂ ਸੀ ਸਕਦਾ। ਔਸ਼ਧੀਆਂ ਖਾਂਦੇ ਸੀ ਤੇ ਉਨ੍ਹਾਂ ਕੋਲ ਉਡਣ ਦੀ ਸ਼ਕਤੀ ਸੀ। ਪਹਾੜਾਂ ਦੇ ਉਤੇ ਦੀ ਹੋ ਕੇ ਓਸ ਥਾਂ 'ਤੇ ਪਹੁੰਚ ਜਾਂਦੇ ਨੇ ਤੇ ਜਦੋਂ ਗੁਰੂ ਨਾਨਕ ਪਾਤਸ਼ਾਹ ਪਹਾੜ ਚੜ੍ਹਦੇ ਹੋਏ ਜਾ ਰਹੇ ਨੇ। ਓਸ ਵੇਲੇ ਜੋਗੀਆਂ ਨੇ ਦੇਖਿਆ ਕਿ ਕੋਈ ਮਨੁੱਖ ਆ ਰਹੇ ਨੇ ਕਿ ਪਹਾੜਾਂ 'ਤੇ ਚੜ੍ਹਦੇ ਹੋਏ ਆ ਰਹੇ ਨੇ। ਬਰਫਾਂ 'ਤੇ ਚਲੇ ਆ ਰਹੇ ਨੇ। ਇਨ੍ਹਾਂ ਕੋਲ ਕਿਹੜੀ ਸ਼ਕਤੀ ਹੈ ਜਿਹਦੇ ਕਰਕੇ ਇੱਥੇ ਪਹੁੰਚ ਗਏ। ਜਦੋਂ ਸਿੱਧਾਂ ਦੇ ਪਾਸ ਗੁਰੂ ਨਾਨਕ ਜਾਂਦੇ ਨੇ, ਬੈਠ ਗਏ, ਬਚਨ ਬਿਲਾਸ ਚੱਲ ਪਏ ਉਨ੍ਹਾਂ ਦੇ। ਓਸ ਵੇਲੇ ਸਾਰੇ ਸਿੱਧਾਂ ਨੇ ਏਸ ਗੱਲ ਨੂੰ ਜਾਨਣ ਦਾ ਯਤਨ ਕੀਤਾ ਕਿ ਇਹ ਕੋਈ ਵਲੀ ਪੁਰਸ਼ ਆ ਗਿਆ। ਵੈਸੇ ਤਾਂ ਇੱਥੇ ਹੋਈ ਪਹੁੰਚ ਹੀ ਨਹੀਂ ਸਕਦਾ ਤੇ ਇਹ ਆ ਗਿਆ। ਇਸ ਤੋਂ ਪਹਿਲਾਂ ਹਿੰਦੋਸਤਾਨ ਦਾ ਹਾਲ ਚਾਲ ਪੁੱਛਣਾ ਚਾਹੀਦਾ ਹੈ। ਜਿਹਨੂੰ ਇਹ ਮਾਤ ਲੋਕ ਕਹਿੰਦੇ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਦੇ ਪਾਸ ਉਨ੍ਹਾਂ ਨੇ ਇਸ ਤਰ੍ਹਾਂ ਦੇ ਪ੍ਰਸ਼ਨ ਕਰਕੇ ਪੁੱਛ ਕੀਤੀ –

ਧਾਰਨਾ – ਮਾਤ ਲੋਕ ਵਿਚ ਕੀ ਹੈ ਵਰਤਾਰਾ,
ਸਿੱਧ ਪੁੱਛਣ ਦੱਸੀਂ ਨਾਨਕਾ।

ਫਿਰਿ ਪੁਛਣਿ ਸਿਧ ਨਾਨਕਾ!
ਮਾਤ ਲੋਕ ਵਿਚਿ ਕਿਆ ਵਰਤਾਰਾ?
ਭਾਈ ਗੁਰਦਾਸ ਜੀ, ਵਾਰ /੨੯

ਕਿਉਂਕਿ ਤੂੰ ਹੁਣੇ-ਹੁਣੇ ਹਿੰਦੋਸਤਾਨ ਤੋਂ ਆਇਆ ਹੈ, ਭਾਰਤ ਵਰਸ਼ 'ਚੋਂ ਆਇਆ ਹੈ। ਇਹ ਦੱਸ ਕਿ ਉਥੇ ਹੁਣ ਕੀ ਵਰਤ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਲੋਕ ਰਹਿ ਰਹੇ ਨੇ, ਕਿਵੇਂ ਕਰਮ ਧਰਮ ਚੱਲ ਰਹੇ ਨੇ, ਕਿਵੇਂ ਪੂਜਾ ਪਾਠ ਚੱਲ ਰਹੇ ਨੇ। ਕਿਸ ਤਰ੍ਹਾਂ ਦੇ ਨਾਲ ਪਰਜਾ ਰਹਿ ਰਹੀ ਹੈ। ਕਿਸ ਤਰ੍ਹਾਂ ਦੇ ਨਾਲ ਉਪਦੇਸ਼ਕ ਲੋਕ ਜਿਹੜੇ ਨੇ ਉਹ ਰਹਿ ਰਹੇ ਨੇ? ਕਿਸ ਤਰ੍ਹਾਂ ਦੇ ਨਾਲ ਸੇਵਾ ਕਰਨ ਵਾਲੇ ਸੇਵਕ ਨੇ, ਚੇਲੇ ਨੇ ਕਿਵੇਂ ਰਹਿ ਰਹੇ ਨੇ? ਰਾਜੇ ਕਿਹੋ ਜਿਹੇ ਨੇ, ਇਸਤਰੀ ਤੇ ਪੁਰਖਾਂ ਨੇ ਮਰਿਯਾਦਾ ਕਾਇਮ ਰੱਖੀ ਹੋਈ ਹੈ ਕਿ ਛੱਡ ਦਿੱਤੀ? ਇਹ ਸਵਾਲ ਉਨ੍ਹਾਂ ਨੇ ਗੁਰੂ ਨਾਨਕ 'ਤੇ ਕਰ ਦਿੱਤਾ।

ਸਭ ਸਿਧੀ ਇਹ ਬੁਝਿਆ
ਕਲਿ ਤਾਰਣਿ ਨਾਨਕ ਅਵਤਾਰਾ।
ਭਾਈ ਗੁਰਦਾਸ ਜੀ, ਵਾਰ /੨੯

ਬਚਨਾਂ ਤੋਂ ਬੁੱਝ ਲਿਆ ਕਿ ਕਲਜੁਗ ਨੂੰ ਤਾਰਨ ਵਾਲਾ ਇਹ ਆ ਗਿਆ ਨਾਨਕ।

ਬਾਬੇ ਕਿਹਾ ਨਾਥ ਜੀ!

ਕੀ ਦੱਸੀਏ? ਸੱਚ ਦਾ ਚੰਦਰਮਾ ਅਲੋਪ ਹੋ ਗਿਆ ਤੇ ਕੂੜ ਦਾ ਅੰਧਿਆਰਾ ਮੱਸਿਆ ਪੈ ਗਈ ਪੱਕੀਓ ਹੀ। ਚਾਨਣ ਨਜ਼ਰ ਨਹੀਂ ਆਉਂਦਾ –

ਬਾਬੇ ਆਖਿਆ: ਨਾਥ ਜੀ! ਸਚੁ ਚੰਦਰਮਾਂ ਕੂੜੁ ਅੰਧਾਰਾ।
ਭਾਈ ਗੁਰਦਾਸ ਜੀ, ਵਾਰ /੨੯

ਹਨ੍ਹੇਰਾ ਹੀ ਹਨ੍ਹੇਰਾ ਪਿਆ ਹੈ ਤੇ ਮੈਂ ਟੋਲ੍ਹਦਾ ਫਿਰਦਾ ਹਾਂ ਕਿ ਕਿਤੇ ਕੋਈ ਕਿਰਨ ਰੋਸ਼ਨੀ ਦੀ ਨਜ਼ਰ ਆ ਜਾਵੇ ਲੇਕਿਨ ਆਈ ਨਹੀਂ ਹੈ, ਇਸ ਤਰ੍ਹਾਂ ਫੁਰਮਾਨ ਕਰਦੇ ਨੇ।

ਧਾਰਨਾ – ਸਾਰੇ ਕੂੜ ਦਾ ਹੋ ਗਿਆ ਵਰਤਾਰਾ,
ਸੱਚ ਵਾਲਾ ਕਾਲ ਪੈ ਗਿਆ।

ਸਚਿ ਕਾਲੁ ਕੂੜੁ ਵਰਤਿਆ
ਕਲਿ ਕਾਲਖ ਬੇਤਾਲ ॥
ਬੀਉ ਬੀਜਿ ਪਤਿ ਲੈ ਗਏ ਅਬ ਕਿਉ ਉਗਵੈ ਦਾਲਿ ॥
ਜੇ ਇਕੁ ਹੋਇ ਤ ਉਗਵੈ ਰੁਤੀ ਹੂ ਰੁਤਿ ਹੋਇ ॥
ਨਾਨਕ ਪਾਹੈ ਬਾਹਰਾ ਕੋਰੈ ਰੰਗੁ ਨ ਸੋਇ ॥
ਭੈ ਵਿਚਿ ਖੁੰਬਿ ਚੜਾਈਐ ਸਰਮੁ ਪਾਹੁ ਤਨਿ ਹੋਇ ॥
ਨਾਨਕ ਭਗਤੀ ਜੇ ਰਪੈ ਕੂੜੈ ਸੋਇ ਨ ਕੋਇ ॥ ੧ ॥
ਮਃ ੧ ॥
ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ ॥
ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ ॥
ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥
ਗਿਆਨੀ ਨਚਹਿ ਵਾਜੇ ਵਾਵਹਿ ਰੂਪ ਕਰਹਿ ਸੀਗਾਰੁ ॥
ਊਚੇ ਕੂਕਹਿ ਵਾਦਾ ਗਾਵਹਿ ਜੋਧਾ ਕਾ ਵੀਚਾਰੁ ॥
ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ
॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ
॥ ਜਤੀ ਸਦਾਵਹਿ ਜੁਗਤਿ ਨ ਜਾਣਹਿ
ਛਡਿ ਬਹਹਿ ਘਰ ਬਾਰੁ ॥
ਸਭੁ ਕੋ ਪੂਰਾ ਆਪੇ ਹੋਵੈ ਘਟਿ ਨ ਕੋਈ ਆਖੈ ॥
ਪਤਿ ਪਰਵਾਣਾ ਪਿਛੈ ਪਾਈਐ
ਤਾ ਨਾਨਕ ਤੋਲਿਆ ਜਾਪੈ ॥ ਅੰਗ – ੪੬੯

ਕਹਿੰਦੇ, ਨਾਥ ਜੀ! ਸੱਚ ਦਾ ਕਾਲ ਪੈ ਗਿਆ। ਸਾਰੇ ਪਾਖੰਡ ਹੀ ਪਾਖੰਡ ਤੇ ਨਿਰਜਿੰਦ ਰਸਮਾਂ ਆ ਗਈਆਂ। ਕੁਛ ਨਹੀਂ ਪਤਾ ਲਗਦਾ। ਜੋ ਰਾਜੇ ਦੀ ਗੱਲ ਕਰੀ ਹੈ, ਲਬ ਬਣ ਗਿਆ ਤੇ ਪਾਪ ਬਣ ਗਿਆ ਰਾਜਾ, ਲੋਕਾਂ ਦਾ ਧਨ ਖੋਹ ਖੋਹ ਕੇ, ਇਕੱਠਾ ਕਰਕੇ ਖਜ਼ਾਨੇ ਭਰ ਲਏ, ਟੈਕਸ ਲਾ ਲਾ ਕੇ, ਜ਼ੇਜ਼ੀਏ ਲਾ ਲਾ ਕੇ, ਐਨਾ ਲਬ ਹੋ ਗਿਆ ਕਿ ਬੇਅੰਤ ਧਨ ਇਕੱਠਾ ਕਰਕੇ ਆਪ ਐਸ਼ਾਂ ਕਰਦੇ ਨੇ ਤੇ ਜਿਹੜਾ ਵਜ਼ੀਰ ਹੈ ਉਹ ਪਾਪ ਦਾ ਰੂਪ ਧਾਰ ਕੇ, ਗਲਤ ਹੋ ਗਿਆ। ਜਿਹੜੇ ਰਾਖੀ ਕਰਨ ਵਾਲੇ ਨੇ ਪਰਜਾ ਦੇ, ਪਰਜਾ ਨੂੰ ਉਨ੍ਹਾਂ ਨੇ ਖਾਣਾ ਸ਼ੁਰੂ ਕਰ ਦਿੱਤਾ। ਵਾੜ ਖੇਤ ਨੂੰ ਖਾ ਰਹੀ ਹੈ ਤੇ ਜੋ ਰਾਜ ਗੱਦੀ 'ਤੇ ਬੈਠੇ ਨੇ, ਰਾਜੇ ਦਾ ਧਰਮ ਹੋਇਆ ਕਰਦਾ ਹੈ ਕਿ –

ਰਾਜੇ ਚੁਲੀ ਨਿਆਵ ਕੀ ....॥
ਅੰਗ – ੧੨੪੦

ਨਿਆਂ ਕਰਨਾ, ਪਰਜਾ ਨੂੰ ਪਾਲਣਾ। ਪਰਜਾ ਨੂੰ ਬਾਲ-ਬੱਚੇ ਸਮਝਣਾ। ਆਪਣਾ ਸਮਝਣਾ ਤੇ ਰਾਜੇ ਨੂੰ ਕਿਸੇ ਚੀਜ਼ ਦੀ ਲੋੜ ਨਹੀਂ ਹੈ। ਪਰਜਾ ਦੀ ਸੇਵਾ ਕਰੇ, ਸੇਵਾ ਕਰਨ ਦੇ ਨਾਲ ਰਾਜੇ ਦਾ ਉਧਾਰ ਹੋ ਜਾਂਦਾ ਹੈ। ਜੋ ਹੁਣ ਦੇ ਰਾਜੇ ਨੇ ਮਹਾਰਾਜ ਕਹਿਣ ਲੱਗੇ ਕਿ ਸੇਵਾ ਤਾਂ ਉਨ੍ਹਾਂ ਨੇ ਕੀ ਕਰਨੀ ਹੈ। ਉਹ ਤਾਂ ਜਿਵੇਂ ਭੇਡ ਬੱਕਰੀਆਂ ਨੂੰ ਕਸਾਈ ਵੱਢਦੇ ਨੇ, ਐਸ ਤਰ੍ਹਾਂ ਦੇ ਨਾਲ ਵੱਢ ਰਹੇ ਨੇ ਤੇ ਉਹ ਰਾਜੇ ਨਹੀਂ ਹਨ। ਐਉਂ ਲਗਦਾ ਹੈ ਕਿ ਤਪ

ਤੋਂ ਹੀਣੇ ਲੋਕ, ਜਿਨ੍ਹਾਂ ਦੀ ਬਿਰਤੀ ਕਸਾਈਆਂ ਵਾਲੀ ਹੈ, ਉਹ ਰਾਜ ਗੱਦੀਆਂ 'ਤੇ ਕਬਜ਼ਾ ਕਰਕੇ ਬੈਠ ਗਏ ਨੇ, ਐਸ ਤਰ੍ਹਾਂ ਦੇ ਨਾਲ ਮਹਾਰਾਜ ਫੁਰਮਾਨ ਕਰਦੇ ਨੇ -

ਧਾਰਨਾ - ਰਾਜ ਗੱਦੀਆਂ 'ਤੇ ਕਸਾਈ ਆ ਕੇ ਬੈਠ ਗਏ।, ਡਾਕੂ ਬਣ ਗਏ ਰਾਖੇ ਪਰਜਾ ਦੇ।

***ਕਲਿ ਆਈ ਕੁਤੇ ਮੁਹੀ ਖਾਜੁ
ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ
ਕੂੜ ਕੁਸਤਿ ਮੁਖਹੁ ਆਲਾਈ।
ਚੇਲੇ ਸਾਜ ਵਜਾਇਦੇ ਨਚਨਿ
ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ
ਗੁਰ ਉਠਿ ਘਰੀ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੇ ਹਕ ਗਵਾਈ।
ਇਸਤ੍ਰੀ ਪੁਰਖੈ ਦਾਮ ਹਿਤ
ਭਾਵੈ ਆਇ ਕਿਥਾਊ ਜਾਈ।
ਵਰਤਿਆ ਪਾਪ ਸਭਸ ਜਗ ਮਾਂਹੀ॥***

ਭਾਈ ਗੁਰਦਾਸ ਜੀ, ਵਾਰ ੧/੩੦

ਕਹਿਣ ਲੱਗੇ, ਨਾਥ ਜੀ! ਮਰੀਆਂ ਹੋਈਆਂ ਚੀਜ਼ਾਂ ਨੂੰ ਖਾਣ ਵਾਲੇ ਆ ਗਏ, ਪਰਜਾ ਨੂੰ ਖਾ ਰਹੇ, ਲੁੱਟ ਰਹੇ ਨੇ, ਬੇਗਾਨਾ ਹੱਕ ਖਾ ਰਹੇ ਨੇ ਤੇ ਕੁੱਤੀ ਮੁਹੀ ਆ ਗਈ, ਰਾਜੇ ਧਰਮ ਕਰਦੇ ਸੀ। ਨਿਆਂ ਕਰਦੇ ਸੀ। ਪਰਜਾ ਦੇ ਮਾਤਾ ਪਿਤਾ ਕਹਾਉਂਦੇ ਸੀ। ਪਰਜਾ ਰੱਬ ਤੋਂ ਦੂਸਰਾ ਦਰਜਾ ਰਾਜੇ ਨੂੰ ਦਿਆ ਕਰਦੀ ਸੀ। ਪਰ ਹੁਣ

ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ।

ਇਹ ਤਾਂ ਵਾੜ ਹੀ ਖੇਤ ਨੂੰ ਖਾਣ ਲਗ ਗਈ -

***ਪਰਜਾ ਅੰਧੀ ਗਿਆਨ ਬਿਨੁ
ਕੂੜ ਕੁਸਤਿ ਮੁਖਹੁ ਆਲਾਈ।***

ਪਰਜਾ ਨੂੰ ਕੋਈ ਗਿਆਨ ਨਹੀਂ, ਕੋਈ ਪਤਾ ਨਹੀਂ ਕਿ ਅਸੀਂ ਆਪਣੇ ਹੱਕਾਂ ਦੀ ਰਾਖੀ ਕਿਵੇਂ ਕਰਨੀ ਹੈ, ਆਪਣਾ ਜੀਵਨ ਕਿਵੇਂ ਗੁਜ਼ਾਰਨਾ ਹੈ। ਬਿਲਕੁਲ ਅਣਜਾਣ ਹੋ ਗਏ ਤੇ ਓਧਰ ਰਾਜੇ ਦੂਜੇ ਪਾਸੇ ਨੇ ਤੇ ਪਰਜਾ ਇਧਰਲੇ ਪਾਸੇ ਨੇ, ਦੋਹੇਂ extream ਦੇ ਉਤੇ ਨੇ। ਦੋਵੇਂ ਭੁੱਲੀਂ ਫਿਰਦੇ ਨੇ, ਪਰਜਾ ਵੀ ਭੁੱਲੀਂ ਫਿਰਦੀ ਹੈ, ਰਾਜੇ ਵੀ ਭੁੱਲੇ ਫਿਰਦੇ ਨੇ ਤੇ ਗਿਆਨ ਹੈ ਨਹੀਂ, ਝੂਠ ਤੁਫਾਨ ਮੂੰਹੋਂ ਬੋਲੀ ਜਾਂਦੇ ਨੇ। ਆਪਸ ਵਿਚ ਇਤਫਾਕ ਨਹੀਂ ਕਿਸੇ ਦਾ ਵੀ। ਜਿਹੜੇ ਆਚਾਰੀਆਂ ਨੇ ਉਹ ਵੀ ਗਿਰ ਚੁੱਕੇ ਨੇ, ਚੇਲੇ ਸਾਜ ਵਜਾਉਂਦੇ ਨੇ, ਗੁਰੂ ਨਚਦੇ ਫਿਰਦੇ ਨੇ। ਸੇਵਕ ਘਰਾਂ 'ਚ ਬੈਠੇ ਨੇ, ਹੁਣ ਗੁਰੂ ਟੋਲ੍ਹਦਾ ਫਿਰਦਾ ਹੈ ਕਿ ਫਲਾਣਾ ਸੇਵਕ ਜੇ ਮੇਰੇ ਕਾਬੂ ਆ ਜਾਵੇ, ਪੈਸੇ ਵਾਲਾ ਹੈ, ਉਹਦਾ ਰਸੂਖ ਵੀ ਹੈ, ਉਹਦੇ ਨਾਲ ਆਹ ਪਿੰਡ ਸਾਰਾ ਹੀ ਆ ਜਾਏਗਾ। ਉਹਨੂੰ ਟੋਲ੍ਹਦੇ ਨੇ, ਉਹਦੀ ਵਡਿਆਈ ਕਰਦੇ ਨੇ, ਪਬਲਿਕ ਦੇ ਵਿਚ ਸਿਰੋਪੇ ਦਿੰਦੇ ਨੇ। ਬੜਾ ਮਾਣ ਕਰਦੇ ਨੇ ਕਿ ਇਹ ਲੱਭ ਜਾਵੇ ਮੈਨੂੰ। ਕਹਿੰਦੇ, ਸੇਵਕਾਂ ਨੂੰ ਭਾਲਣ ਵਾਸਤੇ ਗੁਰੂ ਉਨ੍ਹਾਂ ਦੇ ਘਰ ਤੁਰੇ ਫਿਰਦੇ ਨੇ ਕਿ ਆਹ ਬੰਦਾ ਸਾਡੇ ਤੋਂ ਦੂਰ ਨਾ ਹੋ ਜਾਵੇ ਕਿਤੇ, ਤੇ ਸੇਵਕ ਜਿਹੜੇ ਨੇ ਬੇਪਰਵਾਹ ਨੇ ਗੁਰੂ ਦੇ ਦਰਸ਼ਨ ਨੂੰ ਨਹੀਂ ਜਾਂਦੇ, ਘਰ 'ਚ ਬਹਿੰਦੇ ਨੇ। ਗੁਰੂ ਆਪ ਤੁਰੇ ਫਿਰਦੇ ਨੇ ਸੇਵਕਾਂ ਦੇ ਘਰਾਂ 'ਚ। ਜਿਹੜੇ ਜੱਜ ਨੇ ਇਹ ਰਿਸ਼ਵਤ ਤੋਂ ਬਗੈਰ ਕੋਈ ਗੱਲ ਨਹੀਂ ਕਰਦੇ। ਪੈਸੇ ਲੈਂਦੇ ਨੇ। ਜਿਹਦਾ ਹੱਕ ਹੈ ਉਹ ਦੂਸਰੇ ਨੂੰ ਦੇ ਦਿੰਦੇ ਨੇ। ਜਿਹੜਾ ਬੇਕਸੂਰ ਹੈ ਉਹਦੇ ਉਤੇ ਕਸੂਰ ਪਾ ਦਿੰਦੇ ਨੇ। ਕੇਸ ਪਾ ਦਿੰਦੇ ਨੇ, ਕਹਿੰਦੇ ਆਹ ਹੋ ਰਿਹਾ ਹੈ। ਪਹਿਲਾਂ ਇਸਤ੍ਰੀ ਪਤੀਵਰਤਾ ਹੁੰਦੀ, ਆਪਣੇ ਪਤੀ ਤੋਂ ਬਗੈਰ ਕਿਸੇ ਦਾ ਪਰਛਾਵਾਂ ਆਪਣੇ ਸਰੀਰ 'ਤੇ ਨਹੀਂ ਸੀ ਪੈਣ ਦਿੰਦੀ। ਜੋ ਪਤੀ ਹੋਇਆ ਕਰਦਾ ਸੀ ਉਹ ਸਤਿ ਦਾ ਜੀਵਨ ਬਤੀਤ ਕਰਨ ਵਾਲਾ ਹੋਇਆ ਕਰਦਾ ਹੈ। ਕਿਸੇ ਪਰਾਈ ਇਸਤ੍ਰੀ ਵਲ ਨਿਗ੍ਹਾ ਚੁੱਕ ਕੇ ਨਹੀਂ ਸੀ ਦੇਖਦਾ। ਕਹਿੰਦੇ, ਇਹ ਮਰਿਯਾਦਾ ਟੁੱਟ ਗਈ, ਇਸਤਰੀਆਂ ਦੇ ਆਪਣੇ ਰਾਹ ਨੇ, ਪਤੀਆਂ ਦੇ ਆਪਣੇ ਰਾਹ ਨੇ, ਪਿਆਰ ਕਿਸ ਚੀਜ਼ ਦਾ ਰਹਿ ਗਿਆ, ਸਾਂਝ ਕਿਸ ਚੀਜ਼ ਦੀ ਰਹਿ ਗਈ, ਪੈਸੇ ਦੀ ਸਾਂਝ ਰਹਿ ਗਈ। ਉਹ ਭਾਵੇਂ ਕਿਤੇ ਤੁਰਿਆ ਫਿਰੇ, ਉਹ ਕਿਤੇ ਤੁਰੀ ਫਿਰੇ, ਪੈਸਾ ਹੋਣਾ ਚਾਹੀਦਾ ਹੈ। ਪੈਸਾ ਇਨ੍ਹਾਂ ਨੂੰ ਇੱਕ ਦੂਜੇ ਨਾਲ ਜੋੜਦਾ ਹੈ, ਪਿਆਰ ਨਹੀਂ ਰਿਹਾ। ਕੀ ਦੱਸੀਏ, ਪਾਪ ਦਾ ਪਸਾਰਾ ਹੋ ਗਿਆ ਸਾਰੇ। ਪਾਪ ਹੀ ਪਾਪ ਨਜ਼ਰ ਆਉਂਦਾ ਹੈ।

ਰਾਜੇ ਕਸਾਈ ਬਣ ਗਏ, ਕਲਜੁਗ ਦੀ ਕੈਂਚੀ ਦੇ ਨਾਲ ਪਰਜਾ ਨੂੰ ਕੱਟਣਾ ਸ਼ੁਰੂ ਕਰ ਦਿੱਤਾ ਇਨ੍ਹਾਂ ਨੇ।

***ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥
ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥
ਹਉ ਭਾਲਿ ਵਿਕੁੰਨੀ ਹੋਈ ॥ ਆਧੇਰੈ ਰਾਹੁ ਨ ਕੋਈ ॥***

ਅੰਗ - ੧੪੫

ਕਹਿੰਦੇ ਨਾਥ ਜੀ! ਘੁੱਪ ਹਨ੍ਹੇਰ ਪਿਆ ਹੈ, ਕੋਈ ਰਸਤਾ ਨਹੀਂ ਲੱਭਦਾ, ਨਾ ਮੱਠਾਂ 'ਤੇ ਕੋਈ ਰਸਤਾ ਹੈ, ਨਾ ਮੰਦਰਾਂ 'ਚ ਕੋਈ ਰਾਹ ਲੱਭਦਾ ਹੈ, ਨਾ ਕਿਤੇ ਮਸੀਤਾਂ 'ਚ ਰਾਹ ਲੱਭਦਾ ਹਾਂ। ਮੈਂ ਸਾਰੇ ਫਿਰ ਤੁਰ ਕੇ ਆਇਆ ਹਾਂ।

***ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫***

ਹੋਏਗਾ ਕੀ ਸੰਸਾਰ ਦਾ? ਇਹ ਤਾਂ ਇੱਕ ਹੋਵੇ ਤਾਂ ਹੋਵੇ, ਇਹ ਤਾਂ ਬਿਮਾਰੀ ਫੈਲ ਗਈ ਸਾਰੇ। ਐਸਾ ਹਾਲ ਹੋ ਗਿਆ ਉਨ੍ਹਾਂ ਦਾ, ਕਰਮ ਧਰਮ ਸਾਰੇ ਟੁੱਟ ਗਏ ਪਹਿਲੇ ਜੁਗਾਂ ਦੇ। ਕਿਉਂ ਟੁੱਟ ਗਏ? ਕਹਿੰਦੇ, ਨੀਚ ਦੇ ਘਰ ਜਨਮ ਹੋ ਗਿਆ।

***ਇਸੁ ਕਲਿਜੁਗ ਮਹਿ ਕਰਮ ਧਰਮੁ ਨ ਕੋਈ ॥
ਕਲੀ ਕਾ ਜਨਮੁ ਚੰਡਾਲ ਕੈ ਘਰਿ ਹੋਈ ॥ ਅੰਗ - ੧੬੧***

ਉਸ ਨੇ ਆਪਣੀ ਨੀਚਤਾ ਫੈਲਾਉਣੀ ਸ਼ੁਰੂ ਕਰ ਦਿੱਤੀ।

ਨਾਨਕ ਨਾਮ ਬਿਨਾ ਕੋ ਮੁਕਤਿ ਨ ਹੋਈ ॥ਅੰਗ - ੧੬੧

ਬਾਕੀ ਜਿਹੜੇ ਰਾਜੇ ਨੇ ਇਹ ਤਾਂ ਸ਼ੇਰਾਂ ਵਾਂਗੂੰ ਮਾਰਦੇ ਨੇ ਪਬਲਿਕ ਨੂੰ। ਰਾਜੇ ਤੇ ਮੁਕੱਦਮ, ਇੰਤਜ਼ਾਮ ਕਰਨ ਵਾਲੇ ਛੋਟੇ ਅਫਸਰ ਇਹ ਰਾਜੇ ਦੇ ਕੋਲ ਜਾ ਕੇ ਚੁਗਲੀਆਂ ਕਰਦੇ ਨੇ।

ਮੁਖਬਰੀਆਂ ਕਰਦੇ ਨੇ ਕਿ ਆਹ ਬੰਦਾ ਐਉਂ ਕਹਿੰਦਾ ਹੈ ਜੀ ਤੁਹਾਨੂੰ। ਮਹਾਰਾਜ! ਇਹਦੇ ਕੋਲ ਬੜਾ ਧਨ ਹੈ, ਜੇ ਥੋੜ੍ਹਾ ਜਿਹਾ ਖਿੱਚ ਦੇਵੋਂ ਤੁਹਾਨੂੰ ਧਨ ਹੀ ਧਨ ਮਿਲ ਜਾਏਗਾ। ਥੋੜ੍ਹੀ ਜਿਹੀ ਤੰਗੀ ਕਰ ਦਿਓ, ਦੇਖੋ ਤਾਂ ਸਹੀ ਲੈ ਜਾਓ ਫੜ ਕੇ ਦੇਖੋ, ਕਿਵੇਂ ਧਨ ਘਟਦਾ ਹੈ। ਇਹਦੀਆਂ ਲੜਕੀਆਂ ਬੜੀਆਂ ਖੂਬਸੂਰਤ ਨੇ ਮਹਾਰਾਜ। ਇਹਦੇ ਕੋਲ ਹੋਰ ਬੜੀਆਂ ਚੀਜ਼ਾਂ ਨੇ। ਲੇਕਿਨ ਤੁਹਾਡਾ ਦੋਖੀ ਹੈ ਇਹ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਤਾਂ ਰਾਜ ਪ੍ਰਬੰਧ ਚਲਦਾ ਹੈ।

ਰਾਜੇ ਸੀਹ ਮੁਕਦਮ ਕੁਤੇ ॥
ਜਾਇ ਜਗਾਇਨਿ ਬੈਠੇ ਸੁਤੇ ॥ ਅੰਗ - ੧੨੮੮

ਰਾਜੇ ਸ਼ੇਰ ਨੇ ਤੇ ਹਾਕਮ ਕੁੱਤੇ ਬਣੇ ਹੋਏ ਨੇ। ਰਾਜਾ ਬੈਠਾ ਹੈ ਚੁੱਪ ਕਰਿਆ ਹੋਇਆ, ਚੁਗਲੀਆਂ ਕਰ-ਕਰ ਕੇ ਉਹਨੂੰ ਜਗਾ ਦਿੰਦੇ ਨੇ। ਉਹ ਕੀ ਕਰਦਾ ਹੈ, ਕਹਿੰਦੇ ਫੇਰ ਉਹ ਝਪਟਾ ਮਾਰਦਾ ਹੈ।

ਚਾਕਰ ਨਹਦਾ ਪਾਇਨਿ੍ ਘਾਉ ॥ ਅੰਗ - ੧੨੮੮

ਚਾਕਰਾਂ ਨੂੰ ਹੁਕਮ ਦੇ ਦਿੰਦਾ ਹੈ, ਉਹ ਨਹੁੰਦਰਾਂ ਦੇ ਨਾਲ ਵਲੂੰਦਰ ਦਿੰਦੇ ਨੇ ਉਹਨੂੰ। ਉਹਦਾ ਧਨ ਵੀ ਖੋਹ ਲੈਂਦੇ ਨੇ, ਦੁਖੀ ਕਰਦੇ ਨੇ। ਕਹਿੰਦੇ ਜਿਹੜਾ ਬਾਕੀ ਕੁਛ ਥੋੜ੍ਹਾ ਬਹੁਤਾ ਬਚ ਜਾਂਦਾ ਹੈ -

ਰਤੁ ਪਿਤੁ ਕੁਤਿਹੋ ਚਟਿ ਜਾਹੁ ॥ ਅੰਗ - ੧੨੮੮

ਕਹਿੰਦੇ ਜਿਹੜੇ ਛੋਟੇ ਹਾਕਮ ਨੇ, ਜਦੋਂ ਰਾਜੇ ਦੀ ਨਿਗ੍ਹਾਂ ਗਲਤ ਹੋ ਗਈ ਫੇਰ ਕੁੱਤੇ ਉਹਦਾ ਖੂਨ ਆਪ ਚੱਟ ਜਾਂਦੇ ਨੇ। ਜਿੱਥੇ ਜੀਅ ਹੋਸੀ ਛਾਰ, ਪਰ ਵਾਹਿਗੁਰੂ ਤਾਂ ਸਾਰਿਆਂ ਨੂੰ ਸੰਭਾਲਣ ਵਾਲਾ ਹੈ, ਜਦੋਂ ਸਾਰ ਹੋਈ ਉਥੇ ਦਰਗਾਹ 'ਚ ਜਾ ਕੇ ਇਨ੍ਹਾਂ ਦੇ ਨੱਕ ਵੱਢੇ ਜਾਣੇ ਨੇ। ਸੋ ਇਸ ਤਰ੍ਹਾਂ ਦੇ ਨਾਲ ਰਾਜੇ ਨੂੰ ਜਿਹੜੀ ਪਰਜਾ ਚੌਧਰੀ ਨੇ, ਮੁਕਦਮ ਨੇ, ਇਹ ਜਗਾਉਂਦੇ ਨੇ, ਉਹ ਕਹਿੰਦੇ ਨਹੁੰਦਰਾਂ ਦੇ ਨਾਲ ਧਨ ਮਾਲ ਲੁੱਟ ਕੇ, ਜਿਹੜਾ ਬਾਕੀ ਦੀ ਥੋੜੀ ਬਹੁਤੀ ਰੱਤ ਉਨ੍ਹਾਂ 'ਚ ਰਹਿ ਜਾਂਦੀ ਹੈ, ਉਹਨੂੰ ਇਹ ਕਹਿੰਦੇ ਨੇ ਕੁੱਤੇ ਚੱਟ ਜਾਂਦੇ ਨੇ, ਆਹ ਹਾਲ ਕਹਿੰਦੇ ਭਾਈ ਮਾਤ ਲੋਕ ਦੇ ਵਿਚ ਹੋ ਰਿਹਾ ਹੈ। ਬਾਕੀ ਜਿਹੜੇ ਹੈਗੇ ਆਗੂ ਸੰਸਾਰ ਦੇ, ਉਨ੍ਹਾਂ ਦੀਆਂ ਅੱਖਾਂ ਨਹੀਂ ਰਹੀਆਂ, ਭੇਖ ਦੇ ਵਿਚ ਪੈ ਗਏ, ਭਰਮਾਂ 'ਚ ਪੈ ਗਏ, ਲੋਕਾਂ ਨੂੰ ਵੰਡ ਦਿੱਤਾ, ਮਰਿਆਦਾ ਸੰਪਰਦਾਵਾਂ ਬਣ ਗਈਆਂ। ਹਿੰਦੋਸਤਾਨ 'ਚ ਕਿੰਨੀਆਂ ਹੀ ਸੰਪਰਦਾਵਾਂ ਨੇ, ਕਦੇ ਸੋਚ ਕੇ ਦੇਖੋ, ਇੱਕ ਸੰਤ ਹੋਏ ਨੇ ਗਣੇਸ਼ਾ ਦਾਸ ਜੀ, ਉਨ੍ਹਾਂ ਨੇ ਹਿੰਦੋਸਤਾਨ 'ਚ ਫਿਰ ਕੇ ਇੱਕ ਲਿਸਟ ਬਣਾਈ ਕਿ ਕਿੰਨੀਆਂ ਸੰਪਰਦਾਵਾਂ ਨੇ, ਉਨ੍ਹਾਂ ਨੇ ਗਿਣਿਆ ਕਿ 33,200 ਸੰਪਰਦਾ ਹਿੰਦੋਸਤਾਨ 'ਚ ਨੇ, ਜਿਸ ਦੇਸ਼ 'ਚ 38000 ਕਿਸਮ ਦੇ ਮਾਨਤਾ ਕਰਨ ਵਾਲੇ ਰਹਿੰਦੇ ਹੋਣ, ਉਥੇ ਏਕਤਾ ਕਿਵੇਂ ਹੋ ਸਕਦੀ ਹੈ। ਉਥੇ ਇੱਕ ਖਿਆਲ 'ਤੇ ਕਿਵੇਂ ਆ ਸਕਦੇ ਨੇ, ਮਹਾਰਾਜ ਕਹਿੰਦੇ, ਪਾਰ ਕੋਈ ਨਹੀਂ ਲੰਘ ਰਿਹਾ। ਉਹ ਤਾਂ ਜਿੰਨੀ ਪਰਜਾ ਸੀ, ਜਿੰਨੀ ਦੁਨੀਆਂ ਸੀ, ਕਹਿੰਦੇ ਅੰਨ੍ਹੇ ਆਗੂਆਂ ਨੇ, ਅੰਨ੍ਹੇ ਖੂਹ ਵਿਚ ਸੁੱਟ ਦਿੱਤੀ, ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਅੰਨ੍ਹੇ ਖੂਹ ਵਿਚ ਸੁੱਟ 'ਤੀ,
ਦੁਨੀਆਂ ਅੰਨ੍ਹੇ ਆਗੂਆਂ ਨੇ।

ਮਹਾਰਾਜ ਕਹਿੰਦੇ, ਨਾਥ ਜੀ! ਜਿਹੜੇ ਅਨੁਭਵ ਤੋਂ ਹੀਣੇ ਨੇਤ੍ਰਹੀਣ ਆਗੂ ਨੇ, ਉਨ੍ਹਾ ਨੇ ਦੁਨੀਆਂ ਦੀਆਂ ਅੱਖਾਂ ਵੀ ਲੈ ਲਈਆਂ ਤੇ ਉਨ੍ਹਾਂ ਨੂੰ ਅੰਨ੍ਹੇ ਖੂਹ ਵਿਚ ਸੁੱਟਣਾ ਸ਼ੁਰੂ ਕਰਿਆ ਹੋਇਆ ਹੈ, ਕੋਈ ਪਾਰ ਉਤਾਰਾ ਸੁਝਦਾ ਨਹੀਂ ਸੰਸਾਰ ਦਾ। ਭਰਮ ਤੇ ਵਹਿਮ ਪ੍ਰਚਲਤ ਹੋ ਗਏ। ਪਾਖੰਡ ਜਿਹਨੂੰ ਕਹਿੰਦੇ ਨੇ, ਹਰ ਥਾਂ ਦੇ ਉਤੇ ਪਾਖੰਡ ਹੀ ਪਾਖੰਡ ਨਜ਼ਰ ਆਉਂਦਾ ਹੈ। ਬੜੇ ਅਸੀਂ ਦੇਖੇ ਨੇ -

ਜਤੀ ਸਤੀ ਚਿਰੁਜੀਵਣੇ ਸਾਧਿਕ ਸਿਧ ਨਾਥ ਗੁਰੁ ਚੇਲੇ।
ਦੇਵੀ ਦੇਵ ਰਿਖੀਸੁਰਾ ਭੈਰਉ ਖੇਤ੍ਰਪਾਲਿ ਬਹੁ ਮੇਲੇ।
ਗਣ ਗੰਧਰਬ ਅਪਸਰਾ ਕਿੰਨਰ ਜਖ ਚਲਿਤਿ ਬਹੁ ਖੇਲੇ।
ਰਾਕਸਿ ਦਾਨੋ ਦੈਤ ਲਖ ਅੰਦਰਿ ਦੂਜਾ ਭਾਉ ਦੁਹੇਲੇ।
ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।
ਗੁਰਮੁਖਿ ਕੋਇ ਨ ਦਿਸਈ ਢੂੰਡੇ ਤੀਰਥਿ ਜਾਤ੍ਰੀ ਮੇਲੇ।
ਭਾਈ ਗੁਰਦਾਸ ਜੀ, ਵਾਰ ੧/੨੯

ਸਭ ਹਉਮੈ ਹੀ ਹਉਮੈ ਪ੍ਰਧਾਨ ਹੋਈ ਪਈ ਹੈ। ਇੱਕ ਦੂਜੇ ਨੂੰ ਕੋਈ ਨਹੀਂ ਮੰਨਦਾ, ਇੱਕ ਘਰ ਦੇ ਅੰਦਰ, ਇੱਕ ਸੂਰਜ ਨੂੰ ਮੰਨਣ ਵਾਲਾ ਹੈ, ਇੱਕ ਚੰਦਰਮਾ ਨੂੰ ਮੰਨਣ ਵਾਲਾ ਹੈ, ਇੱਕ ਤਾਰਿਆਂ ਨੂੰ ਮੰਨਣ ਵਾਲਾ, ਇੱਕ ਧਰਮਰਾਜ ਨੂੰ ਮੱਥੇ ਟੇਕਦਾ ਹੈ। ਇੱਕ ਰਾਮਚੰਦਰ ਜੀ ਨੂੰ ਮੰਨਦਾ ਹੈ, ਇੱਕ ਸ਼ਿਵ ਜੀ ਨੂੰ ਮੰਨਦਾ ਹੈ, ਇੱਕ ਭੈਰੋ ਨੂੰ ਮੰਨਦਾ ਹੈ, ਇੱਕ ਦੇਵੀ ਨੂੰ ਮੰਨਦਾ ਹੈ, ਇੱਕੋ ਹੀ ਘਰ ਦੇ ਅੰਦਰ ਅੱਡ-ਅੱਡ ਖਿਆਲ, ਅੱਡ-ਅੱਡ ਮੱਤ ਨੇ, ਅੱਡ-ਅੱਡ ਧਾਰਨਾ ਨੇ। ਸੱਚ ਕਿਨਾਰੇ ਰਹਿ ਗਿਆ, ਕਿਤੇ ਨਹੀਂ ਪਤਾ ਲਗਦਾ। ਕਹਿੰਦੇ -

ਹਉਮੈ ਅੰਦਰਿ ਸਭਿ ਕੋ ਡੁਬੇ ਗੁਰੂ ਸਣੇ ਬਹੁ ਚੇਲੇ।

ਅਸੀਂ ਮੇਲਿਆਂ 'ਤੇ, ਯਾਤਰੂ ਜਿਹੜੇ ਜਾ ਰਹੇ ਨੇ ਉਨ੍ਹਾਂ ਨੂੰ ਵੀ, ਤੀਰਥਾਂ ਦੇ ਉਤੇ ਵੀ, ਸਾਰੇ ਢੂੰਡੇ, ਹਿੰਦੂ ਵੀ ਦੇਖੇ ਅਸੀਂ, ਤੁਰਕਾਂ ਨੂੰ ਮਿਲ ਕੇ ਵੱਡਿਆਂ-ਵੱਡਿਆਂ ਨੂੰ ਦੇਖਿਆ -

ਡਿਠੇ ਹਿੰਦੂ ਤੁਰਕਿ ਸਭਿ
ਪੀਰ ਪੈਕੰਬਰਿ ਕਉਮਿ ਕਤੇਲੇ।
ਭਾਈ ਗੁਰਦਾਸ ਜੀ, ਵਾਰ ੧/੨੯

ਪੀਰਾਂ-ਪੈਕੰਬਰਾਂ ਨੂੰ ਮਿਲੇ ਤੇ ਉਨ੍ਹਾਂ ਕੌਮਾਂ ਨੂੰ ਜਿਹੜੇ ਤਲਵਾਰ ਦੇ ਜ਼ੋਰ ਨਾਲ ਦੂਜੇ ਦਾ ਧਰਮ ਬਦਲਦੇ ਨੇ, ਉਨ੍ਹਾਂ ਨੂੰ ਵੀ ਮਿਲ ਕੇ ਅਸੀਂ ਦੇਖਿਆ, ਨਤੀਜਾ ਕੱਢਿਆ -

ਅੰਧੀ ਅੰਧੇ ਖੂਹੇ ਠੇਲੇ। ਭਾਈ ਗੁਰਦਾਸ ਜੀ, ਵਾਰ ੧/੨੯

ਅੰਨ੍ਹਿਆਂ ਨੇ ਅੰਨ੍ਹਿਆਂ ਨੂੰ ਖੂਹ ਦੇ ਵਿਚ ਸੁੱਟ ਦਿੱਤਾ। ਕਹਿੰਦੇ, ਆਹ ਹਾਲ ਮਾਤ ਲੋਕ ਦਾ ਹੈ। ਜਦੋਂ ਮਹਾਰਾਜ ਤੋਂ ਬਚਨ ਸੁਣੇ।

ਬਾਬੇ ਆਖਿਆ : ਨਾਥ ਜੀ! ਸਚੁ ਚੰਦ੍ਰਮਾਂ ਕੂੜੁ ਸੰਸਾਰਾ।
ਪਾਪ ਗਿਰਾਸੀ ਪਿਰਥਮੀ
ਧਉਲੁ ਖੜਾ ਧਰਿ ਹੇਠ ਪੁਕਾਰਾ।
(ਭਾਈ ਗੁਰਦਾਸ ਜੀ, ਵਾਰ ੧/੨੯)

ਤੁਹਾਡੇ ਕੋਲ ਵੀ ਮੈਂ ਇਹ ਦੇਖਣ ਵਾਸਤੇ ਆਇਆ ਹਾਂ, ਕੀ ਇੱਥੇ ਸੱਚ ਹੈ ਕਿ ਨਹੀਂ ਹੈ। ਬਾਕੀ ਸੰਸਾਰ ਤਾਂ ਜਿਹੜਾ ਹੈ -

ਪਾਪ ਗਿਰਾਸੀ ਪਿਰਥਮੀ
ਧਉਲੁ ਖੜਾ ਧਰਿ ਹੇਠ ਪੁਕਾਰਾ।
(ਭਾਈ ਗੁਰਦਾਸ ਜੀ, ਵਾਰ ੧/੨੬)

ਪੁਕਾਰਾਂ ਕਰ ਰਿਹਾ ਹੈ, ਰੋ ਰਿਹਾ ਹੈ ਧੌਲ, ਅਕਾਲ ਪੁਰਖ ਦੇ ਦਰ 'ਤੇ ਫਰਿਆਦਾਂ ਕਰ ਰਿਹਾ ਹੈ ਤੇ ਐਸ ਵੇਲੇ -

ਥੰਮੇ ਕੋਇ ਨ ਸਾਧੁ ਬਿਨੁ
ਸਾਧੁ ਨ ਦਿਸੈ ਜਗਿ ਵਿਚਿ ਕੋਆ।
ਭਾਈ ਗੁਰਦਾਸ ਜੀ, ਵਾਰ ੧/੨੩

ਸਾਧ ਤੋਂ ਬਗੈਰ ਐਸ ਵੇਲੇ ਕੋਈ ਨਹੀਂ ਸੰਸਾਰ ਨੂੰ ਸੰਭਾਲ ਸਕਦਾ। ਲੇਕਿਨ ਸਾਧ ਸੰਸਾਰ ਵਿਚ ਹੈ ਨਹੀਂ।

ਗੁਰੂ ਨਾਨਕ ਪਾਤਸ਼ਾਹ ਸੰਤ ਬਣਾਉਣ ਆਏ ਸੀ, ਸਾਧ ਪੈਦਾ ਕਰਨ ਆਏ ਸੀ। ਕਿਉਂਕਿ ਜਦੋਂ ਸਾਧ ਦੀ ਅਣਹੋਂਦ ਹੋ ਜਾਂਦੀ ਹੈ ਉਸ ਵੇਲੇ ਪ੍ਰਿਥਵੀ ਦੇ ਉਤੇ ਬੇਅੰਤ ਜ਼ੁਲਮ, ਬੇਅੰਤ ਜ਼ੁਲਮ ਸ਼ੁਰੂ ਹੋ ਜਾਂਦੇ ਨੇ। ਕਹਿੰਦੇ, ਸਾਧ ਕੋਈ ਦਿਸਦਾ ਨਹੀਂ ਹੈ। ਸਾਧ ਬਿਨਾਂ ਇਹ ਪ੍ਰਿਥਵੀ ਜਿਹੜੀ ਹੈ, ਇਹਦਾ ਧੌਲ ਜਿਹੜਾ ਹੈ ਉਹ ਪੁਕਾਰਾਂ ਕਰ ਰਿਹਾ ਹੈ ਤੇ ਤੁਸੀਂ ਲੋਕ ਡਰ ਗਏ, ਚੰਗਿਆਈ ਸਾਰੀ ਨਿਕਲ ਆਈ, ਸੁਸਾਇਟੀ 'ਚੋਂ, ਨਿਕਲ ਕੇ ਤੁਸੀਂ ਛੁਪ ਕੇ ਬਹਿ ਗਏ, ਹੁਣ ਮਾੜੇ ਬੰਦਿਆਂ ਦਾ ਹਾਲ ਓਹੀ ਹੋਣਾ ਹੈ ਜਿਹੜਾ ਹੋਣਾ ਚਾਹੀਦਾ ਹੈ। ਪਿੰਡਾਂ ਵਿਚ ਲੈ ਲਓ ਤੁਸੀਂ ਪ੍ਰਚਾਰ ਨਾ ਕਰੋ। ਥੋੜ੍ਹੇ ਦਿਨਾਂ 'ਚ ਦੇਖੋ, ਦੋ ਕੁ ਸਾਲਾਂ ਦੇ ਵਿਚ ਕੀ ਭਾਣਾ ਵਰਤਦਾ ਹੈ। ਆਦਮੀ ਬਹਿ ਜਾਏ ਕਿ ਮੈਂ ਤਾਂ ਨਾਮ ਜਪਣਾ ਹੈ ਇਕੱਲੇ ਨੇ, ਮੈਨੂੰ ਕੀ ਹੈ, ਕੋਈ ਕੁਛ ਖਾਵੇ, ਕੋਈ ਕੁਛ ਪੀਵੇ, ਮੇਰੇ ਨਾਲ ਕੀ ਸਬੰਧ ਹੈ, ਮੈਂ ਆਪਣਾ ਆਪ ਠੀਕ ਰੱਖਾਂ। ਕਹਿੰਦੇ, ਤੁਸੀਂ ਏਸ ਖੁਦਗਰਜ਼ੀ 'ਚ ਆ ਗਏ। ਚਾਹੀਦਾ ਤਾਂ ਇਹ ਸੀ ਕਿ ਤੁਸੀਂ ਸੰਸਾਰ 'ਚ ਰਹਿੰਦੇ। ਜਿਹੜੇ ਵੱਡੇ-ਵੱਡੇ ਰਾਜਿਆਂ ਨੂੰ ਤੁਸੀਂ ਆਪਣੇ ਚੇਲੇ ਬਣਾਇਆ ਹੈ, ਇਨ੍ਹਾਂ ਨੂੰ ਸ਼ੁੱਭ ਮੱਤ ਦੇ ਕੇ ਰਾਜ ਕਰਨ ਲਾਉਂਦੇ ਤੇ ਪਰਜਾ ਦਾ ਉਧਾਰ ਹੁੰਦਾ, ਗਿਆਨ ਦਾ ਪ੍ਰਕਾਸ਼ ਹੁੰਦਾ। ਤੁਸੀਂ ਤਾਂ ਤਖਤਾਂ ਤੋਂ ਲਾਹ ਕੇ ਉਨ੍ਹਾਂ ਨੂੰ ਕੰਦਰਾਂ 'ਚ ਬਿਠਾ ਦਿੱਤਾ। ਹੁਣ ਦੱਸੋਂ ਜਗਤ ਦਾ ਕੀ ਹਾਲ-

ਸਿਧ ਛਪਿ ਬੈਠੇ ਪਰਬਤੀ
ਕਉਣੁ ਜਗਤ੍ਰਿ ਕਉ ਪਾਰਿ ਉਤਾਰਾ।
ਭਾਈ ਗੁਰਦਾਸ ਜੀ, ਵਾਰ ੧/੨੯

ਜਿਹੜੇ ਤੁਹਾਡੇ ਉਥੇ ਮਾੜੇ-ਮੋਟੇ ਜੋਗੀ ਰਹਿੰਦੇ ਨੇ, ਉਹ ਜਾਂ ਤਾਂ ਸ਼ਰਾਬ ਪੀਂਦੇ ਨੇ, ਜਾਂ ਸੁਲਫਾ ਪੀਈ ਜਾਂਦੇ ਨੇ ਦਿਨ-ਰਾਤ। ਸਵੇਰੇ ਉਠ ਨਾਹੁੰਣਾ ਨਹੀਂ, ਧੂੰਏਂ ਦੀ ਸੁਆਹ ਹੋਰ ਮਲ ਲੈਣੀ ਹੈ ਉਤੇ, ਕੇਸਾਂ ਨੂੰ ਵਾਹੁੰਣਾ ਨਹੀਂ, ਤੇਲ ਨਹੀਂ ਲਾਉਣਾ ਤੇ ਜਟਾਵਾਂ ਬਣਾਂ ਲੈਣੀਆਂ। ਵਿੱਚ ਜੂੰਆਂ ਤੁਰੀਆਂ ਫਿਰਦੀਆਂ ਨੇ। ਫੁਰਮਾਨ ਹੈ -

ਧਾਰਨਾ - ਡੁੱਬ ਗਿਆ ਜਗ ਸਾਰਾ ਜੀ,
ਪੂਰੇ ਸਤਿਗੁਰ ਬਾਝੋਂ।

ਇੱਕ ਦੋ ਚਾਰ ਨਹੀਂ, ਸਾਰਾ ਜਗ ਡੁੱਬ ਗਿਆ, ਕਿਉਂਕਿ ਪੂਰੇ ਗੁਰੂ ਦੀ ਅਣਹੋਂਦ ਹੋ ਗਈ। ਸਾਰੀ ਵਿਚਾਰ ਸੁਣੀ, ਬਹੁਤ ਵਿਸਥਾਰ ਦੇ ਨਾਲ ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰ ਦਾ ਨਕਸ਼ਾ ਖਿੱਚਿਆ ਕਿ ਆਦਮੀ ਦਾ ਮੌਲਿਕ ਅਧਿਕਾਰ, ਆਜ਼ਾਦੀ ਦਾ ਖਤਮ ਹੋ ਗਿਆ। ਭੇਡਾਂ, ਬੱਕਰੀਆਂ ਵਾਂਗੂੰ ਬੰਦੇ ਹੋ ਗਏ। ਕੋਈ ਆਪਣੀ ਰਾਖੀ ਨਹੀਂ ਕਰ ਸਕਦਾ। ਆਪ-ਹੁਦਰਾ ਜੀਵਨ ਹੋ ਗਿਆ। ਹਜ਼ਾਰਾ ਦੀ ਤਾਦਾਦ ਦੇ ਵਿਚ ਸੰਪਰਦਾਵਾਂ ਹੋਣ ਕਰਕੇ, ਇਕ ਸੰਪਰਦਾ ਦੂਜੇ ਨਾਲ ਮੇਲ ਨਹੀਂ ਖਾਂਦੀ। ਉਹਦੀ ਨਿੰਦਿਆ ਕਰਦੇ, ਉਹਨੂੰ ਗਿਰਾਉਂਦੇ ਨੇ, ਇਸ ਤਰ੍ਹਾਂ ਦੇ ਨਾਲ ਕੋਈ ਪਾਰ-ਉਤਰਾ ਨਹੀਂ ਹੋ ਰਿਹਾ ਤੇ ਸੰਸਾਰ ਡੁੱਬ ਗਿਆ ਤੇ ਦੁੱਖਾਂ ਵਿਚ ਪੈ ਗਿਆ ਭਾਰਤ ਵਰਸ਼। ਸੋ ਜਦੋਂ ਐਨੀ ਵਿਚਾਰ ਸਰਵਣ ਕੀਤੀ, ਉਸ ਵੇਲੇ ਮਨ 'ਚ ਉਨ੍ਹਾਂ ਦੇ ਖਿਆਲ ਆਇਆ। ਵੱਖਰੇ ਹੋ ਕੇ ਸੋਚਿਆ ਕਿ ਇਹ ਜਿਹੜਾ ਬੱਚਾ ਆਇਆ ਹੈ ਸਾਡੇ ਕੋਲ, ਕਿਉਂਕਿ ਉਨ੍ਹਾਂ ਦੀਆਂ ਉਮਰਾਂ ਤਾਂ ਸੈਂਕੜੇ ਸਾਲਾਂ ਦੀਆਂ ਸੀ। ਗੁਰੂ ਨਾਨਕ ਦੀ ਉਮਰ ਅਜੇ ਛੋਟੀ ਸੀ। ਚਾਲੀ-ਬਿਤਾਲੀ ਦੇ ਨੇੜੇ ਸੀ ਇਕ ਇਹ ਜਿਹੜਾ ਬੱਚਾ ਆਇਆ ਹੈ ਇਹਦਾ ਤਾਂ ਕੋਈ ਜਵਾਬ ਨਹੀਂ ਹੈ, ਹਰ ਗੱਲ ਦੇ ਉਤੇ ਪਤੇ ਦੀ ਗੱਲ ਕਰਦਾ ਹੈ। ਜੇ ਕਿਤੇ ਇਹ ਸਾਡੇ ਧਰਮ ਵਿਚ ਆ ਜਾਵੇ, ਤਾਂ ਸਾਡਾ ਬਹੁਤ ਪ੍ਰਚਾਰ ਵਧ ਸਕਦਾ ਹੈ। ਨੌਜਵਾਨ ਹੈ, ਪ੍ਰਾਣਾਯਾਮ ਦੇ ਨਾਲ ਉਮਰ ਵਧਾਉਣ ਦੀ ਕਿਰਿਆ ਅਸੀਂ ਦਸ ਹੀ ਦੇਣੀ ਹੈ। ਜੇ ਦੋ ਹਜ਼ਾਰ ਸਾਲ ਜੀਉਂਦਾ ਰਹਿ ਗਿਆ ਇਹ ਤਾਂ ਸਾਡਾ ਧਰਮ ਤਾਂ ਸਾਰੀਆਂ ਦੁਨੀਆਂ 'ਚ ਜਾ ਸਕਦਾ ਹੈ, ਕਿਉਂਕਿ ਐਨਾ ਅਨੁਭਵ ਤਾਂ ਸਾਡੇ ਕੋਲ ਵੀ ਨਹੀਂ ਹੈ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਕਹਿੰਦੇ ਹੇ ਨਾਨਕ! ਤੇਰਾ ਧਰਮ ਕੀ ਹੈ, ਮਹਾਰਾਜ ਕਹਿੰਦੇ ਮੇਰਾ ਧਰਮ ਤਾਂ ਨਿਰੰਕਾਰ ਹੈ, ਅਕਾਲ ਪੁਰਖ, ਹੋਰ ਕੋਈ ਸੰਪਰਦਾ ਨਹੀਂ ਹੈ। ਇਹ ਰੂਹ ਵਿਛੜੀ ਹੋਈ ਹੈ ਪ੍ਰਮੇਸ਼ਰ ਤੋਂ। ਇਹਨੂੰ ਪ੍ਰਮੇਸ਼ਰ ਦੇ ਨਾਲ ਮਿਲਾਉਣਾ ਆਹ ਧਰਮ ਹੈ, ਹੋਰ ਸਾਡਾ ਕੋਈ ਧਰਮ ਨਹੀਂ, ਸਾਡੀ ਰੂਪ-ਰੇਖਾ ਨਹੀਂ, ਕੁਛ ਨਹੀਂ। ਕਹਿਣ ਲੱਗੇ, ਸੰਸਾਰ ਦੇ ਅੰਦਰ ਰੌਲਾ-ਗੌਲਾ ਬਹੁਤ ਹੈ। ਤੂੰ ਹੀ ਦੱਸਿਆ ਕਿ ਐਨਾ ਝਗੜਾ ਝਾਟਾ ਹੈ, ਇਹੋ ਜਿਹੜੇ ਝਗੜਿਆਂ ਦੇ ਵਿਚ ਕੋਈ ਬੰਦਾ ਭਗਤੀ ਕਰ ਲਏਗਾ? ਕੋਈ ਲੰਘ ਜਾਏਗਾ ਪਾਰ? ਕੀ ਸਾਧਨ ਤੂੰ ਕਰਨਾ ਚਾਹੁੰਦਾ ਹੈਂ, ਪ੍ਰਾਣਾਯਾਮ ਸਿਖਾ, ਹੱਠ ਯੋਗ ਦੀਆਂ ਕਿਰਿਆ, ਨਿਉਲੀ, ਧੋਤੀ, ਬਸਤੀ, ਕਪਾਲੀ ਇਹ ਚੀਜ਼ਾਂ ਜੇ ਸੰਸਾਰ ਨੂੰ ਦੱਸੇਂਗਾ ਤਾਂ ਰਿੱਧੀਆਂ-ਸਿੱਧੀਆਂ ਸ਼ਕਤੀਆਂ ਆ ਜਾਣਗੀਆਂ ਤੇ ਬੜੀ ਮਾਨਤਾ ਹੋ ਜਾਏਗੀ। ਇਹ ਦੱਸ ਤੂੰ ਪਹਿਲਾਂ ਕਿ ਤੇਰੇ ਕੋਲ ਕੀ ਹੈ? ਮਹਾਰਾਜ ਕਹਿੰਦੇ ਇਹ ਜਿਹੜੀਆਂ ਚੀਜ਼ਾਂ ਨੇ ਨਾ, ਹੱਠ ਯੋਗ ਦੀਆਂ; ਜੇ ਹਜ਼ਾਰ ਬੰਦਾ ਹੱਠ ਯੋਗ ਦੇ ਨਾਲ ਪ੍ਰਾਣਾਯਾਮ ਕਰਨ ਲੱਗੇ, ਕੁੰਡਲੀ ਨੂੰ ਜਗਾਵੇ ਤੇ ਛੇ ਚੱਕਰ ਮੂਲਧਾਰ ਚੱਕਰ ਤੋਂ ਲੈ ਕੇ ਭੰਨਦਾ ਜਾਵੇ। ਕਹਿੰਦੇ, ਵੈਸੇ ਤਾਂ ਹੈ ਨਹੀਂ ਕੋਈ, ਉਹਦੇ ਵਾਸਤੇ ਬ੍ਰਹਮਚਰੀਆ ਚਾਹੀਦਾ ਹੈ, ਖੁਰਾਕ ਸ਼ੁੱਧ ਚਾਹੀਦੀ ਹੈ। ਖਿਆਲ ਸ਼ੁੱਧ ਚਾਹੀਦੇ ਨੇ, ਆਚਾਰ ਸ਼ੁੱਧ ਚਾਹੀਦਾ ਹੈ। ਰਿਹਾਇਸ਼ ਸ਼ੁੱਧ ਚਾਹੀਦੀ ਹੈ, ਇਹ ਚੀਜ਼ਾਂ ਹੈ ਨਹੀਂ। ਫੇਰ ਇਕਾਂਤ ਚਾਹੀਦੀ ਹੈ ਕਿ ਕੋਈ ਬੰਦਾ ਨੇੜੇ-ਤੇੜੇ ਨਾ ਆਵੇ। ਫੇਰ ਉਹਦੇ ਗੁਜ਼ਾਰੇ ਵਾਸਤੇ ਰੋਟੀ ਪਾਣੀ ਵੀ ਚਾਹੀਦਾ ਹੈ। ਕੱਪੜੇ ਵੀ ਉਹਨੂੰ ਚਾਹੀਦੇ ਨੇ, ਸਰੀਰ ਢਕਣ ਵਾਸਤੇ। ਕੋਈ ਛੱਤ ਵੀ ਚਾਹੀਦੀ ਹੈ ਜਿਹਦੇ ਵਿਚ ਉਹ ਰਹੇ, ਕਹਿੰਦੇ ਫੇਰ ਤਾਂ ਲੋੜਾਂ ਤਾਂ ਹਟੀਆਂ ਨਾ, ਇਨ੍ਹਾਂ ਦੇ ਵਿਚ ਜੇ ਕੋਈ ਹਜ਼ਾਰ ਬੰਦਾ ਕਰਨ ਵੀ ਲਗ ਜਾਏ, ਨੌਂ ਸੌ ਨੜਿਨਵੇਂ ਤਾਂ ਪਾਗਲਖਾਨੇ ਚਲੇ ਜਾਣਗੇ। ਕਿਉਂਕਿ ਕੋਈ ਝਾਲ ਨਹੀਂ ਝੱਲ ਸਕਦਾ ਕਿਉਂਕਿ ਬਹੁਤ ਸਾਰੇ ਪ੍ਰੇਮੀ ਨੇ ਪ੍ਰਾਣਾਯਾਮ ਕਰਨ ਲਗ ਜਾਂਦੇ ਨੇ, ਸੁਣ ਸੁਣਾ ਕੇ। ਤਾਕਤ

ਹੈ ਨਹੀਂ ਅੰਦਰ, ਬਾਕੀ ਦੀ ਰਹਿਤ ਰਹੀ ਨਹੀਂ। ਖੁਰਾਕ ਕੀ ਹੈ? ਡਾਲਡਾ ਖਾਂਦੇ ਨੇ। ਅੰਨ ਦੇ ਵਿਚੋਂ ਵੀ ਸੱਤਿਆ ਨਿਕਲ ਗਈ ਸਾਧਸੰਗਤ ਜੀ! ਜਿਹੜਾ ਅਸੀਂ ਅੰਨ੍ਹ ਖਾਂਦੇ ਹਾਂ ਇਹ ਸਾਰਿਆਂ ਨੂੰ ਨਹੀਂ ਪਤਾ।

ਇੱਕ ਵਾਰੀ ਮੈਂ ਯੂ.ਪੀ ਸੀ, ਉਥੇ ਡਾਕਟਰ ਆਏ ਦੁਨੀਆਂ ਭਰ ਦੇ। ਸਾਇੰਸਦਾਨ ਆਏ ਸਾਰੇ ਖੇਤੀ-ਬਾੜੀ ਵਾਲੇ ਤੇ ਉਥੇ ਇੱਕ ਮੀਟਿੰਗ ਹੋਈ ਪੰਤ ਨਗਰ, ਉਹਦੇ ਵਿਚ ਉਨ੍ਹਾਂ ਨੇ ਗੱਲ ਕਰੀ ਕਿ ਜਿਹੜੀ ਪਹਿਲਾਂ ਕਣਕ ਹੋਇਆ ਕਰਦੀ ਸੀ, ਦੇਸੀ ਕਣਕ। ਉਹਦੇ ਵਿਚ 21% ਪ੍ਰੋਟੀਨ ਹੋਇਆ ਕਰਦੀ ਹੈ ਤੇ ਜਿਹੜੀਆਂ ਅਸੀਂ ਭੁੱਖ ਦੂਰ ਕਰਨ ਵਾਸਤੇ ਹੁਣ ਕਣਕਾਂ ਬਣਾਈਆਂ ਨੇ। ਇਹਦੇ ਵਿੱਚ ਜਿਹੜੀ ਕਲਿਆਣ ਕਣਕ ਹੈ ਇਹਦੇ 'ਚ 11% ਪ੍ਰੋਟੀਨ ਹੈ, ਯਾਨਿ 10% ਘਟ ਗਈ। ਪੁਰਾਣੀ ਕਣਕ ਦੀਆਂ ਜੇ ਕੋਈ ਚਾਰ ਰੋਟੀਆਂ ਖਾਂਦਾ ਸੀ ਤਾਂ ਕਲਿਆਣ ਦੀਆਂ ਅੱਠ ਖਾਵੇ ਤਾਂ ਬਰਾਬਰ ਹੁੰਦਾ ਹੈ। ਕਹਿੰਦੇ ਜਿਹੜੇ ਹੁਣ ਨਵੇਂ ਬੀਜ ਕੱਢੇ ਨੇ, ਇਨ੍ਹਾਂ ਦੇ ਵਿਚ 8% ਰਹਿ ਗਈ ਤੇ ਇਹਦਾ ਮਤਲਬ ਹੈ ਕਿ ਜੇ ਚਾਰ ਰੋਟੀਆਂ ਖਾਂਦਾ ਹੈ ਆਦਮੀ ਤੇ ਜੇ ਹੁਣ ਦਸ ਖਾਵੇ ਤਾਂ ਚਾਰ ਦੀ ਤਾਕਤ ਆਉਂਦੀ ਹੈ ਐਨੀ ਤਾਕਤ ਅਨਾਜ 'ਚ ਘਟ ਗਈ। ਐਨੀ ਹੀ ਤਾਕਤ ਗੰਨੇ 'ਚ ਘਟ ਗਈ, ਗੁੜ 'ਚ ਘਟ ਗਈ। ਪਹਿਲਾਂ ਗੁੜ ਖਾਂਦੇ ਸੀ ਲੋਕ ਸ਼ੇਰਾਂ ਵਰਗੇ ਰਹਿੰਦੇ ਸੀ, ਸਿਹਤਾਂ ਬਣਦੀਆਂ ਸੀ। ਘੋੜਿਆਂ ਨੂੰ ਦਿੰਦੇ ਸੀ, ਬਲਦਾਂ ਨੂੰ ਦਿੰਦੇ ਸੀ, ਪਾਲਾ ਨਹੀਂ ਸੀ ਲਗਦਾ, ਹੁਣ ਗੁੜ 'ਚ ਤਾਕਤ ਹੀ ਨਹੀਂ, ਚੀਨੀ ਬਣ ਗਈ, ਜ਼ਹਿਰ ਬਣ ਗਈ ਚੀਨੀ, ਸਿਹਤ ਨੂੰ ਖਰਾਬ ਕਰ ਰਹੀ ਹੈ। ਹੋਰ ਜਿੰਨੀਆਂ ਖੁਰਾਕਾਂ ਖਾਂਦੇ ਹਾਂ, ਦੁੱਧ ਪੀਂਦੇ ਹਾਂ, ਇਹਦੇ ਵਿਚ 10% ਯੂਰੀਆ ਦੁੱਧ ਵਿਚ ਆ ਜਾਂਦਾ ਹੈ। ਉਹ ਯੂਰੀਆ ਸਾਡੇ ਸਰੀਰ 'ਚ ਵੜ ਜਾਂਦਾ ਹੈ। ਅਸੀਂ ਰੋਗੀ ਹੋ ਜਾਂਦੇ ਹਾਂ। ਜਿਹੜਾ ਦੁੱਧ ਸ਼ਹਿਰ 'ਚ ਵਿਕਦਾ ਹੈ, ਉਹਦੇ ਵਿਚ ਦਵਾਈ ਪੈਂਦੀ ਹੈ। ਦਵਾਈ ਪੈਣ ਦੇ ਨਾਲ ਉਹ ਬਿਲਕੁਲ ਹੀ ਜ਼ਹਿਰ ਹੈ ਤੇ ਪੀ.ਜੀ.ਆਈ ਮੇਰੇ ਦੇਖਦੇ-ਦੇਖਦੇ ਭਰ ਗਈ, ਮੇਲਾ ਲਗਦਾ ਹੈ ਇੱਥੇ। ਪਹਿਲਾਂ ਕੋਈ ਨਹੀਂ ਸੀ ਹੁੰਦਾ ਜਦੋਂ ਮੈਂ ਇੱਥੈ ਹੁੰਦਾ ਸੀ। ਟਾਂਵੇਂ-ਟਾਂਵੇਂ ਬੰਦੇ ਜਾਂਦੇ ਸੀ, ਡਾਕਟਰ ਵਿਹਲੇ ਹੀ ਬੈਠੇ ਰਹਿੰਦੇ ਸੀ। ਹੁਣ ਤਾਂ ਚਾਹੇ ਸਾਰਾ ਚੰਡੀਗੜ੍ਹ ਬਣਾ ਦਿਓ ਤੁਸੀਂ ਹਸਪਤਾਲਾਂ ਦਾ ਤਾਂ ਵੀ ਨਹੀਂ ਲੋਕਾਂ ਦੀ ਵਾਰੀ ਆਉਂਦੀ। ਹੁਣ ਕਿਹੜਾ ਬੰਦਾ ਹੈ ਜਿਹੜਾ ਐਹੋ ਜਿਹੇ ਸਾਧਨ ਕਰ ਲਏਗਾ ਕਰੜੇ। ਹੁਣ ਤਾਂ ਰਸਤਾ ਇਹੋ ਜਿਹਾ ਚਾਹੀਦਾ ਹੈ, ਜਿਹੜਾ ਬਹੁਤਾ ਹੀ ਸੁਖਾਲਾ ਹੋਵੇ। ਸੋ ਮਹਾਰਾਜ ਕਹਿੰਦੇ ਨਾਥ ਜੀ! ਇਹ ਜਿਹੜੀ ਤੁਹਾਡੀ ਕਿਰਿਆ ਹੈ, ਨੇਤੀ, ਧੋਤੀ, ਕਪਾਲੀ, ਬਸਤੀ ਆਦਿ ਇਹ ਗ੍ਰਿਹਸਤੀ ਬੰਦੇ ਨਹੀਂ ਕਰ ਸਕਦੇ। ਗ੍ਰਿਹਸਤੀ ਬੰਦਾ ਜੇ ਨਹੀਂ ਤਰਦਾ, ਬਾਕੀ ਤਾਂ ਸਾਰੇ ਗ੍ਰਿਹਸਤੀ ਨੇ, ਤੁਸੀਂ ਥੋੜ੍ਹੇ ਜਿਹੇ ਸਾਧ-ਸੰਤ ਬਾਹਰ ਫਿਰਦੇ ਓਂ। ਬਾਕੀ ਸੰਸਾਰ ਨੂੰ ਕਿਵੇਂ ਤਾਰੋਂਗੇ। ਜਿਹੜੇ ਤੁਸੀਂ ਬਾਹਰ ਵੀ ਫਿਰਦੇ ਓਂ, ਤੁਹਾਡੇ ਵੀ ਮਨ ਜਿਹੜੇ ਨੇ ਇਹ ਚੋਰਾਂ ਦੇ ਨਾਲ ਰੁਕੇ ਪਏ ਨੇ –

ਦੇਸ ਛੋਡਿ ਪਰਦੇਸ ਸਿਧਾਇਆ
ਪੰਚ ਚੰਡਾਲ ਨਾਲੇ ਲੈ ਆਇਆ।

ਮਨ ਤਾਂ ਸਾਧਿਆ ਨਹੀਂ ਹੈ। ਸਰੀਰ ਦੀਆਂ ਤੁਸੀਂ ਸਾਧਨਾ ਕਰਾਈ ਜਾਂਦੇ ਓਂ, ਇਹਦੇ ਨਾਲ ਤਾਂ ਲੰਘਣਾ ਨਹੀਂ ਪਾਰ। ਕਹਿਣ ਲੱਗੇ ਨਾਨਕ! –

ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ ॥
ਅੰਗ – ੯੩੮

ਦੁਤਰ ਉਹ ਹੁੰਦਾ ਹੈ ਜਿਹੜਾ ਤਰਿਆ ਹੀ ਨਾ ਜਾਵੇ। ਦਸ ਉਹਨੂੰ ਪਾਰ ਕਿਵੇਂ ਲੰਘਾਂਗੇ –

ਚਰਪਟੁ ਬੋਲੈ ਅਉਧੂ ਨਾਨਕ ਦੇਹੁ ਸਚਾ ਬੀਚਾਰੋ ॥
ਅੰਗ – ੯੩੮

ਮਹਾਰਾਜ ਕਹਿੰਦੇ, ਚਰਪਟ ਜੀ! ਤੁਸੀਂ ਤਾਂ ਪਹਿਲਾਂ ਹੀ ਦੁਤਰ ਕਹਿ ਦਿੱਤਾ ਇਹਨੂੰ ਕਿ ਤਰਿਆ ਹੀ ਨਹੀਂ ਜਾਂਦਾ। ਅਸੀਂ ਤਾਂ ਨਹੀਂ ਨਾ ਮੰਨਦੇ ਕਿ ਤਰਿਆ ਨਹੀਂ ਜਾਂਦਾ। ਅਸੀਂ ਤਾਂ ਕਹਿੰਦੇ ਹਾਂ ਕਿ ਤਰਿਆ ਜਾਂਦਾ ਹੈ ਇਹ ਤੇ ਤੁਹਾਡੇ ਮੱਤ ਦੇ ਮੁਤਾਬਿਕ ਇਹ ਦੁਤਰ ਹੈ, ਕਿਉਂਕਿ ਤੁਹਾਡੀ ਜਿਹੜੀ ਕਿਰਿਆ ਹੈ ਇਹ ਤਰ ਨਹੀਂ ਸਕਦੀ, ਲੰਘ ਨਹੀਂ ਸਕਦੀ। ਜਿਹੜੀ ਕਿਰਿਆ ਲੰਘਾ ਨਾ ਸਕੇ, ਫੇਰ ਉਹਨੂੰ reject ਕਰ ਦਿਓ। ਇਸ ਕਰਕੇ ਤੁਹਾਡੇ ਕਹਿਣ ਦੇ ਮੁਤਾਬਿਕ ਇਹ ਤੁਹਾਡਾ ਜਿਹੜਾ ਮਤ ਹੈ ਇਹ ਕਿਸੇ ਕਿਨਾਰੇ ਨਹੀਂ ਪਹੁੰਚਾਉਂਦਾ, ਸੋ ਇਹਦਾ ਪ੍ਰਚਾਰ ਤੁਸੀਂ ਕਿਉਂ ਕਰਦੇ ਓਂ, ਜਿਹੜਾ ਤਰ ਹੀ ਨਹੀਂ ਸਕਦਾ, ਲੰਘ ਹੀ ਨਹੀਂ ਸਕਦਾ। ਕਿਹਾ ਹੈ ਨਾ ਤੁਸੀਂ ਦੁਤਰ? ਜਿਹੜਾ ਤਰਿਆ ਹੀ ਨਹੀਂ ਜਾਂਦਾ, ਫੇਰ ਉਹਨੂੰ ਦੱਸੋ ਤਾਰੋਗੇ ਕਿਵੇਂ? ਤੁਹਾਡੇ ਜਿੰਨੇ ਸਾਧਨ ਨੇ, ਫੇਰ ਇਹ ਤਾਰਦੇ ਨਾ ਹੋਏ। ਕਹਿਣ ਲੱਗੇ, ਹੇ ਨਾਨਕ! ਤੂੰ ਫੇਰ ਕੀ ਕਰਿਆ ਹੈ, ਮਹਾਰਾਜ ਕਹਿੰਦੇ, ਦੇਖੋ ਆਦਮੀ ਦੇ ਸਰੀਰ ਅੰਦਰ ਸੁਰਤ ਹੈ, ਇਹ ਸੁਰਤ ਹੈਗੀ ਹਉਮੈ ਦੀ। ਇਹਦੇ ਉਤੇ ਇੱਕ ਹੋਰ ਸੁਰਤ ਹੈ ਜਿਹਨੂੰ ਉਨਮਨੀ ਸੁਰਤ ਕਹਿੰਦੇ ਨੇ। ਆਤਮ ਬੁੱਧੀ ਕਹਿੰਦੇ ਨੇ। ਆਤਮ ਵਿਸ਼ੈਣੀ ਬੁੱਧੀ, ਇਹ ਜਿਹੜੀ ਹੈ, ਇਹ ਪ੍ਰਾਕ੍ਰਿਤੀ ਨੂੰ ਵਿਸ਼ੇ ਕਰਨ ਵਾਲੀ ਬੁੱਧੀ ਆਦਮੀ ਦੇ ਅੰਦਰ ਹੈ ਤੇ ਅਸੀਂ ਇਸ ਸੁਰਤ ਦੇ ਨਾਲ ਨਾਮ ਜੋੜ ਦੇਣਾ ਹੈ। ਸ਼ਬਦ ਜੋੜ ਦੇਣਾ ਹੈ, ਸ਼ਬਦ ਦੀ ਧੁਨ ਦੇ ਨਾਲ ਇਸ ਬੁੱਧੀ 'ਚੋਂ ਪਾਰ ਹੋ ਕੇ ਆਤਮਕ ਬੁੱਧੀ 'ਚ ਬਿਰਤੀ ਪਹੁੰਚ ਜਾਣੀ ਹੈ। ਫੇਰ ਆਦਮੀ ਬੱਚੇ ਪਾਲਦਾ, ਖੇਤੀਬਾੜੀ ਕਰਦਾ, ਵਣਜ-ਵਪਾਰ ਕਰਦਾ। ਸਾਰੇ ਕੰਮ ਕਰਦਾ ਹੋਇਆ, ਇਸ ਸਾਗਰ ਨੂੰ ਸੁਖਾਲਾ ਹੀ ਤਰ ਜਾਂਦਾ ਹੈ। ਐਸ ਤਰ੍ਹਾਂ ਮਹਾਰਾਜ ਫੁਰਮਾਨ ਕਰਦੇ ਨੇ –

ਧਾਰਨਾ – ਨਾਨਕ ਨਾਮ ਵਖਾਣੇ ਜੀ,
ਸੁਰਤ ਸ਼ਬਦ ਭਵਸਾਗਰ ਤਰੀਐ।

ਮਹਾਰਾਜ ਕਹਿਣ ਲੱਗੇ, ਚਰਪਟ ਜੀ! ਸਾਡਾ ਜੋ ਮਾਰਗ ਹੈ ਇਹ ਬੜਾ ਹੀ ਸਿੱਧਾ ਹੈ। ਗੁਰੂ ਸ਼ਬਦ ਦਿੰਦਾ ਹੈ ਸ਼ਬਦ ਦੀ ਧੁਨ ਜਿਹੜੀ ਹੈ, ਸੁਰਤ ਉਹਦੇ ਨਾਲ ਜੁੜ ਜਾਂਦੀ ਹੈ ਤੇ ਸ਼ਬਦ ਆਇਆ ਹੈ ਅਕਾਲ-ਪੁਰਖ ਦੇ ਦਰ ਤੋਂ। ਜਦੋਂ ਸੁਰਤ ਇਹਦੇ ਨਾਲ ਜੁੜ ਜਾਏਗੀ, ਉਸ ਵੇਲੇ ਸੁਰਤ ਨੂੰ ਉਹ ਉਸ ਪਾਸੇ ਵਲ ਨੂੰ ਖਿਚਣਾ ਸ਼ੁਰੂ ਕਰ ਦਿੰਦਾ ਹੈ। ਆਹ ਜਿਹੜੀ ਸਰੀਰ ਸੁਰਤ ਹੈ ਇਹਦੇ ਵਿਚੋਂ ਉੱਚਾ ਹੋ ਕੇ ਆਤਮਕ ਸੁਰਤ ਦੇ ਵਿਚ ਦਾਖਲ ਹੋ ਜਾਂਦਾ ਹੈ ਤੇ ਇਹਨੂੰ ਬ੍ਰਹਮਗਿਆਨੀ ਦੀ ਪ੍ਰਾਪਤੀ ਹੋ ਕੇ, ਪ੍ਰਮੇਸ਼ਰ ਦੇ ਦਰਸ਼ਨ ਹੋਣੇ ਸ਼ੁਰੂ ਹੋ ਜਾਂਦੇ ਨੇ। ਮਹਾਰਾਜ ਕਹਿੰਦੇ–

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਅੰਗ – ੯੩੮

ਕਹਿੰਦੇ ਤੁਸੀਂ ਗ੍ਰਿਹਸਤ ਦੀ ਗੱਲ ਕਰਦੇ ਓਂ ਨਾ ਬਾਰ-ਬਾਰ ਕਿ ਗ੍ਰਿਹਸਤੀ ਤਾਂ ਲੰਘ ਹੀ ਨਹੀਂ ਸਕਦਾ। ਕਹਿੰਦੇ, ਹੁਣ ਵੀ ਸਾਡਾ ਇਹ ਮਤ ਹੈ ਕਿ ਗ੍ਰਿਹਸਤੀ ਬਿਲਕੁਲ ਨਹੀਂ ਲੰਘ ਸਕਦਾ। ਇਹ ਤਾਂ ਸੋਚਣ ਵਾਲੀ ਗੱਲ ਨਹੀਂ ਹੈ, ਕਿ ਗ੍ਰਿਹਸਤੀ ਪਾਰ ਹੋ ਜਾਏਗਾ। ਮਹਾਰਾਜ ਕਹਿੰਦੇ, ਠੀਕ ਹੈ ਜਿਹੜਾ ਆਮ ਗ੍ਰਿਹਸਤੀ ਹੈ, ਸਾਧੂ ਹੈ, ਉਹ ਵੀ ਦੋਵੇਂ ਨਹੀਂ ਪਾਰ ਹੋ ਸਕਦੇ। ਜਿਹੜਾ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਵਖੀਲੀ, ਹੰਕਾਰ ਨੇ ਗ੍ਰਿਹਸਤੀ ਦੱਬਿਆ ਹੋਇਆ ਹੈ, ਉਹਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਲੰਘਣ ਦਾ। ਪਰ ਜਿਹੜੇ ਅਸੀਂ ਗ੍ਰਿਹਸਤੀ ਪੈਦਾ ਕਰਦੇ ਹਾਂ। ਆਦਰਸ਼ਕ ਗ੍ਰਿਹਸਤੀ ਪੈਦਾ ਕਰ ਰਹੇ ਹਾਂ। ਉਹ ਗ੍ਰਿਹਸਤੀ ਜਿਹੜੇ ਗ੍ਰਿਹਿਸਤ ਵਿਚ ਰਹਿੰਦੇ ਹੋਣ ਤੇ ਹੋਣ ਸਾਧੂ। ਪਕੜ ਨਾ ਕੋਈ ਵੀ ਹੋਵੇ।

ਸੋ ਗਿਰਹੀ ਜੋ ਨਿਗ੍ਰਹੁ ਕਰੈ ॥
ਜਪੁ ਤਪੁ ਸੰਜਮੁ ਭੀਖਿਆ ਕਰੈ ॥ ਅੰਗ - ੯੫੨

ਹਰ ਵਕਤ ਜਪ ਦੀ, ਤਪ ਦੀ, ਅਰਦਾਸ ਕਰਦਾ ਰਹਿੰਦਾ ਹੈ ਕਿ ਮੈਂ ਨਾਮ ਜਪਦਾ ਰਹਿੰਦਾ ਹਾਂ ਕਿ ਮੈਂ ਨਾਮ ਜਪਾਂ, ਬੰਦਗੀ ਕਰਾਂ, ਸੱਚੇ ਪਾਤਸ਼ਾਹ! ਮੈਨੂੰ ਜੀਵਨ ਦੇ ਸਿੱਖਾਂ ਵਾਲਾ। ਮੈਂ ਤੇਰਾ ਨਾਲ ਜਪਾਂਗਾ, ਮੈਨੂੰ ਓਹੀ ਮਿਲਾਈਂ ਜਿਹੜਿਆਂ ਦੇ ਮਿਲਿਆ 'ਤੇ ਤੇਰਾ ਨਾਲ ਚਿੱਤ ਆਵੇ। ਉਹ ਜਾਗੇ ਹੋਏ ਗ੍ਰਿਹਸਤੀ ਪੈਦਾ ਕਰਨੇ ਨੇ।

ਪੁੰਨ ਦਾਨ ਕਾ ਕਰੇ ਸਰੀਰੁ ॥
ਸੋ ਗਿਰਹੀ ਗੰਗਾ ਕਾ ਨੀਰੁ ॥ ਅੰਗ - ੯੫੨

ਸੋ ਗ੍ਰਿਹਿਸਤੀਆਂ ਦੀ ਗੱਲ ਇਹ ਬਾਰ-ਬਾਰ ਨਾ ਸੋਚੋ। ਉਨ੍ਹਾਂ ਦੇ ਮਨ 'ਚ ਕਿੰਨੀ ਗੱਲ ਸੀ। ਜਿਸ ਵਕਤ ਗੁਰੂ ਮਹਾਰਾਜ ਜੀ ਆਏ ਅਚੱਲ ਵਟਾਲੇ, ਉਥੇ ਉਨ੍ਹਾਂ ਨੇ ਬੜੀਆਂ ਸਿੱਧੀਆਂ ਦਿਖਾਈਆਂ। ਕੋਈ ਸ਼ੇਰ ਬਣ ਗਏ, ਕੋਈ ਵੱਡੇ-ਵੱਡੇ ਸੱਪ ਬਣ ਗਏ। ਕੋਈ ਅੱਗ ਸੁੱਟਣ ਲਗ ਗਏ। ਕੋਈ ਉਤੋਂ ਅੱਗ ਦੇ ਗੋਲੇ ਵੱਡੇ-ਵੱਡੇ ਗੋਲੇ ਤੋੜ-ਤੋੜ ਸੁੱਟਣ ਲਗ ਗਏ। ਕੋਈ ਕੁਛ ਕਰ ਰਿਹਾ ਹੈ, ਕੋਈ ਕੁਛ ਕਰ ਰਿਹਾ ਹੈ। ਕੋਈ ਹਨ੍ਹੇਰੀ ਲਿਆ ਰਿਹਾ ਹੈ, ਕੋਈ ਬਿਲਕੁਲ ਕਾਲੀ ਬੋਲੀ ਰਾਤ ਪਾ ਰਿਹਾ ਹੈ। ਗੁਰੂ ਨਾਨਕ ਪਾਤਸ਼ਾਹ ਦੇ ਪਾਸ ਜਿਹੜੇ ਸਿੱਖ ਸੀ ਕਹਿਣ ਲੱਗੇ ਸੱਚੇ ਪਾਤਸ਼ਾਹ! ਆਪਾਂ ਵੀ ਕੁਛ ਦਿਖਾਈਏ। ਮਹਾਰਾਜ ਕਹਿੰਦੇ ਨਾ, ਕੁਛ ਨਹੀਂ ਦਿਖਾਉਣਾ। ਮਹਾਰਾਜ ਨੇ ਨਿਗ੍ਹਾ ਕਰ ਦਿੱਤੀ। ਸਾਰਿਆਂ ਦੀ ਸ਼ਕਤੀ ਉਪਰ ਨੂੰ ਹੱਥ ਕਰਕੇ ਖਿੱਚ ਲਈ, ਦੜੰਮ-ਦੜੰਮ ਥੱਲੇ ਗਿਰਦੇ ਨੇ, ਜਿਹੜੇ ਅਸਮਾਨਾਂ 'ਚ ਉਡਦੇ ਸੀ। ਲੰਮੇ ਗਿਰਦੇ ਨੇ, ਧਰਤੀ ਤੋਂ ਉਠਣ ਦੀ ਤਾਕਤ ਨਹੀਂ ਸ਼ਰਮਿੰਦੇ ਹੋਏ ਪਏ ਨੇ ਕਿ ਆਹ ਕੀ ਹੋ ਗਿਆ। ਹੁਣ ਤਾਂ ਰਹੀ ਨਹੀਂ ਤਾਕਤ। ਸ਼ੇਰ ਜਿਹੜਾ ਸੀ ਉਹ ਅਸਲੀ ਰੂਪ 'ਚ ਆ ਗਿਆ। ਸੱਪ ਵੀ ਆ ਗਿਆ। ਹੁਣ ਮੁੜ ਕੇ ਨਹੀਂ ਕੁਛ ਕਰ ਸਕਦੇ। ਬਹੁਤ ਸ਼ਰਮਿੰਦੇ ਹੋ ਗਏ। ਬਚਨ ਬਿਲਾਸ ਕੀਤੇ ਉਹਦੇ 'ਚ ਹਾਰ ਗਏ ਤੇ ਸਾਰਿਆਂ ਸਿੱਧਾਂ ਨੇ ਨਮਸ਼ਕਾਰ ਕਰ ਦਿੱਤੀ। ਇਕ ਸਿੱਧ ਭੰਗਰਨਾਥ ਨਾਮ ਦਾ ਉਹਨੂੰ ਕਹਿੰਦੇ ਕਿ ਤੂੰ ਨਮਸ਼ਕਾਰ ਨਹੀਂ ਕਰਦਾ? ਉਹ ਕਹਿੰਦਾ, ਮੈਂ ਨਾਨਕ ਨੂੰ ਨਮਸ਼ਕਾਰ ਕਰਾਂ? ਗ੍ਰਿਹਸਤੀ ਨੂੰ? ਦੇਖੋ ਮੇਰਾ ਕਹਿੰਦਾ ਪ੍ਰਣ ਹੈ ਕਿ ਜੇ ਸੂਰਜ ਛਿਪਦੇ 'ਚੋਂ ਨਿਕਲਣ ਲਗ ਜਾਵੇ, ਚੜ੍ਹਦੇ ਵਲ ਨੂੰ ਆਉਣ ਲਗ ਜਾਵੇ, ਦਰਿਆ ਸਮੁੰਦਰ 'ਚੋਂ ਨਿਕਲ ਕੇ ਪਹਾੜਾਂ 'ਤੇ ਚਲੇ ਜਾਣ। ਧਰਤੀ ਮਰਿਆਦਾ ਬਦਲ ਲਵੇ, ਸਮੁੰਦਰ ਮਰਿਆਦਾ ਬਦਲ ਲਵੇ। ਸਭ ਕੁਛ ਹੋ ਜਾਵੇ ਪਰ ਭੰਗਰਦਾਸ ਗੁਰੂ ਨਾਨਕ ਨੂੰ ਨਾ ਕਦੇ ਮੱਥਾ ਟੇਕੇ। ਗ੍ਰਿਹਿਸਤੀ ਨੂੰ ਨਿਵਾਂ ਮੈਂ, ਬਿਲਕੁਲ ਨਹੀਂ। ਐਨਾ ਕਹਿ ਕੇ ਅਸਮਾਨ ਵਿਚ ਉਡਣ ਲੱਗਿਆ, ਜਿਸ ਵਕਤ ਉਡਣ ਲੱਗਿਆ, ਮਹਾਰਾਜ ਨੇ ਖੜਾਵ ਵਲ ਨਿਗ੍ਹਾ ਕੀਤੀ, ਖੜਾਵ ਨਾਲ ਹੀ ਉਡ ਗਈ। ਜਾ ਕੇ ਐਨੇ ਜ਼ੋਰ ਦੀ ਸਿਰ 'ਚ ਵੱਜੇ, ਜਿਵੇਂ ਕੋਈ ਬਹੁਤ ਵੱਡੀ ਜ਼ੋਰ ਨਾਲ ਡਾਂਗ ਮਾਰਦਾ ਹੈ। ਉਹ ਇੱਕ ਦਮ ਦੂਜੇ ਪਾਸੇ ਨੂੰ ਮੂੰਹ ਕਰ ਲਿਆ ਗੁਰੂ ਨਾਨਕ ਸਾਹਿਬ ਨੇ, ਜਦੋਂ ਫੇਰ ਉਹ ਦੂਜੇ ਪਾਸੇ ਨੂੰ ਉਡਣ ਲੱਗੇ ਤਾਂ ਫੇਰ ਸਿਰ 'ਚ ਲੱਗੇ। ਉਹ ਖੜਾਂਵ ਕੁੱਟਦੀ-ਕੁੱਟਦੀ ਉਸਨੂੰ ਥੱਲੇ ਲੈ ਆਈ। ਜਦੋਂ ਹੇਠਾਂ ਆ ਗਿਆ, ਹੁਣ ਝੁਕਦਾ ਨਹੀਂ, ਖੜਾਂਵ ਸਿਰ 'ਚ ਦੜਾਕ-ਦੜਾਕ ਪੈਂਦੀ ਹੈ, ਮਲ੍ਹਕ ਦੇ ਕੇ ਝੁਕ ਗਿਆ, ਮੱਥਾ ਟੇਕ ਦਿੱਤਾ। ਐਨਾ ਕੱਟੜਪੁਣਾ ਉਨ੍ਹਾਂ ਲੋਕਾਂ ਦੇ ਅੰਦਰ ਸੀ। ਸਭ ਕੁਛ ਦੇਖਦੇ ਸੀ ਕਿ ਸਾਡੇ ਨਾਲੋਂ ਹਜ਼ਾਰਾਂ ਗੁਣਾਂ ਸ਼ਕਤੀ ਹੈ ਗੁਰੂ ਨਾਨਕ ਵਿਚ ਹੈ। ਟਟਿਆਣਾ ਸੂਰਜ ਦਾ ਮੁਕਾਬਲਾ ਕਰਦਾ ਹੈ। ਲੇਕਿਨ ਗ੍ਰਿਹਸਤ ਦੀ ਐਨੀ ਨਫਰਤ ਸੀ ਤੇ ਗ੍ਰਿਹਿਸਤੀ ਦੇ ਹੱਥ ਦਾ ਖਾਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਨਾਲ ਗੱਲ ਕਰਨ ਨੂੰ ਵੀ ਨਹੀਂ ਤਿਆਰ ਸੀ। ਮੰਗਦੇ ਉਨ੍ਹਾਂ ਕੋਲੋਂ ਹੀ ਸੀ ਸਾਰੀਆਂ ਚੀਜ਼ਾਂ। ਮਹਾਰਾਜ ਕਹਿੰਦੇ ਕਿੰਨਾਂ ਪਾਖੰਡ ਹੈ, ਜਿਨ੍ਹਾਂ ਨੂੰ ਨਿੰਦਦੇ ਓ ਉਨ੍ਹਾਂ ਦੇ ਘਰ ਜਾ ਕੇ ਹੀ ਰਾਸ਼ਨ ਮੰਗ ਕੇ ਲਿਆਉਂਦੇ ਓਂ। ਕਹਿੰਦੇ ਇਹ ਗੱਲਾਂ ਗਲਤ ਨੇ ਭਾਈ, ਸੋ ਗ੍ਰਿਹਸਤੀ ਅਸੀਂ ਸੁੱਚਾ-ਸੱਚਾ ਬਣਾ ਦੇਣਾ ਹੈ। ਕਹਿੰਦੇ ਇਕਾਂਤ ਕਿੱਥੋਂ ਦੇਵੋਂਗੇ, ਗ੍ਰਿਹਸਤੀ ਨੂੰ ਇਕਾਂਤ ਬਿਨਾਂ ਭਜਨ ਨਹੀਂ ਹੁੰਦਾ, ਉਹ ਤਾਂ ਬਾਲ-ਬੱਚਿਆਂ 'ਚ ਉਲਝਿਆ ਰਹੇਗਾ। ਮਹਾਰਾਜ ਕਹਿੰਦੇ, ਅਸੀਂ ਜੁਗਤ ਦਸ ਦੇਣੀ ਹੈ।

ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥
ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ
ਵਿਚੇ ਹੋਵੈ ਮੁਕਤਿ ॥ ਅੰਗ - ੫੨੨

ਐਸੀ ਜੁਗਤ ਦੇ ਦੇਣੀ ਹੈ ਕਿ ਕਾਰੋਬਾਰ ਕਰਦਾ, ਬਾਲ ਬੱਚਿਆਂ 'ਚ ਰਹਿੰਦਾ, ਪਿਆਰ ਕਰਦਾ, ਸਮਾਜ ਦੀਆਂ ਜ਼ਰੂਰਤਾਂ ਪੂਰੀਆਂ ਕਰਦਾ। ਦੇਸ਼ ਦੀ ਜ਼ਰੂਰਤਾਂ ਪੂਰੀਆਂ ਕਰਦਾ, ਧਰਮ ਦੀਆਂ ਲੋੜਾਂ ਪੂਰੀਆਂ ਕਰਦਾ। ਫੇਰ ਉਹਨੂੰ ਅਸੀਂ ਜੁਗਤ ਦੇ ਦੇਵਾਂਗੇ, ਜਿਹਦੀ ਜੁਗਤ ਦੇ ਨਾਲ ਉਹ ਲੰਘ ਜਾਏਗਾ। ਉਹ ਜੁਗਤ ਕੀ ਹੈ -

ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥ ਅੰਗ - ੯੩੮

ਮੁਰਗਾਬੀ ਰਹਿੰਦੀ ਹੈ ਪਾਣੀ 'ਚ, ਉਹਦੇ ਫੰਗ ਨਹੀਂ ਭਿੱਜਦੇ, ਜਿਥੋਂ ਜੀਅ ਕਰਦੀ ਹੈ ਉਡ ਜਾਂਦੀ ਹੈ ਤੇ ਕਮਲ ਫੁੱਲ ਹੈ ਉਹ ਡੁੱਬਦਾ ਨਹੀਂ ਪਾਣੀ 'ਚ, ਜਿੰਨਾਂ ਪਾਣੀ ਚੜ੍ਹ ਜਾਵੇ, ਓਨੀ ਹੀ ਡੰਡੀ ਓਹਦੀ ਵਧ ਜਾਂਦੀ ਹੈ। ਇਕਾਂਤ ਜਿਹੜੀ ਅਸੀਂ ਉਹਨੂੰ ਦੇਣੀ ਹੈ ਨਾ -

ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਾਹਿ ਨਿਰਾਸੋ ॥ ਅੰਗ - ੯੩੮

ਸ਼ਬਦ ਦੀ ਧੁਨ ਹਰ ਵਕਤ ਉਹਦੇ ਅੰਦਰ ਵਾਹਿਗੁਰੂ-

ਵਾਹਿਗੁਰੂ ਹੋਈ ਜਾਣਾ ਹੈ, ਕਹਿੰਦੇ ਉਹਦਾ ਮਨ ਇਕਾਂਤ ਹੋਏਗਾ, ਉਹਦੇ ਮਨ ਨੇ ਨੱਠਣਾ ਨਹੀਂ। ਏਧਰ ਓਧਰ ਨਹੀਂ ਜਾਣਾ ਤੇ ਆਸ਼ਾਵਾਂ ਮੇਰੇ ਸਿੱਖ ਨੇ ਨਹੀਂ ਸੋਚਣੀਆਂ, ਭਾਣੇ 'ਚ ਰਹਿਣਾ ਹੈ। ਜੋ ਕੁਛ ਰਜ਼ਾ ਵਿਚ ਹੋ ਗਿਆ ਠੀਕ ਹੈ, ਚਿਤਵਨੀਆਂ ਨਹੀਂ ਕਰਨੀਆਂ।

ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ ॥
ਅੰਗ - ੯੩੮

ਸੋ ਐਨੀ ਗੱਲ ਜਿਸ ਵਕਤ ਉਨ੍ਹਾਂ ਨੇ ਸੁਣੀ, ਕਹਿਣ ਲੱਗੇ, ਨਾਨਕ ਜੀ! ਤੁਸੀਂ ਸਾਡੀ ਸਲਾਹ ਮੰਨੋ ਉਹ ਇਹ ਹੈ ਕਿ ਆਹ ਦੁਨੀਆਂ ਨੂੰ ਛੱਡ ਕੇ ਜਿੰਨਾਂ ਚਿਰ ਗੋਸ਼ਾਨਸ਼ੀਨੀ ਨਹੀਂ ਅਖਤਿਆਰ ਕਰਦੇ, ਓਨੀਂ ਦੇਰ ਔਖ ਹੀ ਔਖ ਹੈ, ਦੁੱਖ ਹੀ ਦੁੱਖ ਹੈ। ਗ੍ਰਿਹਸਤੀ ਨੂੰ ਕਿੰਨੇ ਝੰਜਟ ਪੈਣੇ ਨੇ ਤੇ ਅਸੀਂ ਸਲਾਹ ਦਿੰਦੇ ਹਾਂ ਇਸ ਤਰ੍ਹਾਂ ਕਹਿੰਦੇ ਨੇ -

ਧਾਰਨਾ - ਕੰਦ ਮੂਲ ਖਾ ਕੇ ਕਰ ਲੈ ਗੁਜ਼ਾਰਾ,
ਘਰ ਬਾਰ ਛੱਡ ਆਪਣਾ।

ਹਾਟੀ ਬਾਟੀ ਰਹਹਿ ਨਿਰਾਲੇ
ਰੂਖਿ ਬਿਰਖਿ ਉਦਿਆਨੇ ॥ ਅੰਗ - ੯੩੮

ਆਹ ਜਿਹੜੇ ਝੰਜਟ ਨੇ, ਹੱਟੀਆਂ ਦੇ, ਖੇਤੀਆਂ ਬਾੜੀਆਂ ਵਣਜ ਵਪਾਰ ਦੇ। ਇਨ੍ਹਾਂ ਨੂੰ ਛੱਡ ਕੇ ਆਦਮੀ ਨਿਰਾਲਾ ਰਹਿਣਾ ਚਾਹੀਦਾ ਹੈ। ਬਾਹਰ ਰੋਹੀਆਂ ਦੇ ਵਿਚ ਫਿਰਨਾ ਤੁਰਨਾ ਚਾਹੀਦਾ ਹੈ। ਨਾ ਕਿਸੇ ਦੇ ਦੁੱਖ ਦਾ ਪਤਾ ਲੱਗੇ ਤੇ ਨਾ ਆਪਣੇ ਮਨ ਵਿਚ ਕਲਪਨਾ ਆਵੇ -

ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ ॥
ਅੰਗ - ੯੩੯

ਕਹਿੰਦੇ, ਕੰਦ ਮੂਲ ਚੁਣ ਕੇ ਖਾ ਲਓ, ਨਾ ਕਿਸੇ ਨਾਲ ਰੌਲਾ, ਨਾ ਕਿਸੇ ਨਾ ਝਗੜਾ ਨਾ ਕਿਸੇ ਨਾਲ ਝਾਟਾ -

ਤੀਰਥਿ ਨਾਈਐ ਸੁਖੁ ਫਲੁ ਪਾਈਐ
ਮੈਲੁ ਨ ਲਾਗੈ ਕਾਈ ॥ ਅੰਗ - ੯੩੯

ਤੀਰਥਾਂ 'ਤੇ ਨਾਹੁੰਦਾ ਰਹੇ, ਤੀਰਥਾਂ ਦੇ ਕੰਢੇ ਠੰਢੇ ਪਾਣੀ ਕੋਲ ਰਹਿ ਕੇ ਸੁਖ ਫਲ ਪਾਵੇ ਤੇ ਮੈਲ ਨਹੀਂ ਲਗਦੀ।

ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ ॥
ਅੰਗ - ੯੩੯

ਕਹਿੰਦੇ ਆਹ ਤਰੀਕਾ ਹੈ ਜੋਗ ਜੁਗਤ ਦਾ, ਤੁਹਾਡੇ ਵਾਲਾ ਤਰੀਕਾ ਹੈ ਕੋਈ? ਗ੍ਰਿਹਸਤੀ ਨੂੰ ਤਾਂ ਹਜ਼ਾਰਾਂ ਹੀ ਝੰਜਟ ਨੇ, ਹਜ਼ਾਰਾਂ ਹੀ ਸੋਚੀ ਜਾਂਦਾ ਹੈ। ਲੰਘੇਗਾ ਕਿਵੇਂ, ਰਹਿ ਜਾਏਗਾ ਇਹ ਤਾਂ ਵਿਚੇ ਹੀ। ਉਸ ਵੇਲੇ ਮਹਾਰਾਜ ਕਹਿੰਦੇ, ਨਾਥ ਜੀ! ਅਸਲੀ ਚੀਜ਼ ਮਨ ਹੋਇਆ ਕਰਦਾ, ਜੇ ਘਰ ਬਾਰ ਛੱਡ ਕੇ ਵੀ ਮਨ ਓਹੀ ਗੱਲਾਂ ਸੋਚੀ ਜਾਵੇ। ਫੇਰ ਘਰ-ਬਾਰ ਛੱਡਣ ਦਾ ਫਾਇਦਾ ਕੀ। ਇਹ ਤਾਂ ਹਾਟੀ-ਬਾਟੀ ਜਿਹੜੀ ਹੈ, ਦੁਨੀਆਂ ਹੈ ਇਹਦੇ 'ਚ ਬੰਦਾ ਦੁੱਖ ਸਹਾਰਦਾ ਹੈ, ਦੁੱਖ ਸਹਾਰਨ ਵਾਲੇ ਬੰਦੇ ਨੂੰ ਨੀਂਦ ਨਹੀਂ ਆਇਆ ਕਰਦੀ ਅਗਿਆਨ 'ਚ। ਦੂਸਰਾ ਇਹ ਹੈ ਕਿ ਬੇਗਾਨੇ ਘਰਾਂ 'ਚ ਚਿੱਤ ਨਹੀਂ ਡੋਲਾਂਦਾ। ਅੰਦਰ ਤਾਂ ਚੋਰ ਬੈਠਾ ਹੈ ਕਾਮ ਦਾ। ਕਿਵੇਂ ਰੋਕ ਲਏਗਾ ਓਸਨੂੰ? ਬਾਹਰੋਂ ਸਾਧੂ ਬਣਿਆ ਹੋਇਆ ਹੈ, ਉਹਦੇ ਖਿਆਲ ਗੰਦੇ ਫਿਰੀ ਜਾਣੇ ਨੇ, ਲਕੋ ਕੇ ਰਖਦਾ ਹੈ, ਮਹਾਰਾਜ ਕਹਿੰਦੇ -

ਹਾਟੀ ਬਾਟੀ ਨੀਦ ਨ ਆਵੈ
ਪਰ ਘਰਿ ਚਿਤੁ ਨ ਡੁੋਲਾਈ ॥ ਅੰਗ - ੯੩੯

ਗ੍ਰਿਹਸਤੀ ਬੰਦਾ ਆਪਣੇ ਹੱਕ ਦੇ ਉਤੇ ਰਹਿੰਦਾ, ਬੇਗਾਨਿਆਂ ਵਲ ਚਿੱਤ ਨਹੀਂ ਡੋਲਾਂਦਾ।-

ਬਿਨੁ ਨਾਵੈ ਮਨੁ ਟੇਕ ਨ ਟਿਕਈ
ਨਾਨਕ ਭੂਖ ਨ ਜਾਈ ॥ ਅੰਗ - ੯੩੯

ਨਾਮ ਤੋਂ ਬਗੈਰ ਕਿਵੇਂ ਮਨ ਟਿਕ ਜਾਏਗਾ। ਮਨ ਟਿਕਣਾ ਨਹੀਂ। ਐਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਬਿਨਾਂ ਨਾਮ ਤੋਂ ਮਨ ਵਸ ਨਹੀਂਓਂ ਆਉਣਾ।

ਲੇਕਿਨ ਜਿਹੜਾ ਬੰਦਗੀ ਕਰਨ ਵਾਲਾ ਹੈ, ਜਦੋਂ ਨਾਮ ਪ੍ਰਗਟ ਹੋ ਗਿਆ ਅੰਦਰ, ਉਸ ਵੇਲੇ ਮਨ ਟਿਕ ਜਾਇਆ ਕਰਦਾ ਹੈ। ਮਨ ਅ-ਮਨ, ਹੋ ਜਾਇਆ ਕਰਦਾ ਹੈ। ਮਨੋ-ਨਾਸ਼, ਵਾਸ਼ਨਾ ਖ੍ਹੈ, ਤਤ੍ਹ ਗਿਆਨ ਹੋ ਜਾਇਆ ਕਰਦਾ ਹੈ। ਸੋ ਸਾਨੂੰ ਗੁਰੂ ਨੇ ਅੰਦਰ ਦਿਖਾ ਦਿੱਤਾ। ਹੱਟਾਂ ਦਿਖਾ ਦਿਤੀਆਂ, ਬਜ਼ਾਰ ਦਿਖਾ ਦਿੱਤੇ, ਸਭ ਕੁਛ ਦਿਖਾ ਦਿੱਤਾ। ਅੰਦਰ ਘਰ ਦਿਖਾ ਦਿੱਤਾ।

ਘਰ ਮਹਿ ਘਰੁ ਦੇਖਾਇ ਦੇਇ
ਸੋ ਸਤਿਗੁਰੁ ਪੁਰਖੁ ਸੁਜਾਣੁ ॥
ਪੰਚ ਸਬਦ ਧੁਨਿਕਾਰ ਧੁਨਿ
ਤਹ ਬਾਜੈ ਸਬਦੁ ਨੀਸਾਣੁ ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ
ਸਾਚਿ ਤਖਤਿ ਸੁਲਤਾਨੁ ॥ ਅੰਗ - ੧੨੯੧

ਕਹਿੰਦੇ, ਗੁਰੂ ਨੇ ਦਿਖਾ ਦਿੱਤਾ ਇਹ, ਹੁਣ ਅਸੀਂ ਵਪਾਰ ਕਾਹਦਾ ਕਰਦੇ ਹਾਂ। ਸਹਿਜ ਨਾਲ ਕਰਦੇ ਹਾਂ।

ਧਾਰਨਾ - ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ
ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ ਵਾਹਿਗੁਰੂ.।

ਮਹਾਰਾਜ ਕਹਿਣ ਲੱਗੇ, ਨਾਥ ਜੀ! ਅਸੀਂ ਸਹਿਜ ਦੇ ਨਾਲ ਨਾਮ ਦਾ ਵਪਾਰ ਕਰਦੇ ਹਾਂ। ਸਾਨੂੰ ਲੋੜ ਨਹੀਂ ਹੈ ਤੁਹਾਡੇ ਵਾਂਗਣ ਪੁੱਠੇ ਲੀਰਾਂ ਅੰਦਰ ਲੰਘਾਉਣੀਆਂ ਪੰਦਰਾਂ-ਪੰਦਰਾਂ ਹੱਥ ਲੰਬੀਆਂ, ਫੇਰ ਅੰਦਰੋਂ ਕੱਢਣੀਆਂ, ਮਿਹਦਾ ਸਾਫ ਕਰਨਾ, ਨੱਕ ਵਿਚ ਰੱਸੀ ਪਾ ਕੇ ਉਹਨੂੰ ਮਧਾਣੀ ਵਾਂਗਣ ਰਿੜਕਣਾ, ਧੌਂਕਣੀ ਵਾਂਗਣ ਪੇਟ ਨੂੰ ਕਰਨਾ। ਨਾ, ਸਾਨੂੰ ਨਹੀਂ ਲੋੜ, ਅਸੀਂ ਤਾਂ ਰਸਨਾ ਦੇ ਨਾਲ ਵਾਹਿਗੁਰੂ-ਵਾਹਿਗੁਰੂ ਕਰਨਾ ਹੈ। ਇਹ ਵੱਡਾ ਵਪਾਰ ਹੈ -

ਹਾਟੁ ਪਟਣੁ ਘਰੁ ਗੁਰੂ ਦਿਖਾਇਆ
ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥
ਅੰਗ - ੯੩੯

ਕਿਉਂਕਿ -

ਅੰਤਰਿ ਸਬਦੁ ਨਿਰੰਤਰਿ ਮੁਦ੍ਰਾ
ਹਉਮੈ ਮਮਤਾ ਦੂਰਿ ਕਰੀ॥ ਅੰਗ - ੯੩੯

ਜਿਹੜਾ ਹਰ ਵਕਤ ਸ਼ਬਦ ਅੰਦਰ ਚੱਲ ਜਾਣਾ ਹੈ, ਇਹ ਕਹਿੰਦੇ ਮੁੰਦਰਾ ਪੈ ਗਈਆਂ ਸਾਡੇ। ਹਉਮੈ ਵੀ, ਹੰਗਤਾ ਤੇ ਮਮਤਾ

ਦੂਰ ਕਰ ਦਿੱਤੀਆਂ, ਸਭ ਕੁਛ ਪ੍ਰਮੇਸ਼ਰ ਦਾ ਜਾਣ ਕੇ।

ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ
ਗੁਰ ਕੈ ਸਬਦਿ ਸੁ ਸਮਝ ਪਰੀ ॥ ਅੰਗ - ੯੩੯

ਪੰਜੇ ਚੋਰਾਂ ਨੂੰ ਨਾਮ ਨੇ ਨਠਾ ਦਿੱਤਾ। ਗੁਰੂ ਦੇ ਸ਼ਬਦ ਦੀ ਜਦੋਂ ਸਮਝ ਪੈ ਗਈ ਕਿ ਘਟ-ਘਟ 'ਚ ਵਿਆਪਕ ਵਾਹਿਗੁਰੂ ਹੈ, ਇਹ ਪੰਜੋ ਚੋਰ ਨੱਠ ਗਏ -

ਖਿੰਥਾ ਝੋਲੀ ਭਰਿਪੁਰਿ ਰਹਿਆ
ਨਾਨਕ ਤਾਰੈ ਏਕੁ ਹਰੀ ॥ ਅੰਗ - ੯੩੯

ਝੋਲੀ ਪੈ ਗਈ ਸਾਡੇ, ਜਿਧਰ ਦੇਖਦੇ ਹਾਂ ਵਾਹਿਗੁਰੂ ਹੈ, ਇਹ ਕਹਿੰਦੇ ਝੋਲੀ ਪਾ ਲਈ ਅਸੀਂ।

ਸਾਚਾ ਸਾਹਿਬੁ ਸਾਚੀ ਨਾਈ
ਪਰਖੈ ਗੁਰ ਕੀ ਬਾਤ ਖਰੀ ॥ ਅੰਗ - ੯੩੯

ਸੋ ਇਸ ਤਰ੍ਹਾਂ ਮਹਾਰਾਜ ਜੀ ਨੇ ਉਨ੍ਹਾਂ ਦੇ ਨਾਲ ਬਚਨ ਕੀਤੇ, ਉਸ ਵੇਲੇ ਸਿੱਧਾਂ ਨੇ ਫੇਰ ਸੋਚਿਆ ਕਿ ਗੱਲਾਂ 'ਚ ਤਾਂ ਇਹ ਆਉਣ ਨਹੀਂ ਦਿੰਦਾ। ਇਹਨੂੰ ਕੋਈ ਚਮਤਕਾਰ ਦਿਖਾਈਏ, ਹੋ ਸਕਦਾ ਹੈ ਫੇਰ ਇਹ ਮੰਨ ਜਾਵੇ, ਓਸ ਵੇਲੇ ਗੋਰਖ ਕਹਿਣ ਲੱਗਿਆ, ਨਾਨਕ ਜੀ! ਔਹ ਦੇਖੋ ਸਾਮ੍ਹਣੇ ਪਾਣੀ ਨਜ਼ਰ ਆਉਂਦਾ ਹੈ ਨਾ। ਦੇਖੋ ਧਿਆਨ ਨਾਲ, ਕਹਿੰਦੇ ਹਾਂ ਨਾਥ ਜੀ! ਪਾਣੀ ਹੈ। ਜਾਓ ਕਹਿੰਦੇ ਇੱਕ ਕੁਮੰਡਲ ਪਾਣੀ ਦਾ ਭਰ ਲਿਆਓ। ਚਿੱਪੀ ਦੇ ਦਿੱਤੀ ਤੇ ਗੁਰੂ ਨਾਨਕ ਪਾਤਸ਼ਾਹ ਪਾਣੀ ਭਰਨ ਵਾਸਤੇ ਚਿੱਪੀ ਲੈ ਕੇ ਜਾਂਦੇ ਨੇ, ਅੱਗੇ ਜਾ ਕੇ ਕੀ ਦੇਖਦੇ ਨੇ ਕਿ ਝਿਲਮਿਲ-ਝਿਲਮਿਲ ਹੋ ਰਹੀ ਹੈ। ਹੀਰੇ ਲਾਲ ਜਵਾਹਰਾਤ ਅਨੇਕਾ ਹੀ ਰੰਗਾਂ ਦੇ ਜਿਧਰ ਦੇਖਦੇ ਨੇ ਅੱਖਾਂ ਨਹੀਂ ਟਿਕਦੀਆਂ, ਮਾਇਆ ਹੀ ਮਾਇਆ ਪਸਾਰ ਦਿੱਤੀ। ਪਹਾੜ ਸੋਨੇ ਦੇ ਬਣਾ ਦਿੱਤੇ ਤੇ ਗੁਰੂ ਨਾਨਕ ਪਾਤਸ਼ਾਹ ਨੇ ਦੇਖਿਆ ਕਿ ਇਹ ਤਾਂ ਛਲ ਕਰਿਆ ਹੈ। ਮਹਾਰਾਜ ਨੇ ਦ੍ਰਿਸ਼ਟੀ ਕਰੀ ਸਾਰੀ ਮਾਇਆ ਗੁੰਮ ਕਰ ਦਿੱਤੀ ਓਹਦੀ। ਇੱਕ ਨਾ ਰਹਿਣ ਦਿੱਤੀ, ਸੋ ਉਹਨੂੰ ਭਾਈ ਗੁਰਦਾਸ ਜੀ ਲਿਖਦੇ ਨੇ ਕਿ -

ਸਿਧੀ ਮਨੇ ਬੀਚਾਰਿਆ ਕਿਵੈ ਦਰਸਨ ਏ ਲੇਵੈ ਬਾਲਾ।
ਐਸਾ ਜੋਗੀ ਕਲੀ ਮਹਿ ਹਮਰੇ ਪੰਥ ਕਰੇ ਉਜਿਆਲਾ।
ਖਪਰ ਦਿਤਾ ਨਾਥ ਜੀ
ਪਾਣੀ ਭਰਿ ਲੈਵਣਿ ਉਠਿ ਚਾਲਾ।
ਬਾਬਾ ਆਇਆ ਪਾਣੀਐ ਡਿਠੇ ਰਤਨ ਜਵਾਹਰ ਲਾਲਾ।
ਸਤਿਗੁਰ ਅਗਮ ਅਗਾਧਿ ਪੁਰਖੁ
ਕੇਹੜਾ ਝਲੇ ਗੁਰੂ ਦੀ ਝਾਲਾ।
ਭਾਈ ਗੁਰਦਾਸ ਜੀ, ਵਾਰ ੧/੩੧

ਸਾਰਾ ਕੁਛ ਗੁੰਮ ਕਰ ਦਿੱਤਾ। ਪਾਣੀ ਵੀ ਨਾ ਰਹਿਣ ਦਿੱਤਾ -

ਫਿਰਿ ਆਇਆ ਗੁਰ :
ਨਾਥ ਜੀ ਪਾਣੀ ਠਉੜ ਨਹੀ ਉਸਿ ਤਾਲਾ।
ਭਾਈ ਗੁਰਦਾਸ ਜੀ, ਵਾਰ ੧/੩੧

ਕਹਿੰਦੇ, ਦੇਖੋ ਉਥੇ ਤਾਂ ਪਾਣੀ ਹੀ ਨਹੀਂ ਹੈ। ਹੈਰਾਨ ਹੋ ਗਿਆ ਗੋਰਖ ਕਿ ਕਿਧਰ ਗਏ ਹੀਰੇ, ਲਾਲ, ਜਵਾਹਰਾਤ ਜਿੰਨੇ ਸੀਗੇ ਪਏ ਇਥੇ, ਸੋਨੇ ਦੇ ਪਹਾੜ ਬਣਾਏ ਸੀ। ਇਹ ਤਾਂ ਕੁਛ ਵੀ ਨਹੀਂ ਰਿਹਾ, ਪਾਣੀ ਵੀ ਗਿਆ ਹੱਥੋਂ। ਬਥੇਰੀ ਕੋਸ਼ਿਸ਼ ਕਰਦਾ ਹੈ ਕਿ ਪਾਣੀ ਆ ਜਾਏ, ਪਰ ਆਇਆ ਨਾ ਹੱਥ। ਮਹਾਰਾਜ ਕਹਿੰਦੇ, ਇਹ ਕੀ ਤੁਸੀ ਕੌਤਕ ਕਰਦੇ ਓਂ। ਕਹਿੰਦੇ, ਦੇਖ ਨਾਨਕ! ਇੱਕ ਫੁਰਨਾ ਕਰਿਆ ਹੈ ਸਿਰਫ ਆਹ ਸਾਰਾ ਪਾਣੀ, ਸਾਰਾ ਪਹਾੜ ਹੀਰੇ ਲਾਲ, ਜਵਾਹਰਾਤ ਦਾ ਬਣਾ ਦਿਤਾ। ਤੂੰ ਸਾਡਾ ਜੋਗ ਧਾਰਨ ਕਰ ਲੈ, ਦੇਖ ਕਿੰਨੀ ਸ਼ਕਤੀ ਹੈ। ਮਹਾਰਾਜ ਕਹਿੰਦੇ, ਨਾਥ ਜੀ! ਇਹ ਤਾਂ ਸਾਰੀ ਮਾਇਆ ਦੀ ਚੀਜ਼ ਹੈ। ਮਾਇਆ ਤੋਂ ਆਪਾਂ ਉਚਾ ਉਠ ਕੇ ਪਾਰਬ੍ਰਹਮ ਪ੍ਰਮੇਸ਼ਰ 'ਚ ਜਾਣਾ ਹੈ, ਤੁਸੀਂ ਪ੍ਰਮੇਸ਼ਰ ਨੂੰ ਨਹੀਂ ਮੰਨਦੇ। ਸੁੰਨ ਨੂੰ ਮੰਨਦੇ ਓਂ, ਸਾਡਾ ਪ੍ਰਮੇਸ਼ਰ ਸੁੰਨ ਨਹੀਂ ਹੈ, ਉਹ ਜੀਵਨ ਹੈ, ਅਫੁਰ ਅਵਸਥਾ 'ਚ ਹੈ, ਲੇਕਿਨ ਉਹ ਹੋਂਦ ਹੈ, ਅਣਹੋਂਦ ਨਹੀਂ। ਤੁਹਾਡਾ ਰੱਬ ਜਿਹੜਾ ਹੈ ਉਹ ਅਣਹੋਂਦ ਹੈ। ਕੁਛ ਨਹੀਂ ਕਰਦਾ। ਸੋ ਇਸ ਤਰ੍ਹਾਂ ਬੇਅੰਤ ਬਚਨ ਹੋਏ, ਤਾਂ ਸਿੱਧਾਂ ਨੇ ਅਖੀਰ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਨੂੰ ਨਮਸ਼ਕਾਰ ਕੀਤੀ, ਭਾਈ ਗੁਰਦਾਸ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਬਾਬੇ ਜਿੱਤ ਲਈ ਸਿੱਧਾਂ ਵਾਲੀ ਮੰਡਲੀ,
ਸ਼ਬਦਾਂ ਦੇ ਬਾਣ ਮਾਰ ਕੇ।

ਸਬਦਿ ਜਿਤੀ ਸਿਧਿ ਮੰਡਲੀ
ਕੀਤੋਸੁ ਅਪਣਾ ਪੰਥੁ ਨਿਰਾਲਾ।
ਕਲਿਜੁਗਿ ਨਾਨਕ ਨਾਮੁ ਸੁਖਾਲਾ।
ਭਾਈ ਗੁਰਦਾਸ ਜੀ, ਵਾਰ ੧/੩੧

ਦੱਸ ਦਿੱਤਾ ਕਿ ਨਾਮ ਜਪਣਾ ਸੁਖਾਲਾ ਤੇ ਕਲਿਆਣਕਾਰੀ ਹੈ। ਇਹ ਤਾਂ ਕਿਲ੍ਹਾ ਬੜਾ ਵੱਡਾ ਫਤਹਿ ਕਰ ਲਿਆ ਗੁਰੂ ਨਾਨਕ ਪਾਤਸ਼ਾਹ ਨੇ। ਤੇ ਦੂਜੇ ਪਾਸੇ ਪੱਛਮ ਦਾ ਕਿਲ੍ਹਾ ਉਹ ਬਹੁਤ ਸਖਤ ਸੀਗਾ। ਇਸ ਤੋਂ ਵੀ ਕਿਤੇ ਜ਼ਿਆਦਾ ਸਖਤ, ਉਹ ਸੀ ਇਸਲਾਮ ਦਾ, ਇਸਲਾਮ ਵਾਲਿਆਂ ਨੂੰ ਇਹ ਭਰਮ ਪੈ ਗਿਆ ਸੀ ਕਿ ਰੱਬ ਮੱਕੇ 'ਚ ਰਹਿੰਦਾ ਹੈ, ਪੱਕਾ ਹੋ ਗਿਆ ਸੀ। ਦੋ ਕਿਸਮ ਦੇ ਸੀ ਇੱਕ ਸੂਫੀ ਸੀ, ਉਨ੍ਹਾਂ ਦੇ ਖਿਆਲ ਤਾਂ ਹੋਰ ਸੀਗੇ। ਲੇਕਿਨ ਉਹ ਨਾਲ ਟਕਰਾਅ ਹੋ ਜਾਣ ਕਰਕੇ ਸੂਫੀਆਂ ਦੀਆਂ ਖੱਲ੍ਹਾਂ ਲਾਹ ਦਿੱਤੀਆਂ। ਸੂਲੀਆਂ 'ਤੇ ਚਾੜ੍ਹ ਦਿੱਤਾ। ਬਰਦਾਸ਼ਤ ਨਹੀ ਸੀ ਕਰਦੇ ਕਿ ਜੋ ਗੱਲ ਅਸੀਂ ਜਾਣੀ ਹੈ ਇਸ ਤੋਂ ਵੱਧ ਗਿਆਨ ਹੈ ਹੀ ਨਹੀਂ। ਜਿਹੜਾ ਕਰੇਗਾ ਉਹਨੂੰ ਅਸੀਂ ਮਾਰ ਦੇਣਾ ਹੈ। ਧਰਮ ਦੇ ਵਿਚ ਜਦੋਂ ਜਾਨ ਖਤਮ ਹੋਣੀ ਹੋਵੇ ਉਹ ਫੇਰ ਕੱਟੜ ਰੂਪ ਧਾਰਨ ਕਰਿਆ ਕਰਦਾ ਹੈ। ਉਹਦੇ 'ਚ ਲਚਕ ਨਹੀਂ ਰਿਹਾ ਕਰਦੀ। ਜਿਹੜੇ ਧਰਮ ਦੇ ਵਿਚ ਗਿਆਨ ਦੇ ਬੇਅੰਤ ਭੰਡਾਰੇ ਨੇ, ਉਹਦੀ ਹੋਰ approach (ਸਰਬ ਸਾਂਝੀ) ਹੋਇਆ ਕਰਦੀ ਹੈ। ਸੋ ਉਥੇ ਗੁਰੂ ਨਾਨਕ ਪਾਤਸ਼ਾਹ ਮਰਦਾਨਾ ਕਹਿਣ ਲੱਗਿਆ, ਪਾਤਸ਼ਾਹ! ਮੱਕਾ ਸੁਣੀਦਾ ਹੈ, ਕਿਤੇ ਜੇ ਲੋਟ ਲਗ ਜਾਵੇ ਤਾਂ ਉਹਦੀ ਵੀ ਆਪਾਂ ਜ਼ਿਆਰਤ ਕਰ ਲਈਏ, ਮਹਾਰਾਜ ਕਹਿੰਦੇ, ਮਰਦਾਨਿਆਂ! ਤੈਨੂੰ ਪਤਾ ਹੈ ਜੇ ਹਿੰਦੂ ਮੱਕੇ ਚਲਿਆ ਜਾਵੇ, ਉਹਨੂੰ ਜਾਨ ਤੋਂ ਮਾਰ ਦਿੰਦੇ ਨੇ, ਜਿਹੜਾ ਹਿੰਦੂ ਵੀ ਜਾਂਦਾ ਹੈ ਉਹ ਵੀ ਬਾਹਰ ਇੱਕ ਲਾਇਨ ਹੈ ਉਸ ਤੋਂ ਅੰਦਰ ਨਹੀਂ ਜਾ ਸਕਦਾ। ਉਥੇ ਆਪਾਂ ਕਿਵੇਂ ਪਹੁੰਚ ਜਾਵਾਂਗੇ। ਫੇਰ ਆਹ ਸਾਰਾ ਹੀ ਇਸਲਾਮ ਦਾ ਦੇਸ਼ ਹੈ ਤੇ ਲੰਘਣ ਨਹੀਂ ਦੇਣਾ ਸਾਨੂੰ ਕਿਸੇ ਨੇ। ਮਰਦਾਨਾ ਕਹਿੰਦਾ, ਸੱਚੇ ਪਾਤਸ਼ਾਹ! ਤੁਹਾਡੇ ਤੋਂ ਕੋਈ ਵੱਡਾ ਨਹੀਂ ਹੈ, ਤੁਸੀਂ ਸਭ

ਕੁਛ ਕਰ ਸਕਦੇ ਓਂ, ਹਾਜ਼ੀਆਂ ਦੇ ਨਾਲ ਰਲ ਕੇ ਤੁਰ ਪਏ ਤੇ ਗੁਰੂ ਨਾਨਕ ਤੁਰੇ ਜਾਂਦੇ ਨੇ। ਇੱਕ ਬਦਲੀ ਆਈ ਹੋਈ ਹੈ, ਧੁੱਪ ਬਹੁਤ ਹੀ ਕੜਕਦੀ ਹੈ ਉਹ ਗੁਰੂ ਨਾਨਕ ਪਾਤਸ਼ਾਹ ਦੇ ਛਾਂ ਕਰੀ ਜਾਂਦੀ ਹੈ। ਨਾਲ ਜਿਹੜੀਆਂ ਜਾਂਦੀ ਹੈ ਹਾਜ਼ੀਆਂ ਦੀ ਜਮਾਤ ਉਨ੍ਹਾਂ 'ਤੇ ਵੀ ਛਾਂ ਕਰਦੀ ਹੈ। ਉਹ ਜਿਹੜੇ ਪੀਰ ਸੀ ਉਹ ਕਹਿਣ ਲੱਗੇ ਕਿ ਹਿੰਦੂ ਆਪਣੇ ਨਾਲ ਜਾ ਰਿਹਾ ਹੈ, ਇਹਨੇ ਜਹਾਜ਼ ਚੜ੍ਹ ਜਾਣਾ ਹੈ ਆਪਣੇ ਨਾਲ ਹੀ। ਜਦੋਂ ਪਤਾ ਲਗ ਗਿਆ ਤਾਂ ਨਾਲ ਆਪਾਂ ਨੂੰ ਤੇ ਨਾਲ ਇਹਨੂੰ ਪਤਾ ਹੈ ਕੀ ਸਜ਼ਾ ਮਿਲੇਗੀ। ਹੋ ਸਕਦਾ ਹੈ ਮਾਰ ਦੇਣ, ਚੰਗਾ ਇਹ ਹੈ ਕਿ ਇਹਨੂੰ ਕਹਿ ਦੇਈਏ ਕਿ ਸਾਡੇ ਨਾਲ ਨਾ ਜਾਹ। ਕਹਿਣ ਲੱਗੇ, ਨਾਨਕ ਦਰਵੇਸ਼! ਦੇਖ ਅਸੀਂ ਜਾਦੇ ਹਾਂ ਹੱਜ ਨੂੰ, ਉਥੇ ਹਿੰਦੂ ਨੂੰ ਨਹੀਂ ਜਾਣ ਦਿੰਦੇ। ਜੇ ਤੂੰ ਗਿਆ ਸਾਨੂੰ ਔਖ ਹੋ ਜਾਏਗੀ, ਕਸ਼ਟ ਦੇ ਵਿਚ ਪੈ ਜਾਵਾਂਗੇ, ਤੂੰ ਸਾਡੇ ਨਾਲ ਨਾ ਤੁਰ, ਇਕੱਲੇ ਨੇ ਜਾਣਾ ਹੈ ਜਾਹ, ਮਹਾਰਾਜ ਕਹਿੰਦੇ, ਅਸੀਂ ਤੁਹਾਡਾ ਕੀ ਵਿਗਾੜਦੇ ਹਾਂ, ਧਰਤੀ ਰੱਬ ਦੀ ਹੈ ਉਹਦੇ ਉਤੇ ਤੁਰੇ ਜਾਂਦੇ ਹਾਂ। ਕਹਿੰਦੇ ਸਾਡੇ ਨਾਲ ਨਾ ਤੁਰ। ਮਹਾਰਾਜ ਕਹਿੰਦੇ, ਮਰਦਾਨਿਆਂ! ਫੇਰ ਬਹਿ ਜਾ। ਜਾਣ ਦਿੰਦੇ ਨੇ ਕਿਤੇ ਆਪਾਂ ਨੂੰ? ਆਹ ਸਿੰਧ ਦੀ ਗੱਲ ਹੈ, ਸੱਖਰ ਦੇ ਕੋਲ ਬੈਠ ਗਏ, ਉਹ ਬਦਲੀ ਮਹਾਰਾਜ 'ਤੇ ਠਹਿਰ ਗਈ, ਉਹ ਧੁੱਪ ਦੇ ਵਿਚ ਤੁਰੇ ਜਾਂਦੇ ਨੇ। ਕਹਿੰਦੇ, ਹੈਫ ਹੈ ਅੱਲਾਹ ਦਾ, ਦੇਖੋ, ਕਾਫਰ ਦੇ ਉਤੇ ਅੱਲਾਹ ਤਾਲਾਹ ਦਿਆਲ ਹੋਇਆ-ਹੋਇਆ ਹੈ। ਉਹਦੇ ਉਤੇ ਛਾਂ ਕਰ ਦਿੱਤੀ ਸਾਡੇ ਉਤੇ ਧੁੱਪ ਕਰ ਦਿੱਤੀ ਤੇ ਇਧਰੋਂ ਗੁਰੂ ਨਾਨਕ ਪਾਤਸ਼ਾਹ ਨੇ ਫੁਰਨਾ ਕਰਿਆ ਮੱਕੇ 'ਚ ਚਲੇ ਗਏ। ਜਾ ਕੇ ਹਾਜ਼ੀ ਲੋਕ ਜਿਹੜੇ ਪਹਿਲਾਂ ਪਹੁੰਚੇ ਹੋਏ ਨੇ, ਉਹ ਸਾਰੇ ਲੰਮੇ ਪਏ ਨੇ, ਮੱਕੇ ਵਲ ਨੂੰ ਸਭ ਨੇ ਸਿਰ ਕਰਿਆ ਹੋਇਆ ਹੈ। ਜਿਵੇਂ ਆਪਾਂ ਦਰਬਾਰ ਸਾਹਿਬ ਜਾਈਏ ਤੇ ਪ੍ਰਕਰਮਾ 'ਚ ਸੌਂ ਜਾਈਏ ਤੇ ਅਸੀਂ ਸਿਰ ਹਰਿਮੰਦਰ ਸਾਹਿਬ ਵਲ ਨੂੰ ਕਰਕੇ ਪੈਂਦੇ ਹਾਂ, ਕਿਉਂਕਿ ਸਤਿਕਾਰ ਦਾ ਤਰੀਕਾ ਹੈ ਇਹ, ਗੁਰੂ ਨਾਨਕ ਪਾਤਸ਼ਾਹ ਨੇ ਭਰਮ ਕੱਢਣਾ ਸੀ ਤੇ ਉਹ ਪ੍ਰਕਰਮਾ ਦੇ ਵਿਚ ਪੈਰ ਓਧਰ ਕਰਕੇ ਪੈ ਗਿਆ ਤੇ ਸਵੇਰ ਵੇਲੇ ਜਦੋਂ ਆਇਆ ਇੰਤਜ਼ਾਮ ਕਰਨ ਵਾਲਾ ਜੀਵਨ, ਉਸ ਨੇ ਆ ਕੇ ਦੇਖਿਆ ਕਿ ਬਾਕੀ ਤਾਂ ਸਾਰੇ ਪਏ ਨੇ ਠੀਕ, ਆਹ ਬੰਦਾ ਕੌਣ ਆ ਗਿਆ ਜਿਹੜਾ ਪੈਰ ਕਰੀਂ ਪਿਆ ਹੈ। ਐਡਾ ਕ੍ਰੋਧ ਚੜ੍ਹਿਆ ਗੁਰੂ ਨਾਨਕ ਪਾਤਸ਼ਾਹ ਦੀ ਵੱਖੀ 'ਚ, ਪੂਰੇ ਜ਼ੋਰ ਨਾਲ ਲੱਤ ਮਾਰੀ। ਭਾਈ ਗੁਰਦਾਸ ਜੀ ਲਿਖਦੇ ਨੇ ਕਿ –

ਬਾਬਾ ਫਿਰਿ ਮਕੇ ਗਇਆ ਨੀਲ ਬਸਤ੍ਰ ਧਾਰੇ ਬਨਵਾਰੀ।
ਆਸਾ ਹਥਿ ਕਿਤਾਬ ਕਛਿ ਕੂਜਾ ਬਾਂਗ ਮੁਸਲਾ ਧਾਰੀ।
ਬੈਠਾ ਜਾਇ ਮਸੀਤ ਵਿਚਿ ਜਿਥੈ ਹਾਜੀ ਹਜਿ ਗੁਜਾਰੀ।
ਜਾ ਬਾਬਾ ਸੁਤਾ ਰਾਤਿ ਨੋ
ਵਲਿ ਮਹਿਰਾਬੇ ਪਾਇ ਪਸਾਰੀ।
ਜੀਵਣਿ ਮਾਰੀ ਲਤਿ ਦੀ ਕੇਹੜਾ ਸੁਤਾ ਕੁਫਰ ਕੁਫਾਰੀ?
ਲਤਾਂ ਵਲਿ ਖੁਦਾਇਦੇ
ਕਿਉ ਕਰਿ ਪਇਆ ਹੋਇ ਬਜਿਗਾਰੀ।

ਭਾਈ ਗੁਰਦਾਸ ਜੀ, ਵਾਰ ੧/੩੨

ਮਹਾਰਾਜ ਕਹਿਣ ਕਿਉਂ ਮਾਰਦਾ ਹੈਂ? ਕਹਿੰਦਾ, ਤੂੰ ਖੁਦਾ ਦੇ ਘਰ ਵਲ ਪੈਰ ਕਰੀਂ ਪਿਆ ਹੈਂ। ਮਹਾਰਾਜ ਕਹਿੰਦੇ, ਹਨ੍ਹੇਰੇ ਹੋਏ ਆਏ ਸੀ। ਥੱਕੇ ਹੋਏ ਸੀ, ਸਾਨੂੰ ਨਹੀਂ ਪਤਾ ਕਿ ਅਸੀਂ ਖੁਦਾ ਦੇ ਘਰ ਵਲ ਸਿਰ ਕਰਕੇ ਪਏ ਹਾਂ ਜਾਂ ਪੈਰ ਕਰਕੇ ਪਏ ਹਾਂ। ਹੋ ਸਕਦਾ ਹੈ ਸੁੱਤੇ ਪਏ ਹੀ ਬਦਲ ਗਏ ਹੋਈਏ ਪਾਸੇ ਲੈਂਦੇ-ਲੈਂਦੇ। ਹੁਣ ਤੂੰ ਮਿਹਰਬਾਨੀ ਕਰ, ਲੱਤ ਤੂੰ ਮਾਰੀ ਜ਼ੋਰ ਦੀ, ਉਠ ਨਹੀਂ ਹੁੰਦਾ ਸਾਡੇ ਤੋਂ ਤੇ ਤੂੰ ਸਾਡੇ ਪੈਰ ਓਧਰ ਕਰ ਦੇ, ਜਿਧਰ ਖੁਦਾ ਦਾ ਘਰ ਨਹੀਂ ਹੈ। ਭਾਈ ਸਾਹਿਬ ਕਹਿੰਦੇ ਨੇ ਕਿ-

ਟੰਗੋਂ ਪਕੜਿ ਘਸੀਟਿਆ ਫਿਰਿਆ ਮਕਾ ਕਲਾ
ਦਿਖਾਰੀ। ਹੋਇ ਹੈਰਾਨੁ ਕਰੇਨਿ ਜੁਹਾਰੀ॥

ਭਾਈ ਗੁਰਦਾਸ ਜੀ, ਵਾਰ ੧/੩੨

ਉਥੇ ਹੀ ਨਹੀਂ ਕਿ ਮਾੜਾ ਜਿਹਾ ਘੁੰਮਾ ਦੇ, ਘੜੀਸ ਲਿਆ ਗੁੱਸੇ 'ਚ ਆਏ ਨੇ। ਕਹਿੰਦਾ ਕਰਦਾ ਹਾਂ ਤੇਰੇ ਪੈਰ। ਜਦੋਂ ਘੁੰਮਾ ਕੇ ਜ਼ੋਰ ਨਾਲ ਪੈਰ ਮਾਰੇ ਨਾ ਧਰਤੀ 'ਤੇ ਤਾਂ ਮਹਾਰਾਜ ਕਹਿੰਦੇ ਦੇਖ ਲੈ ਕਿਤੇ ਖੁਦਾ ਦਾ ਘਰ ਨਾ ਏਧਰ ਹੋਵੇ, ਕੀ ਦੇਖਦਾ ਹੈ ਸਾਮ੍ਹਣੇ ਮੱਕਾ। ਡਰ ਗਿਆ ਕਿ ਹੈਂ ਆਹ ਕੀ ਭਾਣਾ ਵਰਤਿਆ। ਮਹਾਰਾਜ ਕਹਿੰਦੇ, ਦੂਜੇ ਪਾਸੇ ਕਰ ਦੇ। ਜਦੋਂ ਉਸ ਨੇ ਦੂਜੇ ਪਾਸੇ ਕਰੇ ਓਧਰ ਵੀ ਮੱਕਾ, ਜਿਧਰ ਕਰੇ ਮੱਕਾ। ਚਰਨਾਂ ਨੂੰ ਹੱਥ ਲਾਉਣ ਦੀ ਦੇਰ ਸੀ, ਗੁਰੂ ਨਾਨਕ ਦੇ ਚਰਨ ਕੋਈ ਮਾਮੂਲੀ ਚਰਨ ਤਾਂ ਨਹੀਂ ਨਾ, ਸਾਧਸੰਗਤ ਜੀ! ਚਰਨਾਂ ਨੂੰ ਹੱਥ ਲਾਉਣ ਨਾਲ ਹੀ, ਛੋਹਣ ਨਾਲ ਬਿਰਤੀ ਖੁਲ੍ਹ ਜਾਂਦੀ ਸੀ।

ਗੁਰੂ ਨਾਨਕ ਪਾਤਸ਼ਾਹ ਤਲਵੰਡੀ ਦੇ ਵਿਚ ਆਰਾਮ ਕਰ ਰਹੇ ਨੇ, ਮਾਤਾ ਜੀ ਨੇ ਪ੍ਰਸ਼ਾਦਾ ਤਿਆਰ ਕਰ ਦਿੱਤਾ। ਤੁਲਸਾਂ ਦਾਸੀ ਨੂੰ ਕਹਿਣ ਲੱਗੇ, ਤੁਲਸਾਂ! ਔਹ ਨਾਨਕ ਜੀ! ਸੁੱਤੇ ਪਏ ਨੇ, ਜਾਹ, ਜਾ ਕੇ ਜਗਾ ਲਿਆ ਤੇ ਪ੍ਰਸ਼ਾਦਾ ਛਕ ਲੈਣ। ਮਾਤਾ ਨੂੰ ਨਹੀਂ ਸੀ ਪਤਾ ਕਿ ਗੁਰੂ ਨਾਨਕ ਕਦੇ ਵੀ ਨਹੀਂ ਸੌਂਦਾ, ਉਹ ਤਾਂ ਸਦਾ ਜਾਗਦਾ ਹੈ, ਸਾਨੂੰ ਜਗਾਉਣ ਆਇਆ ਹੈ।

ਇੱਕ ਵਾਰੀ ਮਹਾਰਾਜ ਜੀ (ਸੰਤ ਈਸ਼ਰ ਸਿੰਘ ਜੀ ਮਹਾਰਾਜ, ਰਾੜਾ ਸਾਹਿਬ) ਨਾਲ ਬਚਨ ਹੋਏ ਕਿ ਮੈਂ ਕਿਹਾ ਕਿ ਮਹਾਰਾਜ ਜੀ! ਬਹੁਤ ਥੋੜ੍ਹੀ ਨੀਂਦ ਲੈਂਦੇ ਓਂ ਤੁਸੀਂ, ਰਾਤ ਨੂੰ ਸਾਢੇ ਗਿਆਰ੍ਹਾਂ ਦੀਵਾਨ ਤੋਂ ਆਉਂਦੇ ਓਂ ਤੇ ਤੁਸੀਂ ਇੱਕ ਵਜੇ ਫੇਰ ਉਠ ਖੜ੍ਹਦੇ ਓਂ। ਡੇਢ ਘੰਟਾ ਹੀ ਨੀਂਦ ਲੈਂਦੇ ਓਂ। ਮਹਾਰਾਜ ਹੱਸ ਪਏ, ਮੈਂ ਕਿਹਾ ਮਹਾਰਾਜ! ਕੀ ਗੱਲ? ਮਹਾਰਾਜ ਕਹਿੰਦੇ, ਡੇਢ ਘੰਟਾ ਅਸੀਂ ਕਿਤੇ ਸੌਂਦੇ ਹਾਂ? ਮੈਂ ਕਿਹਾ, ਫੇਰ ਕੀ ਕਰਦੇ ਓਂ? ਮੰਜੇ 'ਤੇ ਪਏ ਰਹਿੰਦੇ ਓਂ? ਕਹਿੰਦੇ, ਨਾ ਸਰੀਰ ਮੰਜੇ 'ਤੇ ਹੁੰਦਾ ਹੈ, ਅਸੀਂ ਤਾਂ ਜੇ ਸਰੀਰ ਨੂੰ ਨਾਲ ਲੈ ਕੇ ਜਾਈਏ, ਪਾਸਪੋਰਟ ਦੀ ਲੋੜ ਹੈ, ਜਹਾਜ਼ 'ਤੇ ਚੜ੍ਹਨ ਦੀ ਲੋੜ ਹੈ। ਕਹਿੰਦੇ, ਬੇਅੰਤ ਨੇ ਪ੍ਰੇਮੀ ਜੋ ਕੋਈ ਅਰਦਾਸ ਕਰਦਾ ਹੈ ਕਿ ਸਾਡਾ ਆਹ ਕਰ ਦਿਓ, ਆਹ ਕਰ ਦਿਓ, ਕਹਿੰਦੇ ਅਸੀਂ ਰਾਤ ਨੂੰ ਫੇਰ ਸੂਖਸ਼ਮ ਸਰੀਰ ਦੇ ਨਾਲ ਜਾ ਕੇ ਕਿਸੇ ਨੂੰ ਦਰਸ਼ਨ ਦਿੰਦੇ ਹਾਂ, ਕਿਸੇ ਦਾ ਕਾਰਜ ਸਿੱਧ ਕਰਦੇ ਹਾਂ। ਮੈਂ ਕਿਹਾ ਮਹਾਰਾਜ! ਸਰੀਰ ਇੱਥੇ ਕਿਵੇਂ ਰਹਿ ਜਾਂਦਾ ਹੈ। ਕਹਿੰਦੇ, ਇਹ ਵੀ ਗੱਲ ਪੁਛਣੀ ਹੈ? ਮੈਂ ਕਿਹਾ, ਹਾਂ ਜੀ। ਕਹਿੰਦੇ, ਇੱਕ ਚਾਂਦੀ ਦੀ ਕਿਰਨ ਹੁੰਦੀ ਹੈ। ਜਦੋਂ ਸਰੀਰ ਦੇ ਵਿਚੋਂ ਨਿਕਲ ਜਾਂਦੀ ਹੈ ਰੂਹ ਤੇ ਉਹ ਕਿਰਨ ਇਹਦੇ ਨਾਲ ਜੁੜੀ ਰਹਿੰਦੀ ਹੈ। ਇਸੇ ਕਰਕੇ ਸੰਤਾਂ ਨੂੰ ਇੱਕ ਦਮ ਨਹੀਂ ਉਠਾਉਣਾ ਚਾਹੀਦਾ। ਪਤਾ ਨਹੀਂ ਕਿੱਥੇ ਗਏ ਹੁੰਦੇ ਨੇ। ਸੋ ਇਹ

ਤੁਲਸਾਂ ਦਾਸੀ ਆਈ, ਗੁਰੂ ਨਾਨਕ ਪਾਤਸ਼ਾਹ ਦੇ ਚਰਨਾਂ ਵਲ ਖੜ੍ਹ ਗਈ, ਆਵਾਜ਼ ਨਹੀਂ ਮਾਰਦੀ। ਸ਼ਰਧਾ ਵਾਲੀ ਸੀ, ਇਹਦੇ ਮਨ ਵਿਚ ਆਇਆ ਕਿ ਆਪ ਦੇ ਚਰਨ ਦਾ ਅੰਗੂਠਾ ਕੱਪੜੇ ਤੋਂ ਬਾਹਰ ਹੈ। ਕਿਉਂ ਨਾ ਮੈਂ ਮਸਤਕ ਲਾ ਦੇਵਾਂ। ਮਸਤਕ ਦੀ ਛੋਹ ਦੇ ਨਾਲ ਇਨ੍ਹਾਂ ਨੂੰ ਜਾਗ ਆ ਜਾਏਗੀ। ਓਸ ਵੇਲੇ ਇਹਨੇ ਮਸਤਕ ਗੁਰੂ ਨਾਨਕ ਦੇ ਅੰਗੂਠੇ ਨਾਲ ਲਾ ਦਿੱਤਾ। ਲਾਉਣ ਦੀ ਦੇਰ ਸੀ, ਤੜੱਕ ਹੋਈ ਆਵਾਜ਼, ਕੀ ਦੇਖਦੀ ਹੈ ਸਾਰਾ ਹੀ ਸੰਸਾਰ ਖੁੱਲ੍ਹ ਗਿਆ, ਕੰਧਾਂ ਉਹਦੇ ਵਾਸਤੇ ਰਹੀਆਂ ਹੀ ਨਾ, ਦੂਰੀ ਰਹੀ ਤੇ ਜਿੱਥੇ ਗੁਰੂ ਨਾਨਕ ਸੀ ਉਥੇ ਪਹੁੰਚ ਗਈ। ਉਥੇ ਕੀ ਕਰਦੇ ਨੇ, ਮਨਸੁਖ ਦਾ ਜਹਾਜ਼ ਡੁੱਬ ਰਿਹਾ ਹੈ। ਉਹ ਅਰਦਾਸਾਂ ਕਰ ਰਿਹਾ ਹੈ ਕਿ ਪਾਤਸ਼ਾਹ ਮੇਰਾ ਜਹਾਜ਼ ਬੰਨ੍ਹੇ ਲਾਓ। ਮਹਾਰਾਜ ਉਹਦੀ ਸਹਾਇਤਾ ਕਰ ਰਹੇ ਨੇ, ਤੇ ਜਹਾਜ਼ ਨੂੰ ਬੰਨ੍ਹੇ ਲਾ ਰਹੇ ਨੇ। ਵਾਪਸ ਆ ਗਈ ਕਿ ਜਹਾਜ਼ ਡੁੱਬ ਜਾਏਗਾ, ਜੇ ਮੈਂ ਜਗਾ ਦਿੱਤੇ। ਮਾਤਾ ਜੀ ਨੇ ਪੁੱਛਿਆ ਕਿ ਜਗਾਇਆ ਨਹੀਂ ਤੂੰ? ਕਹਿੰਦੀ ਕੀਹਨੂੰ ਜਗਾਵਾਂ? ਕਹਿੰਦੇ, ਮੈਂ ਤੈਨੂੰ ਕਿਹਾ ਹੈ ਕਿ ਨਾਨਕ ਜੀ ਨੂੰ ਜਗਾ ਕੇ ਲਿਆ। ਕਹਿੰਦੀ, ਉਹ ਤਾਂ ਮਨਸੁਖ ਦਾ ਜਹਾਜ਼ ਕੰਢੇ ਲਾ ਰਹੇ ਨੇ। ਬੜੀ ਨਰਾਜ਼ ਹੋਈ ਮਾਤਾ। ਜਾ ਕੇ ਆਪ ਆਵਾਜ਼ ਦੇ ਦਿਤੀ, ਪਾਤਸ਼ਾਹ! ਉਠੋ, ਕਹਿੰਦੀ ਨਾਨਕ ਜੀ! ਅੱਗੇ ਤਾਂ ਸ਼ਰੀਕ ਹੀ ਮਸ਼ਕਰੀਆਂ ਕਰਦੇ ਸੀ, ਹੁਣ ਤਾਂ ਘਰ ਦੇ ਨੌਕਰ ਚਾਕਰ ਵੀ ਕਰਨ ਲਗ ਗਏ। ਕਹਿੰਦੇ ਕੀ ਗੱਲ? ਕਹਿੰਦੇ, ਆਹ ਤੁਲਸਾਂ ਦਾਸੀ ਦੀ ਗੱਲ ਸੁਣੋ, ਮੈਂ ਭੇਜਿਆ ਕਿ ਜਗਾ ਕੇ ਲਿਆਓ। ਮੈਨੂੰ ਆ ਕੇ ਖਬਰਾਂ ਦਿੰਦੀ ਹੈ ਕਿ ਗੁਰੂ ਨਾਨਕ ਸਮੁੰਦਰ 'ਚ ਜਹਾਜ਼ ਬੰਨ੍ਹੇ ਲਾ ਰਿਹਾ ਹੈ ਮਨਸੁਖ ਦਾ। ਲੰਕਾ ਨੂੰ ਜਾ ਰਿਹਾ ਹੈ। ਕਹਿੰਦੇ ਇਹ ਤਾਂ ਝੱਲੀ ਹੈ, ਓਸੇ ਵੇਲੇ ਬੇਬੇ ਨੇ ਬੋਚ ਲਈ ਗੱਲ, ਕਹਿੰਦੀ ਵੀਰ ਜੀ! ਕ੍ਰਿਪਾ ਕਰੋ, ਕ੍ਰਿਪਾ ਕਰੋ। ਝੱਲੀ ਨਾ ਕਹੋ। ਕਹਿੰਦੇ, ਐਨੀ ਕੁ ਝੱਲੀ ਹੋ ਜਾਊ, ਭੇਤ ਲਕੋ ਲਏਗੀ, ਬੱਸ ਬਾਕੀ ਸਾਰੀ ਸਾਵਧਾਨ ਰਹੇਗੀ।

ਸੋ ਗੁਰੂ ਨਾਨਕ ਦੇ ਚਰਨਾਂ ਨੂੰ ਹੱਥ ਲਾ ਕੇ ਹੋਇਆ ਕੀ? ਉਹਦੀ ਸੁਰਤੀ ਖੁੱਲ੍ਹ ਗਈ। ਉਹ ਜਿਧਰ ਦੇਖਦਾ ਹੈ, ਮੱਕਾ ਹੀ ਮੱਕਾ। ਕੋਈ ਥਾਂ ਹੀ ਨਹੀਂ ਹੈ ਕਾਹਬੇ ਤੋਂ ਬਿਨਾਂ। ਅੱਲਾਹ ਦੇ ਦਰਸ਼ਨ ਹੋ ਰਹੇ ਨੇ ਹਰ ਥਾਂ ਤੋਂ।ਹੈਰਾਨ ਹੋ ਗਿਆ, ਕਿ ਖੁਦਾ ਆ ਗਿਆ, ਖੁਦਾ ਆ ਗਿਆ। ਦੁਨੀਆਂ ਇਕੱਠੀ ਹੋ ਗਈ। ਉਸ ਵੇਲੇ ਸਾਰੇ ਇਕੱਠੇ ਹੋ ਗਏ, ਚਾਰੇ ਇਮਾਮ ਆ ਗਏ ਤੇ ਬਚਨ ਚੱਲਣ ਲਗ ਗਏ। ਉਸ ਨੇ ਸਾਰੀ ਗੱਲ ਦੱਸ ਦਿਤੀ ਤੇ ਉਨ੍ਹਾਂ ਦੇ ਮਨ ਵਿਚ ਵੀ ਕੁਛ ਗਿਆਨ ਹੋ ਗਿਆ, ਕੋਈ ਵੱਡਾ ਕਲਾਵਾਨ ਪੁਰਸ਼ ਆ ਗਿਆ, ਬਈ ਚਲੋ ਇਸ 'ਤੇ ਕੋਈ ਸਵਾਲ ਕਰੀਏ, ਇਸ ਤੋਂ ਕੋਈ ਗੱਲ ਪੁੱਛੀਏ? ਉਸ ਵੇਲੇ ਗੁਰੂ ਨਾਨਕ ਤੋਂ ਆਹ ਗੱਲ ਪੁੱਛਦੇ ਨੇ -

ਧਾਰਨਾ - ਵੱਡਾ ਹਿੰਦੂ ਹੈ ਕਿ ਮੁਸਲਮਨੋਈ
ਖੋਲ੍ਹ ਕੇ ਕਿਤਾਬ ਪੁੱਛਦੇ।

ਕਹਿਣ ਲੱਗੇ, ਹੇ ਨਾਨਕ! ਤੂੰ ਇਹ ਦੱਸ ਕਿ ਤੂੰ ਹਿੰਦੂ ਹੈਂ ਕਿ ਮੁਸਲਮਾਨ ਹੈਂ? ਮਹਾਰਾਜ ਕਹਿੰਦੇ ਅਸੀਂ ਤਾਂ ਪੰਜ ਤੱਤ ਦੇ ਪੁਤਲੇ ਹਾਂ, ਨਾ ਹਿੰਦੂ ਨਾ ਮੁਸਲਮਾਨ; ਦੋਹਾਂ ਤੋਂ ਮੁਸਲਮਾਨ। ਉਸ ਵੇਲੇ ਸਵਾਲ ਕਰਨੇ ਸ਼ੁਰੂ ਕਰ ਦਿਤੇ, ਵੱਡੀ ਗੋਸ਼ਟ ਹੋਈ, ਉਹਦੇ 'ਚ ਇੱਕ ਸਵਾਲ ਕਰਿਆ–

ਵੱਡਾ ਸਾਂਗ ਵਰਤਾਇਆ
ਲਖਿ ਨ ਸਕੈ ਕੁਦਰਤਿ ਕੋਈ।

ਭਾਈ ਗੁਰਦਾਸ ਜੀ, ਵਾਰ ੧/੩੩

ਗੁਰੂ ਨਾਨਕ ਦੀ ਤਾਕਤ ਨੂੰ ਕੋਈ ਲਖ ਨਹੀਂ ਸਕਦਾ। ਮਹਾਰਾਜ ਕਹਿੰਦੇ ਵੱਡੇ ਤਾਂ ਪ੍ਰੇਮੀਓਂ ਅਮਲ ਹੋਇਆ ਕਰਦੇ ਨੇ। ਜੇ ਮੁਸਲਮਾਨ ਗੰਦੇ ਕੰਮ ਕਰਦਾ ਹੈ ਉਹਨੂੰ ਵੱਡਾ ਕਿਵੇਂ ਕਹਿ ਦੇਈਏ। ਜੇ ਹਿੰਦੂ ਆਪਣੇ ਧਰਮ ਦੇ ਵਿਪਰੀਤ ਮਾੜੇ ਕੰਮ ਕਰਦਾ ਹੈ, ਉਹਨੂੰ ਵੱਡਾ ਕਿਵੇਂ ਕਹਿ ਦੇਈਏ।

ਬਾਬਾ ਆਖੇ ਹਾਜੀਆ
ਸੁਭਿ ਅਮਲਾ ਬਾਝਹੁ ਦੋਨੋ ਰੋਈ।

ਭਾਈ ਗੁਰਦਾਸ ਜੀ, ਵਾਰ ੧/੩੩

ਰੱਬ ਦੇ ਦਰ 'ਤੇ ਕੋਈ ਮਜ਼੍ਹਬ ਨਹੀਂ ਚਲਦਾ, ਉਥੇ ਤਾਂ ਅਮਲਾਂ ਦਾ ਨਿਬੇੜਾ ਹੁੰਦਾ ਹੈ।

ਕਚਾ ਰੰਗੁ ਕਸੁੰਭ ਦਾ ਪਾਣੀ ਧੋਤੈ ਥਿਰੁ ਨ ਰਹੋਈ।

ਭਾਈ ਗੁਰਦਾਸ ਜੀ, ਵਾਰ ੧/੩੩

ਉਹ ਨਮਾਜ਼ ਪੜ੍ਹਦਾ ਹੈ, ਉਹ ਪੂਜਾ ਕਰਦਾ ਹੈ। ਦੋਵੇਂ ਕਿਹਦੀ ਪੂਜਾ ਕਰਦੇ ਨੇ ਇਕ ਕਹਿੰਦਾ ਕਿ ਮੈਂ ਰਾਮ ਦੀ, ਪ੍ਰਭੂ ਦੀ, ਪ੍ਰਮੇਸ਼ਰ ਦੀ, ਗੋਬਿੰਦ ਦੀ। ਦੂਜਾ ਕਹਿੰਦਾ ਕਿ ਮੈਂ ਅੱਲਾਹ ਤਾਲਾ ਦੀ ਨਮਾਜ਼ ਪੜ੍ਹਦਾ ਹਾਂ, ਖੁਦਾ ਦੀ। ਕਹਿੰਦੇ ਇਹ ਤਾਂ ਇੱਕੋ ਹੀ ਹੋਇਆ ਤੁਹਾਡੇ ਦੋਹਾਂ ਦਾ, ਕਿਉਂ ਅੰਨ੍ਹੇ ਹੋ ਕੇ ਲੜਦੇ ਓਂ, ਆਪਸ ਵਿਚ। ਇੱਕੋ ਹੀ ਹੈ ਉਹ -

ਕਰਨਿ ਬਖੀਲੀ ਆਪਿ ਵਿਚਿ
ਰਾਮ ਰਹੀਮ ਇਕ ਥਾਇ ਖਲੋਈ।
ਰਾਹਿ ਸੈਤਾਨੀ ਦੁਨੀਆਂ ਗੋਈ॥

ਭਾਈ ਗੁਰਦਾਸ ਜੀ, ਵਾਰ ੧/੩੩

ਸ਼ੈਤਾਨ ਦੇ ਰਾਹ ਪੈ ਗਈ, ਸੋ ਗੁਰੂ ਨਾਨਕ ਪਾਤਸ਼ਾਹ ਉਥੇ ਬੈਠ ਕੇ ਬੜੀ ਲੰਮੀ ਗੋਸ਼ਟ ਕੀਤੀ। ਕਿੰਨੇ ਮਹੀਨੇ ਚਲਦੀ ਰਹੀ। ਅਖੀਰ ਹਾਜ਼ੀਆਂ ਨੇ, ਸਾਰਿਆਂ ਨੇ ਗੁਰੂ ਨਾਨਕ ਨੂੰ ਨਮਸ਼ਕਾਰ ਕਰ ਦਿਤੀ। ਚਾਰੇ ਇਮਾਮਾਂ ਨੇ ਸਿਜਦਾ ਕਰ ਦਿੱਤਾ, ਕਹਿਣ ਲੱਗੇ, ਨਾਨਕ! ਤੂੰ ਵਲੀ ਪੁਰਸ਼ ਆਇਆ ਤੇ ਹੁਣ ਤੂੰ ਜਾਨੈ ਤੇ ਸਾਨੂੰ ਕੋਈ ਨਿਸ਼ਾਨੀ ਦੇ ਜਾ। ਗੁਰੂ ਨਾਨਕ ਨੇ ਆਪਣੀ ਖੜਾਵ ਉਥੇ ਨਿਸ਼ਾਨੀ ਦੇ ਦਿਤੀ। ਉਸ ਤੋਂ ਬਾਅਦ ਬਗਦਾਦ ਵਿਚ ਪਹੁੰਚਦੇ ਨੇ, ਨਦੀ ਦਾ ਕਿਨਾਰਾ ਹੈ, ਓਸ ਥਾਂ 'ਤੇ ਬੈਠੇ ਅੰਮ੍ਰਿਤ ਵੇਲੇ ਤੋਂ ਸਮਾਧੀ ਸਥਿਤ, ਦਿਨ ਚੜ੍ਹ ਆਇਆ ਤਾਂ ਇੱਕ ਪੀਰ ਦਾ ਮੁਰੀਦ ਜੋ ਹਿੰਦੀ ਸਮਝਣ ਵਾਲਾ ਸੀ। ਉਹ ਜਿਸ ਥਾਂ ਦੇ ਉਤੇ ਗੁਰੂ ਨਾਨਕ ਪਾਤਸ਼ਾਹ ਬੈਠੇ ਸੀ, ਉਥੇ ਨੇੜੇ ਆ ਕੇ ਇਹ ਜਾਨਣ ਦੀ ਕੋਸ਼ਿਸ਼ ਕਰੀ ਕਿ ਇਹ ਫਕੀਰ ਕੌਣ ਨੇ। ਕਿਸ ਘਰਾਣੇ ਦੇ ਨੇ, ਇਨ੍ਹਾਂ ਕੋਲ ਰਬਾਬ ਹੈ ਤੇ ਇਹ ਕੁਛ ਪੜ੍ਹਦੇ ਨੇ, ਸੁਣਨ ਦੀ, ਕੋਸ਼ਿਸ਼ ਕਰੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਇਸ ਦੇ ਭਾਵ ਨਾਲ ਪੜ੍ਹ ਰਹੇ ਨੇ -

ਧਾਰਨਾ - ਲੱਖਾਂ ਪਾਤਾਲ ਤੇ ਆਕਾਸ਼ ਕੁਦਰਤ ਤੇਰੀ,
ਆਵੇ ਨਾ ਕੋਈ ਅੰਤ ਮਾਲਕਾ।
ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥

ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ - ੫

ਚੰਗੀ ਤਰ੍ਹਾਂ ਸਮਝ ਲਈ ਗੱਲ ਉਸ ਮੁਰੀਦ ਨੇ। ਹੈਰਾਨ ਹੋ ਗਿਆ ਇਕ ਇਹ ਕਾਫਰ ਮੁਸਲਮਾਨ ਦੇਸ਼ ਵਿਚ? ਤੇ ਆਇਆ ਵੀ ਉਥੇ ਹੈ ਜਿਥੇ ਇਸਲਾਮ ਦੀ ਜਗ੍ਹਾ ਹੈ। ਜਿਵੇਂ ਆਪਣੇ ਦਰਬਾਰ ਸਾਹਿਬ, ਅਕਾਲ ਤਖਤ ਹੈ, ਬਗਦਾਦ ਇਸੇ ਤਰ੍ਹਾਂ ਮੁਸਲਮਾਨਾਂ ਲਈ ਸੀ, ਉਥੋਂ ਫਤਵੇ ਆਉਂਦੇ ਸੀ, ਉਥੋਂ ਹੀ ਸ਼ਰ੍ਹਾ ਦੀ ਤਸ਼ਰੀਹ ਆਇਆ ਕਰਦੀ ਸੀ। ਕੋਈ ਗੁੰਝਲ ਪੈ ਜਾਏ, ਓਸ ਥਾਂ ਨੂੰ ਲਿਖਦੇ ਸੀ। ਓਸ ਥਾਂ ਦਾ ਪੀਰ ਓਸ ਨੂੰ ਦਸਤਗੀਰ ਕਹਿੰਦੇ ਸੀ, ਉਹ ਕਈ ਨੰਬਰ ਤੋਂ ਬਾਅਦ ਫੇਰ ਵੀ ਦਸਤਗੀਰ ਹੀ ਕਿਹਾ ਜਾਂਦਾ ਸੀ। ਜਿਵੇਂ ਨਾਨਕ ਕਹਿੰਦੇ ਨੇ, ਇਸ ਤਰ੍ਹਾਂ ਉਨ੍ਹਾਂ ਨੂੰ ਦਸਤਗੀਰ ਕਹਿੰਦੇ ਸੀ। ਓਸ ਮੁਰੀਦ ਨੇ ਜਾ ਕੇ ਜਦੋਂ ਗਿਆ ਤਾਂ ਪੀਰ ਨੇ ਪੁੱਛਿਆ ਕਿ ਕੀ ਕੀ ਗੱਲ, ਅੱਜ ਦੇਰ ਕਰ ਦਿੱਤੀ। ਕਹਿੰਦਾ, ਮਹਾਰਾਜ ਦੇਰ ਕਾਹਦੀ ਕਰ ਦਿੱਤੀ। ਇੱਕ ਕਾਫਰ ਆਇਆ ਬੈਠਾ ਹੈ ਸ਼ਹਿਰ ਦੇ ਬਾਹਰ ਤੇ ਕੁਫਰ ਬੋਲ ਰਿਹਾ ਹੈ, ਕਹਿੰਦੇ ਕੀ ਕੁਫਰ ਬੋਲਦਾ ਹੈ, ਕਹਿੰਦਾ, ਲੱਖਾਂ ਆਕਾਸ਼, ਲੱਖਾਂ ਪਾਤਾਲ ਨੇ; ਮੈਂ ਧਿਆਨ ਨਾਲ ਸੁਣਿਆ ਹੈ। ਕਿਉਂਕਿ ਮੈਂ ਹਿੰਦੀ ਜਾਣਦਾ ਹਾਂ। ਇੱਕ ਗੱਲ ਨਹੀਂ ਦੂਸਰਾ ਉਹਨੇ ਸ਼ਰਾ ਦੀਆਂ ਧੱਜੀਆਂ ਉਡਾ ਦਿੱਤੀਆਂ, ਰਬਾਬ ਹੈ ਕੋਲ ਤੇ ਉਹਦੇ ਨਾਲ ਕੁਛ ਗਾ ਰਿਹਾ ਹੈ। ਕਹਿੰਦਾ ਹੈਂ! ਇਹ ਨਗਰੀ ਹੋਵੇ ਇਸਲਾਮ ਦੀ ਤੇ ਉਥੇ ਆ ਕੇ ਕੋਈ ਕੁਫਰ ਦਾ ਪ੍ਰਚਾਰ ਕਰੇ? ਕ੍ਰੋਧ ਵਿਚ ਆ ਗਿਆ, ਲਾਲ ਗੁਲਾਲ ਹੋ ਗਿਆ। ਅੱਗ ਬਗੋਲਾ ਹੋ ਗਿਆ। ਹੁਕਮ ਦਿੱਤਾ ਕਿ ਸਾਰੇ ਸ਼ਹਿਰ ਵਿਚ ਹੁਕਮ ਕਰ ਦਿਓ ਕਿ ਸਾਰੇ ਉਥੇ ਚਲੋ ਦਰਿਆ ਦੇ ਕੰਢੇ ਤੇ ਉਹ ਜੋ ਕਾਫਰ ਹੈ ਉਹਦੇ ਉਤੇ ਐਨੇ ਵੱਟੇ ਸੁੱਟੋ ਕਿ ਐਨੇ ਵੱਟੇ ਮਾਰੋ ਕਿ ਹੇਠਾਂ ਆ ਕੇ ਦਬ ਕੇ ਮਰ ਜਾਵੇ। ਹੁਕਮ ਹੋ ਗਿਆ, ਸਾਰੇ ਹੀ ਚੱਲ ਪਏ। ਮਰਦਾਨੇ ਨੇ ਦੇਖ ਲਏ, ਕਹਿੰਦਾ ਸੱਚੇ ਪਾਤਸ਼ਾਹ! ਆਹ ਜਿਹੜੇ ਲੋਕ ਆਉਂਦੇ ਨੇ ਸੁੱਖ ਨਹੀਂ ਹੈ। ਬੜੇ ਕ੍ਰੋਧ ਨਾਲ ਕਾਹਲੇ-ਕਾਹਲੇ ਤੁਰੇ ਆਉਂਦੇ ਨੇ, ਇੱਕ ਤੋਂ ਇੱਕ ਅੱਗੇ ਤੇ ਇਨ੍ਹਾਂ ਦੇ ਹੱਥਾਂ ਵਿਚ ਤਾਂ ਵੱਟੇ ਨੇ। ਕਹਿੰਦੇ, ਮਰਦਾਨਿਆਂ! ਕੋਈ ਗੱਲ ਨਹੀਂ। ਤੂੰ ਨਾ ਫਿਕਰ ਕਰ, ਜਦੋਂ ਨੇੜੇ ਆਏ ਉਸ ਵੇਲੇ ਗੁਰੂ ਮਹਾਰਾਜ ਨੇ ਇੱਕ ਜੈਕਾਰਾ ਬੁਲਾਇਆ। ਐਉਂ ਪੜ੍ਹ ਲਓ -

ਧਾਰਨਾ - ਏਕੰਕਾਰ ਦਾ ਜੈਕਾਰਾ ਸੁਣ ਕੇ,
ਸੁੰਨ ਮੁੰਨ ਨਗਰੀ ਹੋ ਗਈ।

ਐਨੀ ਜਦੋਂ ਆਵਾਜ਼ ਸੁਣੀ ਸਾਰਿਆਂ ਨੇ, ਐਸੀ ਆਵਾਜ਼ ਵਿਚ ਤਾਸੀਰ ਸੀ, ਸਾਰੇ ਜਿੱਥੇ ਕੋਈ ਖੜ੍ਹਾ ਹੈ ਖੜ੍ਹਾ ਹੀ ਰਹਿ ਗਿਆ। ਚੁੱਪ ਕਰੇ ਬੈਠੇ ਨੇ, ਸਮਾਧੀਆਂ ਲਗ ਗਈਆਂ। ਪੀਰ ਨੇ ਦੇਖਿਆ ਕਿ ਸਾਰੀ ਨਗਰੀ ਚੁੱਪ ਹੋ ਗਈ, ਕੀ ਹੋ ਗਿਆ ਇਹ? ਅੰਤਰ ਧਿਆਨ ਹੋਇਆ ਦੇਖਣ ਵਾਸਤੇ। ਕਰਾਮਾਤੀ ਪੀਰ ਬਹੁਤ ਵੱਡਾ ਸੀ, ਅਰ ਇਹ ਸਮਝਦਾ ਸੀ ਕਿ ਅੱਜ ਸੰਸਾਰ 'ਚ ਮੇਰੇ ਨਾਲੋਂ ਤਾਕਤ ਵਿਚ ਕੋਈ ਵੱਡਾ ਨਹੀਂ। ਮਾੜੇ ਮੋਟੇ ਦੇ ਪੈਰ ਨਹੀਂ ਸੀ ਲਗਣ ਦਿੰਦਾ। ਦੇਖਿਆ ਕਿ ਕੋਈ ਬਹੁਤ ਵੱਡਾ ਆ ਗਿਆ ਤੇ ਉਹਦੇ ਬੋਲ ਵਿਚ ਐਸੀ ਤਾਸੀਰ ਹੈ ਕਿ ਇਹ ਤਾਂ ਉਹਨੇ ਆਵਾਜ਼ ਦਿੱਤੀ ਹੈ, ਆਵਾਜ਼ ਦੇ ਨਾਲ ਹੀ ਲੋਕਾਂ ਦੀ ਸਮਾਧੀ ਲਾ ਦਿੱਤੀ। ਉਸ ਵੇਲੇ ਪੀਰ ਨੇ ਆਪਣੀ ਸ਼ਕਤੀ ਲਾਈ ਤੇ ਲਾ ਕੇ ਉਨ੍ਹਾਂ ਦੀ ਜੜ੍ਹਤਾ ਦੂਰ ਕਰ ਦਿਤੀ। ਲਿਖਦੇ ਨੇ -

ਸ੍ਰੀ ਨਾਨਕ ਸੁਨਿਕੈ ਤਿਹ ਕਾਲਾ।
ਊਚੀ ਦੀਨੀ ਬਾਂਗ ਬਿਸਾਲਾ॥
ਨਿਰੰਕਾਰ ਸਤਿ ਸ੍ਰੀ ਅਕਾਲਾ।
ਗੁਰਬਰ ਏਕੰਕਾਰ ਕ੍ਰਿਪਾਲਾ।
ਸੁਨਿ ਕਰਿ ਬਾਂਗ ਸਰਬ ਨਰ ਨਾਰੀ।
ਸੁੰਨ ਮੁੰਨ ਹੋਏ ਇਕ ਵਾਰੀ॥
ਸ੍ਰੀ ਗੁਰ ਨਾਨਕ ਪ੍ਰਕਾਸ਼, ਪੰਨਾ ੧੦੪੭

ਸੁੰਨ-ਮੁੰਨ ਹੋ ਗਏ। ਨਾ ਕੋਈ ਤੁਰਦਾ ਹੈ, ਨਾ ਕਿਸੇ ਨੂੰ ਧਿਆਨ ਹੈ ਕਿ ਵੱਟੇ ਮਾਰਨ ਜਾਂਦੇ ਸੀ। ਚੁੱਪ ਕਰੇ ਬੈਠੇ ਨੇ। ਪੀਰ ਉਠ ਕੇ ਆ ਗਿਆ, ਦੇਖਿਆ ਉਨ੍ਹਾਂ ਵਲ, ਉਨ੍ਹਾਂ ਦੀ ਜੜ੍ਹਤਾ ਦੂਰ ਕਰਕੇ ਕਹਿਣ ਲੱਗਿਆ, ਤੁਹਾਨੂੰ ਵੱਟੇ ਮਾਰਨ ਭੇਜਿਆ ਹੈ, ਤੁਸੀਂ ਇਹ ਕੀ ਕਰਦੇ ਓਂ। ਕਹਿੰਦੇ ਆਵਾਜ਼ ਦੀ ਤਾਸੀਰ ਐਸੀ ਹੈ ਅਸੀਂ ਸਭ ਕੁਛ ਭੁੱਲ ਗਏ। ਅਫੁਰ ਅਵਸਥਾ 'ਚ ਪਹੁੰਚਾ ਦਿਤੇ। ਕਈ ਪ੍ਰੇਮੀਆਂ ਦਾ ਖਿਆਲ ਹੁੰਦਾ ਹੈ ਕਿ ਐਸ ਤਰ੍ਹਾਂ ਹੋ ਵੀ ਜਾਂਦਾ ਹੈ?

ਬਾਬਾ ਰਾਮ ਸਿੰਘ ਜੀ ਨਾਮਧਾਰੀ, ਇਕ ਵਾਰੀ ਦੀਵਾਨ ਵਿਚ ਕੀਰਤਨ ਕਰ ਰਹੇ ਨੇ, ਇੱਕ ਤਰਕਬਾਜ਼ ਨੇ ਉੱਠ ਕੇ ਤਰਕ ਕਰ ਦਿੱਤੀ ਕਿ ਤੁਸੀਂ ਵਾਹਿਗੁਰੂ ਨਹੀਂ ਕਦੇ ਵੀ ਕਹਿੰਦੇ ਸਤਿਨਾਮ ਕਹਿੰਦੇ ਓਂ। ਕਹਿਣ ਲੱਗੇ, ਪ੍ਰੇਮੀਆਂ! ਇਹ ਜਿਹੜਾ ਤੂੰ ਮੰਤਰ ਕਹਿੰਦਾ ਹੈਂ ਇਹ ਗੋਪ ਮੰਤਰ ਹੈ, ਅੰਦਰ ਰੱਖਿਆ ਫਲ ਦਿੰਦਾ ਹੈ, ਬਾਹਰ ਰੱਖਿਆ ਨਹੀਂ ਦਿੰਦਾ। ਇਹਨੂੰ ਜਿੰਨਾਂ ਗੁਪਤ ਰੱਖ ਲਓ, ਓਨਾਂ ਹੀ ਫਲ ਹੈ ਇਹਦਾ। ਕਹਿੰਦੇ, ਸਾਨੂੰ ਕੀ ਪਤਾ ਤੁਹਾਡਾ ਖਿਆਲ ਹੈ ਇਹ। ਕਹਿੰਦੇ, ਚੰਗਾ! ਸਵੇਰੇ ਆ ਜਾਇਓ, ਇੱਕ ਰੱਸੀ ਲੈ ਆਇਓ, ਸਾਰੇ ਜਣੇ ਲੰਮੀ ਰੱਸੀ, ਬਾਣ ਦੀ। ਰੱਸੀ ਲੈ ਆਂਦੀ, ਬਾਬਾ ਜੀ ਖੜ੍ਹੇ ਨੇ, ਕੀਰਤਨ ਕਰਦੇ ਨੇ, ਲਓ ਕਹਿੰਦੇ ਪ੍ਰੇਮੀਓ ਹੁਣ ਮੈਂ ਨਾਨਕ ਦਾ ਛੱਤੀ ਜੁਗ ਦਾ ਜਪਿਆ ਹੋਇਆ ਨਾਮ, ਉੱਚੀ ਬੋਲਣ ਲੱਗਿਆ ਹਾਂ ਹੋਸ਼ ਸੰਭਾਲੋ। ਰੱਸੀ ਫੜਾ ਦਿੱਤੀ ਸਾਰਿਆਂ ਨੂੰ ਉਚੀ ਆਵਾਜ਼ 'ਚ ਪੂਰੇ ਗਲੇ ਦੇ ਨਾਲ 'ਵਾਹਿਗੁਰੂ' ਆਵਾਜ਼ ਬੋਲ ਦਿੱਤੀ। ਬੋਲਣ ਦੀ ਦੇਰ ਸੀ, ਸਾਰੀ ਸੰਗਤ ਸੁੰਨ ਮੁੰਨ ਹੋ ਗਈ। ਇੱਕ ਵੀ ਨਾ ਬੋਲੇ। ਚੁੱਪ ਕਰਕੇ ਸਮਾਧੀ ਲਗ ਗਈ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਜਿਸ ਵਕਤ ਜੈਕਾਰਾ ਦਿੱਤਾ ਉਸ ਵੇਲੇ ਸੁੰਨ ਮੁੰਨ ਹੋ ਗਏ, ਭਾਈ ਗੁਰਦਾਸ ਜੀ ਲਿਖਦੇ ਨੇ ਕਿ -

ਫਿਰਿ ਬਾਬਾ ਗਇਆ ਬਗਦਾਦ ਨੋ
ਬਾਹਰ ਜਾਇ ਕੀਆ ਅਸਥਾਨਾ।
ਇਕ ਬਾਬਾ ਅਕਾਲ ਰੂਪੁ ਦੂਜਾ ਰਬਾਬੀ ਮਰਦਾਨਾ।
ਭਾਈ ਗੁਰਦਾਸ ਜੀ, ਵਾਰ ੧/੩੫

ਅੰਮ੍ਰਿਤ ਵੇਲੇ ਜਪੁਜੀ ਸਾਹਿਬ ਪੜ੍ਹਨ ਤੋਂ ਬਾਅਦ, ਨਮਾਜ਼ ਕਹਿ ਲਓ, ਪੂਜਾ ਕਹਿ ਲਓ; ਗੱਲ ਇੱਕੋ ਹੀ ਹੋਇਆ ਕਰਦੀ ਹੈ -

ਦਿਤੀ ਬਾਂਗਿ ਨਿਵਾਜਿ ਕਰਿ
ਸੁੰਨਿ ਸਮਾਨਿ ਹੋਆ ਜਹਾਨਾ।
ਸੁੰਨ ਮੁੰਨਿ ਨਗਰੀ ਭਈ ਦੇਖਿ ਪੀਰ ਭਇਆ ਹੈਰਾਨਾ।
ਭਾਈ ਗੁਰਦਾਸ ਜੀ, ਵਾਰ ੧/੩੫

ਹੈਰਾਨ ਹੋ ਗਿਆ।

ਵੇਖੈ ਧਿਆਨੁ ਲਗਾਇ ਕਰਿ
ਇਕੁ ਫਕਰਿ ਵਡਾ ਮਰਦਾਨਾ।
ਭਾਈ ਗੁਰਦਾਸ ਜੀ, ਵਾਰ ੧/੩੫

ਕਹਿਣ ਲੱਗਿਆ, ਇੱਕ ਫਕੀਰ ਆ ਗਿਆ ਤੇ ਜਿਹਦੀ ਗੱਲ ਕਰਦੇ ਨੇ, ਉਹ ਤਾਂ ਬਹੁਤ ਸ਼ਕਤੀ ਵਾਲਾ ਹੈ ਤੇ ਉਸ ਵੇਲੇ ਪੀਰ ਉਨ੍ਹਾਂ 'ਚ ਆ ਜਾਂਦਾ ਹੈ। ਆ ਕੇ ਕਹਿਣ ਲੱਗਿਆ, ਵੱਟੇ ਮਾਰੋ। ਸਾਰੇ ਫੇਰ ਵੱਟੇ ਮਾਰਨ ਤੁਰ ਜਾਂਦੇ ਨੇ। ਪੀਰ ਮੂਹਰੇ ਹੈ, ਬਾਕੀ ਸਭ ਪਿੱਛੇ ਨੇ। ਜਦੋਂ ਹੱਥ ਉਚੇ ਕਰਕੇ ਲੱਗੇ ਮਾਰਨ, ਗੁਰੂ ਮਹਾਰਾਜ ਨੇ ਉਪਰ ਨੂੰ ਦ੍ਰਿਸ਼ਟੀ ਕਰ ਦਿਤੀ, ਉਥੇ ਹੀ ਰੁਕ ਗਏ ਸਾਰੇ, ਨਾ ਕੋਈ ਵੱਟਾ ਮਾਰਦਾ ਹੈ, ਨਾ ਕੋਈ ਹਿਲਦਾ ਹੈ, ਨਾ ਕਿਸੇ ਦਾ ਪੈਰ ਪੁੱਟ ਹੁੰਦਾ ਹੈ। ਜਿਹਨੇ ਪੈਰ ਚੁੱਕਿਆ ਹੋਇਆ ਹੈ, ਚੁਕਿਆ ਹੀ ਖੜ੍ਹਾ ਹੈ। ਜਿਹਨੇ ਧਰਤੀ 'ਤੇ ਰੱਖ ਕੇ ਪਿਛਲਾ ਚੁੱਕ ਲਿਆ ਉਹਨੇ ਪਿਛਲਾ ਹੀ ਚੁੱਕਿਆ ਹੈ। ਜਿਹਨੇ ਵੱਟਾ ਘੁੰਮਾਉਣ ਵਾਸਤੇ ਬਾਂਹ ਘੁੰਮਾਈ ਹੈ, ਉਹਦੀ ਬਾਂਹ ਘੁੰਮ ਹੀ ਰਹੀ ਹੈ। ਜੜ੍ਹ ਬਣੇ ਖੜ੍ਹੇ ਨੇ। ਪੀਰ ਨੇ ਸਾਰਾ ਹੀ ਜ਼ੋਰ ਲਾ ਲਿਆ, ਨਾ ਆਪ ਹਿਲਦਾ ਹੈ, ਨਾ ਕੋਈ ਦੂਜਿਆਂ ਨੂੰ ਹਿਲਾਉਂਦਾ ਹੈ। ਉਸ ਵੇਲੇ ਅੰਦਰ ਹੀ ਅੰਦਰ ਹੰਕਾਰ ਢਲ ਗਿਆ ਤੇ ਅੰਦਰ ਹੀ ਅੰਦਰ ਅਰਦਾਸ ਕਰੀ ਕਿ ਪੀਰ ਜੀ, ਮੈਂ ਗੱਲ ਕਰਨੀ ਹੈ ਤੁਹਾਡੇ ਨਾਲ। ਮੰਨਿਆ ਨਹੀਂ ਹੈ, ਇਹ ਤਾਂ ਮੰਨ ਲਿਆ ਕਿ ਸ਼ਕਤੀ ਇਹਦੀ ਮੇਰੇ ਨਾਲੋਂ ਵੱਧ ਹੈ, ਪਰ ਮੈਂ ਚਰਚਾ 'ਚ ਹਰਾ ਦੇਣਾ ਹੈ ਇਹ। ਅੰਦਰ ਹੀ ਕਰੀ ਅਰਦਾਸ ਕਿ ਮੈਂ ਗੱਲ ਕਰਨੀ ਚਾਹੁੰਦਾ ਹਾਂ, ਗੁਰੂ ਨਾਨਕ ਪਾਤਸ਼ਾਹ ਨੇ ਮਿਹਰ ਕਰ ਦਿੱਤੀ, ਪੀਰ ਗੁਰੂ ਨਾਨਕ ਦੇ ਪਾਸ ਆ ਕੇ ਬਹਿ ਗਿਆ।

ਮਹਾਰਾਜ ਕਹਿਣ ਲੱਗੇ, ਕੀ ਗੱਲ ਪੀਰ ਜੀ, ਐਨਾ ਕ੍ਰੋਧ?

ਕਹਿੰਦਾ ਕ੍ਰੋਧ? ਤੁਸੀਂ ਤਾਂ ਸ਼ਰ੍ਹਾ ਦੀਆਂ ਧੱਜੀਆਂ ਉਡਾ ਦਿੱਤੀਆਂ।

ਕਹਿੰਦੇ, ਫੇਰ ਮਾਰੀਦਾ ਹੁੰਦਾ ਹੈ ਕਿ ਵਿਚਾਰ ਕਰੀਦੀ ਹੁੰਦੀ ਹੈ? ਸਿਆਣਾ ਬੰਦਾ ਵਿਚਾਰ ਕਰਦਾ ਹੈ, ਕਮਲਾ ਬੰਦਾ ਦੰਡ ਦਿੰਦਾ ਹੈ।

ਤੇ ਤੁਸੀਂ ਵਿਚਾਰ ਕਰੋ, ਵਿਚਾਰ ਵਾਲੀ ਗੱਲ 'ਤੇ ਕਿ ਤੁਹਾਨੂੰ ਕੀ ਇਤਰਾਜ਼ ਹੈ? ਨਾ ਕਿ ਪੱਥਰ ਚੁੱਕ ਲਓ।

ਕਹਿੰਦਾ, ਮਹਾਰਾਜ! ਇਨ੍ਹਾਂ 'ਤੇ ਕ੍ਰਿਪਾ ਕਰੋ, ਪੱਥਰ ਸੁੱਟ ਦਿੰਦੇ ਨੇ। ਮਹਾਰਾਜ ਨੇ ਦ੍ਰਿਸ਼ਟੀ ਕਰ ਦਿਤੀ, ਕਹਿੰਦਾ ਸੁੱਟ ਦਿਓ ਪੱਥਰ। ਆ ਜਾਓ, ਬਹਿ ਜਾਓ ਸਾਰੇ। ਸਾਰੇ ਘੇਰਾ ਘੱਤ ਕੇ ਬੈਠ ਗਏ। ਵਿਚਾਲੇ ਗੁਰੂ ਨਾਨਕ ਪਾਤਸ਼ਾਹ ਨੇ, ਸਾਮ੍ਹਣੇ ਪੀਰ ਬੈਠਾ ਹੈ। ਉਹਦਾ ਲੜਕਾ ਬੈਠਾ ਹੈ, ਹੋਰ ਮੁਖੀ-ਮੁਖੀ ਚੇਲੇ ਬੈਠੇ ਨੇ। ਬਾਕੀ ਸ਼ਹਿਰ ਬੈਠਾ ਹੈ। Pin drop silence ਹੋਈ ਹੋਈ ਹੈ ਕਿ ਦੋਹਾਂ ਦੇ ਬਚਨ ਸੁਣੀਏ ਕਿ ਕੀ ਕਹਿੰਦੇ ਨੇ। ਉਸ ਵੇਲੇ ਮਹਾਰਾਜ ਕਹਿੰਦੇ ਕੀ ਇਤਰਾਜ਼ ਹੈ, ਕਹਿੰਦੇ, ਸਰੋਦ ਵਜਾਉਂਦੇ ਓਂ। ਤੁਸੀਂ ਸਾਜ ਵਜਾਉਂਦੇ ਓਂ। ਮਹਾਰਾਜ ਕਹਿੰਦੇ, ਇਹ ਕੋਈ ਮਾੜੀ ਗੱਲ ਹੈ ਇਹ ਰੂਹ ਦੀ ਖੁਰਾਕ ਹੈ। ਇਹਦੀ ਜੇ ਦੁਰਵਰਤੋਂ ਕਰੀ ਜਾਵੇ ਤਾਂ ਇਹ ਮਾੜਾ ਹੈ ਜੇ ਵਿਸ਼ੇ ਵਿਕਾਰ ਇਸ਼ਕੀਏ ਮਜਾਜ਼ੀ ਗੀਤ ਇਹਦੇ ਨਾਲ ਗਾਏ ਜਾਣ ਤਾਂ ਇਹ ਬੁੱਧੀ ਨੂੰ ਵਿਚਿਲਤ ਕਰਦੀ ਹੈ। ਲੇਕਿਨ ਜੇ ਹਰੀ ਦਾ ਜਸ ਕਰਿਆ ਜਾਵੇ ਤਾਂ ਆਤਮਾ ਨੂੰ ਚੁੱਕ ਕੇ ਆਪਣੇ ਘਰ ਵਿਚ ਲੈ ਜਾਂਦੀ ਹੈ। ਕਹਿੰਦੇ, ਤੁਹਾਡੇ ਇਸਲਾਮ ਵਿਚ ਹੀ ਲਿਖਿਆ ਹੋਇਆ ਹੈ ਕਿ ਜਦੋਂ ਖ਼ੁਦਾ ਨੇ ਜੁੱਸਾ ਬਣਾਇਆ, ਇਹਦੇ 'ਚ ਰੂਹ ਪਾਈ, ਰੂਹ ਟਿਕੀ ਨਾ। ਬਾਹਰ ਨਿਕਲ ਗਈ, ਖ਼ੁਦਾ ਨੇ ਕਿਹਾ ਕਿ ਕੀ ਗੱਲ ਤੂੰ ਟਿਕਦੀ ਨਹੀਂ। ਕਹਿੰਦੀ ਉਥੇ ਤਾਂ, ਸੁੰਨ-ਮੁੰਨ ਪਿਆ ਹੈ, ਮੈਂ ਕੀ ਟਿਕਾਂ। ਕਹਿੰਦੇ ਜਾਹ, ਆਪਣੀ ਦਰਗਾਹ ਦੇ ਨਾਦ ਇਹਦੇ ਵਿਚ ਪਾ ਦਿੱਤੇ। ਅਨਹਦ ਨਾਦ ਪਾ ਦਿੱਤੇ, ਜਦੋਂ ਗਈ ਤਾਂ ਅਨਹਦ ਨਾਦਾਂ ਦੀ ਮਸਤੀ ਚੜ੍ਹ ਗਈ। ਲੇਕਿਨ ਫੇਰ ਬਾਹਰ ਆ ਗਈ। ਕਹਿੰਦੇ ਹੁਣ ਕਿਉਂ ਬਾਹਰ ਆ ਗਈ? ਕਹਿੰਦੀ, ਹਨ੍ਹੇਰ ਗੁਬਾਰ ਪਿਆ ਹੈ। ਕਹਿੰਦੇ ਚੰਗਾ ਮੈਂ ਦਰਗਾਹ ਦਾ ਚਾਨਣਾ ਵੀ ਇਹਦੇ 'ਚ ਪਾ ਦਿੰਦਾ ਹਾਂ। ਜਿਹੜਾ ਸਾਡੇ ਵਿਚ ਹੈ ਸਾਧਸੰਗਤ ਜੀ, ਓਹੀ ਦਰਗਾਹ ਵਿਚ ਹੈ। ਇੱਥੇ ਵੀ ਛੋਟੀ ਜਿਹੀ ਦਰਗਾਹ ਹੈ ਦਸਵੇਂ ਦੁਆਰ 'ਚ। ਕਹਿੰਦੇ ਓਸ ਵੇਲੇ ਤੋਂ ਰੂਹ ਉਸ ਰਾਗ ਨੂੰ ਸੁਣ ਕੇ ਆਹ ਸਰੀਰ 'ਚ ਰਹੀ ਹੈ, ਰਾਗ ਤਾਂ ਮਾੜਾ ਨਹੀਂ। ਇਹ ਥੱਲੇ ਉਤਰ ਆਈ, ਇਹਦੇ ਵਾਪਸ ਲਿਜਾਣ ਦਾ ਕੇਵਲ ਇੱਕੋ ਸਾਧਨ ਹੈ।

ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ
ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ - ੧੦੭੫

ਪੀਰ ਮੰਨ ਗਿਆ ਤੇ ਦੂਸਰਾ ਕੀ ਇਤਰਾਜ਼ ਹੈ। ਕਹਿਣ ਲੱਗਿਆ, ਦੂਸਰਾ ਇਹ ਹੈ ਕਿ ਤੁਸੀਂ ਕੁਫਰ ਬੋਲਿਆ ਹੈ। ਝੂਠ ਬੋਲਿਆ ਹੈ -

ਧਾਰਨਾ - ਸੱਤ ਪਤਾਲ ਤੇ ਆਕਾਸ਼ ਸਾਰੇ ਆਖਦੇ,
ਦੱਸ ਕਾਹਨੂੰ ਕੁਫਰ ਬੋਲਦੈਂ।

ਕਹਿਣ ਲੱਗਿਆ, ਨਾਨਕ ਜੀ! ਸਾਰਾ ਸੰਸਾਰ ਹਿੰਦੂ ਧਰਮ ਚੌਦਾਂ, ਸੱਤ ਆਕਾਸ਼ ਤੇ ਸੱਤ ਪਾਤਾਲ; ਅਤਲ, ਬਿਤਲ, ਸਤਲ ਨਾਉਂ ਨੇ ਉਨ੍ਹਾਂ ਦੇ। ਭਵ, ਭੂਤ ਇਹ ਸਾਰੇ ਆਕਾਸ਼ਾਂ ਦੇ ਨਾਉਂ। ਅਸੀਂ ਵੀ ਸੱਤ ਕਹਿੰਦੇ ਹਾਂ ਉਹ ਵੀ ਸੱਤ ਕਹਿੰਦੇ ਨੇ। ਤੂੰ ਲੱਖਾਂ ਕਿਵੇਂ ਬੋਲਦਾ ਹੈਂ? ਝੂਠ ਬੋਲਦਾ ਹੈਂ ਤੂੰ ਇਹ ਗੱਲ। ਕੁਫਰ ਬੋਲਦਾ ਹੈਂ, ਗੁਮਰਾਹ ਕਰੇਗਾ ਸੁਣਨ ਵਾਲਿਆਂ ਨੂੰ। ਮਹਾਰਾਜ ਮੁਸਕਰਾ ਪਏ, ਕਹਿੰਦੇ ਪੀਰ ਜੀ! ਇਹ ਤਾਂ ਨਿਗ੍ਹਾ ਦੀ ਗੱਲ ਹੈ। ਜਿਹਦੀ ਨਿਗ੍ਹਾ 'ਚ ਸੱਤ ਆਉਂਦੇ ਨੇ ਉਹ ਸੱਤ ਕਹਿੰਦਾ ਹੈ। ਜਿਹਦੀ ਨਿਗ੍ਹਾ 'ਚ ਲੱਖਾਂ ਆਉਂਦੇ ਨੇ ਉਹ ਲੱਖਾਂ ਬੋਲਦਾ ਹੈ -

ਧਾਰਨਾ - ਜਿਹਨੂੰ ਲੱਖਾਂ ਹੀ ਆਕਾਸ਼ ਨਜ਼ਰ ਆਏ
ਲੱਖਾਂ ਦੀ ਉਹ ਗੱਲ ਕਰਦਾ।

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ॥
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ ॥ ਅੰਗ - ੫

ਪੀਰ ਜੀ! ਲੱਖਾਂ ਦੀ ਕੀ ਗੱਲ ਕਰਦੇ ਓਂ। ਇਹ ਤਾਂ ਲੇਖੇ ਤੋਂ ਅੱਗੇ ਦੀਆਂ ਗੱਲਾਂ ਨੇ। ਇਹਦਾ ਲੇਖਾ ਨਹੀਂ ਹੋ ਸਕਦਾ। ਕੋਈ ਇਹਦਾ ਹਿਸਾਬ ਕਿਤਾਬ ਨਹੀਂ। ਬੇਅੰਤ ਜਿਹਨੂੰ ਕਹਿ ਦਿੱਤਾ

ਉਹਦਾ ਅੰਤ ਕਿਵੇਂ ਲੈ ਲਓਂਗੇ ਤੁਸੀਂ। ਕਹਿੰਦੇ ਦੇਖੋਂ, ਤੁਹਾਡਾ ਪੈਗੰਬਰ ਜਿਸ ਵਕਤ ਇਹਨੂੰ ਬੁਲਾਇਆ। ਜ਼ਬਰਾਈਦ ਇਹਨੂੰ ਲੈਣ ਵਾਸਤੇ ਆਉਂਦਾ ਹੈ, ਜਦੋਂ ਦਰਗਾਹ ਨੂੰ ਜਾਂਦਾ ਹੈ ਤਾਂ ਰਸਤੇ ਦੇ ਵਿਚ ਇੱਕ ਊਠਾਂ ਦੀ ਕਤਾਰ ਆ ਗਈ। ਉਹਨੂੰ ਦੇਖ ਕੇ ਪੈਗੰਬਰ ਖੜ੍ਹਾ ਹੋ ਗਿਆ। ਹੈ ਨਾ ਤੁਹਾਡੇ ਲਿਖਿਆ ਹੋਇਆ। ਕਹਿੰਦਾ, ਉਥੇ ਉਹ ਕਹਿਣ ਲੱਗੇ ਕਿ ਲੰਘ ਗਿਆ ਉਹ। ਇੱਕ ਦੀ ਜਿਹੜੀ ਮੁਹਾਰ ਹੈ ਇਹਨੂੰ ਚੁੱਕੋ ਤੇ ਥੱਲੇ ਦੀ ਲੰਘ ਆਓ। ਕਹਿੰਦਾ ਇਹ ਮੁੱਕੇ ਤਾਂ ਲੰਘ ਆਵਾਂਗੇ। ਕਹਿੰਦਾ, ਇਹ ਤਾਂ ਮੈਂ ਜਦੋਂ ਪੈਦਾ ਹੋਇਆ ਸੀ ਉਸ ਵੇਲੇ ਵੀ ਚਲਦੀ ਸੀ। ਮੇਰੇ ਤੋਂ ਜਿਹੜਾ ਪਹਿਲਾਂ ਜ਼ਬਰਾਈਲ ਸੀ ਉਹ ਵੀ ਚਲਦਾ ਸੀ। ਮੇਰੀ ਉਮਰ ਸੋਲਾਂ ਕਰੋੜ, ਖਰਬ ਸਾਲ ਦੀ ਹੈ। ਮੇਰੇ ਤੋਂ ਪਹਿਲਾਂ ਵੀ ਇਹ ਚਲਦੀ ਸੀ, ਪਤਾ ਨਹੀਂ ਕਿਹੜੇ ਵੇਲੇ ਦੇ ਇਹ ਚਲਦੇ ਨੇ ਉੱਠ।ਕਹਿੰਦੇ ਇਹਦੇ ਉਤੇ ਕੀ ਹੈ, ਕਹਿੰਦੇ ਇੱਕ ਲਾਈਨ 'ਚੋਂ ਕੱਢ ਕੇ ਦੇਖ ਲੈਂਦੇ ਹਾਂ। ਇੱਕ ਉਠ ਕੱਢ ਲਿਆ, ਜਿਸ ਵਕਤ ਬਿਠਾਇਆ, ਉਹਦੇ ਉਤੇ ਦੋ ਬਕਸੇ ਲੱਦੇ ਹੋਏ, ਬਕਸਾ ਖੋਲ੍ਹਿਆ ਤਾਂ ਇੱਕ ਆਂਡਾ ਵਿਚੋਂ ਕੱਢ ਲਿਆ। ਆਂਡਾ ਭੰਨਿਆਂ ਤਾਂ ਕੀ ਦੇਖਦੇ ਨੇ ਕਿ ਇੱਕ ਬ੍ਰਹਿਮੰਡ ਦਿਸਿਆ ਸਾਰਾ। ਕਹਿੰਦਾ ਐਨੇ ਬ੍ਰਹਿਮੰਡ ਨੇ, ਪ੍ਰਮੇਸ਼ਰ ਦਾ ਕੋਈ ਅੰਤ ਨਹੀਂ ਹੈ, ਕਿੰਨੀ ਕੁਦਰਤ ਹੈ ਉਹਦੀ, ਇਥੇ ਤਾਂ ਵਾਹ-ਵਾਹ ਤੋਂ ਬਗੈਰ ਹੋਰ ਕੋਈ ਗੱਲ ਨਹੀਂ। ਵਾਹਿਗੁਰੂ-ਵਾਹਿਗੁਰੂ। ਇਹੀ ਅੰਤਮ ਨਾਮ ਹੈ। ਪੀਰ ਚੁੱਪ ਕਰ ਗਿਆ, ਕਹਿੰਦਾ ਫੇਰ ਅਸੀਂ ਤਾਂ, ਤਾਂ ਮੰਨਦੇ ਹਾਂ ਜੇ ਸਾਨੂੰ ਦਿਖਾਵੇਂ। ਭਾਈ ਗੁਰਦਾਸ ਜੀ ਲਿਖਦੇ ਨੇ -

ਪੁਛੇ ਪੀਰ ਤਕਰਾਰ ਕਰਿ ਏਹ ਫਕੀਰ ਵਡਾ ਅਤਾਈ।
ਏਥੇ ਵਿਚਿ ਬਗਦਾਦ ਦੇ ਵਡੀ ਕਰਾਮਾਤਿ ਦਿਖਲਾਈ।
ਪਾਤਾਲਾ ਆਕਾਸ ਲਖ ਓੜਕਿ ਭਾਲੀ ਖਬਰਿ ਸੁਣਾਈ।
ਫੇਰਿ ਦੁਰਾਇਣ ਦਸਤਗੀਰ
ਅਸੀ ਭਿ ਵੇਖਾ ਜੋ ਤੁਹਿ ਪਾਈ।

ਭਾਈ ਗੁਰਦਾਸ ਜੀ, ਵਾਰ ੧/੩੬

ਸਾਨੂੰ ਦਿਖਾਲ, ਮਹਾਰਾਜ ਕਹਿੰਦੇ ਚੱਲ ਪੀਰ ਜੀ! ਤੈਨੂੰ ਦਿਖਾਲੀਏ। ਲੱਖਾਂ ਹੀ ਆਕਾਸ਼ ਪਾਤਾਲ, ਪੀਰ ਕਹਿੰਦਾ ਮੇਰੀ ਉਮਰ ਬੁਢਾਪੇ ਦੀ ਹੈ। ਦੇਖਦੇ-ਦੇਖਦੇ ਮੈਂ ਉਥੇ ਹੀ ਨਾ ਚੜ੍ਹਾਈ ਕਰ ਜਾਵਾਂ। ਐਉਂ ਕਰੋ ਮੇਰੇ ਲੜਕੇ ਨੂੰ ਲੈ ਜਾਓ। ਕਹਿੰਦੇ ਇਤਬਾਰ ਹੈ ਤੈਨੂੰ ਇਸ ਲੜਕੇ 'ਤੇ। ਕਹਿੰਦੇ ਹਾਂ, ਇਹ ਲੜਕਾ ਬਿਲਕੁਲ ਕਾਬਲ ਹੈ, ਜਿਵੇਂ ਗੁਰੂ ਨਾਨਕ ਪਾਤਸ਼ਾਹ ਨੂੰ ਗੁਰੂ ਅੰਗਦ ਸਾਹਿਬ ਸੀ ਉਹਦਾ ਨਾਉਂ ਬਹਿਲੋਲ ਸੀ। ਉਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਤੁਸੀਂ ਇੱਥੇ ਹੀ ਬੈਠਿਓ, ਆਏ ਅਸੀਂ। ਉਸ ਵੇਲੇ ਬਾਂਹ ਫੜ ਲਈ, ਕਹਿੰਦੇ ਮੀਚ ਅੱਖਾਂ। ਨੇਤਰ ਬੰਦ ਕਰ ਲਏ, ਦੇਖ ਆਕਾਸ਼, ਦੇਖ ਆਕਾਸ਼, ਦੇਖਦਾ ਹੀ ਤੁਰਿਆ ਜਾਂਦਾ ਹੈ, ਦੇਖਦਾ ਹੀ ਤੁਰਿਆ ਜਾਂਦਾ ਹੈ। ਦਿਨ ਰਾਤ ਮੁਕਦੇ ਜਾਂਦੇ ਨੇ। ਥੱਕ ਗਿਆ ਕਹਿੰਦਾ ਇਹ ਤਾਂ ਅੰਤ ਹੀ ਨਹੀਂ ਆਉਂਦਾ, ਕਹਿੰਦਾ, ਚੱਲ ਤੈਨੂੰ ਪਾਤਾਲ ਦਿਖਾਈਏ। ਫੇਰ ਪਾਤਾਲ ਦਿਖਾਉਣੇ ਸ਼ੁਰੂ ਕਰ ਦਿਤੇ, ਕਹਿੰਦਾ ਮਹਾਰਾਜ! ਇਹ ਤਾਂ ਪਤਾ ਨਹੀਂ ਕਿੰਨੇ ਕੁ ਸਾਲ ਆਪਾਂ ਨੂੰ ਹੋ ਗਏ, ਉਹ ਤਾਂ ਮਰ-ਮੁਰ ਵੀ ਗਏ ਹੋਣੇ, ਜਿਹਨੂੰ ਅਸੀਂ ਜਾ ਕੇ ਦਸਣਾ ਸੀ। ਹੁਣ ਕ੍ਰਿਪਾ ਕਰੋ ਆਪਾਂ ਵਾਪਸ ਚੱਲੀਏ। ਕਹਿੰਦੇ, ਮਰੇ ਨਹੀਂ ਹੈਗੇ ਇਹ ਸਮੇਂ ਦਾ ਹੇਰ ਫੇਰ ਹੈ। ਇਹ ਗੱਲ ਸਮਝ 'ਚ ਨਹੀਂ ਆਉਂਦੀ, ਦੁਨੀਆਂ ਦੇ, ਸਮੇਂ ਦਾ ਹੇਰ ਫੇਰ ਹੈ। ਇਸ ਤਰ੍ਹਾਂ ਕਰ ਤੇਰੇ ਅੱਬਾ ਜਾਨ ਨੇ ਨਹੀਂ ਮੰਨਣਾ, ਆਹ ਦੇਖ ਆਪਣੀ ਸੰਗਤ। ਅੱਗੇ ਗਏ ਤਾਂ ਇਸ ਸੰਗਤ ਹਰੀ ਦਾ ਜਸ ਕਰ ਰਹੀ ਹੈ, ਜਿਸ ਵਕਤ ਗੁਰੂ ਨਾਨਕ ਪਾਤਸ਼ਾਹ ਦੇ ਦਰਸ਼ਨ ਕਰੇ, ਉਸੇ ਵੇਲੇ ਸਾਰੀ ਸੰਗਤ ਸਤਿਕਾਰ ਵਾਸਤੇ ਨਮਸ਼ਕਾਰਾਂ ਕਰਨ ਲਗ ਗਈ। ਮਹਾਰਾਜ ਸੰਗਤ 'ਚ ਬੈਠ ਗਏ। ਪ੍ਰਸ਼ਾਦ ਵਰਤਾਓ ਭਾਈ, ਪ੍ਰਸ਼ਾਦ ਵਰਤਾਇਆ, ਬਰਤਨ ਲਿਆ, ਉਹਦੇ ਵਿਚ ਉਹਨੂੰ ਪ੍ਰਸ਼ਾਦ ਪਾ ਦਿੱਤਾ। ਫੇਰ ਅਗਲੇ ਪਾਤਾਲ 'ਚ ਗਏ, ਫੇਰ ਪ੍ਰਸ਼ਾਦ। ਜਿੱਥੇ ਦੇਖੇ ਗੁਰੂ ਨਾਨਕ ਦੀ ਸੰਗਤ, ਕਹਿਣ ਲੱਗਿਆ ਹੈਂ, ਕ੍ਰੋੜਾਂ ਬ੍ਰਹਿਮੰਡਾਂ ਵਿਚ ਇੱਕੋ ਗੁਰੂ ਨਾਨਕ ਪਾਤਸ਼ਾਹ ਨੇ। ਜੇ ਮੈਂ ਧੋਖਾ ਨਾ ਖਾਵਾਂ ਇਹ ਤਾਂ ਅੱਲਾਹ ਤਾਲਾਹ ਆਪ ਆ ਗਿਆ। ਬੋਲਦਾ ਨਹੀਂ ਹੁਣ, ਵਿਸਮਾਦ 'ਚ ਹੋ ਗਿਆ। ਓਸ ਵੇਲੇ ਗੁਰੂ ਨਾਨਕ ਪਾਤਸ਼ਾਹ ਨੇ ਕਿਹਾ ਕਿ ਚੱਲ ਆ ਹੁਣ ਚੱਲੀਏ। ਭਾਂਡਾ ਭਰਿਆ ਹੋਇਆ ਹੈ ਪ੍ਰਸ਼ਾਦ ਦਾ। ਥਾਂ-ਥਾਂ 'ਤੇ ਕੜਾਹ ਪ੍ਰਸ਼ਾਦ, ਥਾਂ-ਥਾਂ ਤੋਂ ਕੜਾਹ ਪ੍ਰਸ਼ਾਦ। ਕਹਿਣ ਲੱਗਿਆ, ਪਾਤਸ਼ਾਹ! ਇਹ ਸਾਰੀਆਂ ਸੰਗਤਾਂ, ਏਸ ਵੇਲੇ ਸਾਰੇ ਬ੍ਰਹਿਮੰਡਾਂ 'ਚ ਅਕਾਲ ਪੁਰਖ ਨੇ ਸਾਡੀ ਡਿਊਟੀ ਲਾਈ ਹੈ।

ਸਾਧਸੰਗਤ ਜੀ! ਸਾਡਾ ਹੀ ਨਹੀਂ ਇਕੱਲਿਆਂ ਦਾ ਗੁਰੂ ਨਾਨਕ। ਉਹ ਤਾਂ ਸਾਰੇ ਖੰਡਾਂ ਬ੍ਰਹਿਮੰਡਾਂ ਦੀਆਂ ਜਿੰਨੀਆਂ ਅਬਾਦੀਆਂ ਨੇ ਸਭ ਦਾ ਹੀ ਹੈ। ਹੋ ਸਕਦਾ ਹੈ ਸਾਡੇ ਨਾਲੋਂ ਜ਼ਿਆਦਾ ਉਨ੍ਹਾਂ ਦੀ ਕਦਰ ਪਾ ਲਈ ਹੋਵੇ। ਅਸੀਂ ਤਾਂ ਪਾਈ ਨਹੀਂ ਹੈ, ਅਸੀਂ ਤਾਂ ਸ਼ਰਾਬ ਹੀ ਨਹੀਂ ਛੱਡਦੇ, ਉਹਦੇ ਕਹਿਣ 'ਤੇ। ਨਾਮ ਹੀ ਨਹੀਂ ਜਪਦੇ। ਸੋ ਉਸ ਵੇਲੇ ਨੇਤਰ ਖੋਲ੍ਹੇ, ਨੇਤਰ ਖੋਲ੍ਹ ਕੇ ਏਧਰ ਥੋੜ੍ਹਾ ਜਿਹਾ ਸਮਾਂ ਲੰਘਿਆ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

ਨਾਲਿ ਲੀਤਾ ਬੇਟਾ ਪੀਰ ਦਾ
ਅਖੀ ਮੀਟਿ ਗਇਆ ਹਾਵਾਈ।
ਲਖ ਆਕਾਸ ਪਤਾਲ ਲਖ
ਅਖਿ ਫੁਰੰਕ ਵਿਚਿ ਸਭਿ ਦਿਖਲਾਈ।
ਭਰਿ ਕਚਕੌਲ ਪ੍ਰਸਾਦਿ ਦਾ
ਧੁਰੋ ਪਤਾਲੋ ਲਈ ਕੜਾਹੀ।
ਜਾਹਰ ਕਲਾ ਨ ਛਪੈ ਛਪਾਈ।

ਭਾਈ ਗੁਰਦਾਸ ਜੀ, ਵਾਰ ੧/੩੬

ਹੁਣ ਕਿਵੇਂ ਛੁਪ ਜਾਵੇ। ਉਹਨੇ ਸਿਜਦਾ ਕਰਨਾ ਸ਼ੁਰੂ ਕਰ ਦਿਤਾ, ਕਹਿੰਦਾ ਅੱਬਾ ਜਾਨ! ਸਿਜਦਾ ਕਰੋ ਇਹ ਤਾਂ ਖੁਦਾਵੰਦ ਤਾਲਾ ਆਪ ਆ ਗਿਆ। ਆਪ ਹੀ ਹੈ, ਮੈਂ ਸਭ ਕੁਛ ਦੇਖ ਲਿਆ। ਜੋ ਕਹਿੰਦੇ ਨੇ ਠੀਕ ਹੈ ਇਸਦਾ ਕੋਈ ਅੰਤ ਨਹੀਂ ਆਉਣਾ, ਤੇ ਹੁਣ ਕੌਣ ਹੈ ਜਿਹੜਾ ਇਹ ਚੀਜ਼ ਕਰ ਦੇਵੇ -

ਧਾਰਨਾ - ਵਾਹਵਾ ਵਾਹਵਾ ਬਈ
ਝੱਲੇ ਕਿਹੜਾ ਝਾਲ ਗੁਰਾਂ ਦੀ।

ਲੱਖਾਂ ਆਕਾਸ਼ ਪਾਤਾਲ ਦਿਖਾਏ।

ਜਾਹਰ ਕਲਾ ਨ ਛਪੈ ਛਪਾਈ।

ਭਾਈ ਗੁਰਦਾਸ ਜੀ, ਵਾਰ ੧/੩੬

ਕੌਣ ਸੀ ਦੁਨੀਆਂ ਦੇ ਅੰਦਰ, ਜਿਹੜਾ ਗੁਰੂ ਨਾਨਕ ਦੀ

(ਬਾਕੀ ਪੰਨਾ 50 ਤੇ)

ਸੁਰਤਿ ਸਬਦਿ ਮਾਰਗ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂਹਾਨੀ ਮਿਸ਼ਨ

(ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ -54)

ਗੁਰੂ ਦਸ਼ਮੇਸ਼ ਪਿਤਾ ਮਹਾਰਾਜ - ਆਪ ਨੇ ਬਹੁਤ ਵੱਡਾ ਯੱਗ ਕਰਿਆ। ਉਸ ਵੇਲੇ ਆਪ ਨੇ ਬੜੇ ਹੀ ਪਿਆਰ ਨਾਲ ਗੁਰਸਿੱਖਾਂ ਨੂੰ ਪ੍ਰਸ਼ਾਦਾ ਛਕਾਇਆ। ਪਰ ਜੋ ਬ੍ਰਾਹਮਣ ਵਰਗ ਸੀ, ਉਹ ਨਰਾਜ਼ ਹੋ ਗਿਆ। ਰੋਣ ਲਗ ਗਿਆ ਉਨ੍ਹਾਂ ਦਾ ਬੜਾ ਪੰਡਤ। ਕਹਿਣ ਲੱਗਿਆ, ਮਹਾਰਾਜ! ਸਾਨੂੰ ਤਾਂ ਕਿਸੇ ਨੇ ਪੁੱਛਣਾ ਨਹੀਂ ਹੈ - ਕਲਿਜੁਗ ਦੇ ਅੰਦਰ, ਤੁਸੀਂ ਸਾਨੂੰ ਰੱਦ ਕਰ ਦਿਤਾ। ਕਹਿਣ ਲੱਗੇ, ਪ੍ਰੇਮੀਓ! ਤਿੰਨਾਂ ਜੁਗਾਂ ਦੇ ਅੰਦਰ ਤੁਹਾਡਾ ਵਰਤਾਰਾ ਰਿਹਾ ਲੇਕਿਨ ਹੁਣ ਜਿਹੜੇ ਸੱਚੇ ਪੰਡਤ ਨੇ, ਉਹ ਗੁਰੂ ਦੇ ਸਿੱਖ ਨੇ ਜਿਨ੍ਹਾਂ ਦੇ ਅੰਦਰ ਗਿਆਨ ਹੈ। ਬ੍ਰਹਮ ਦੇ ਗਿਆਨ ਵਾਲੇ ਬ੍ਰਾਹਮਣ ਹੋਇਆ ਕਰਦੇ ਹਨ। ਸੋ ਹੁਣ *'ਸੇਵ ਕਰੀ ਇਨਹੀ ਕੀ ਭਾਵਤ ਔਰ ਕੀ ਸੇਵ ਸੁਹਾਤ ਨ ਜੀਕੋ॥'* ਸਾਡੇ ਚਿੱਤ ਨੂੰ ਚੰਗੀ ਨਹੀਂ ਲਗਦੀ ਹੋਰ ਕਿਸੇ ਦੀ ਸੇਵਾ ਕਰੀ ਹੋਈ। 'ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥' ਬਾਕੀ ਦਾਨ ਦਿੱਤਾ ਹੋਇਆ ਫਲ ਨਹੀਂ ਦਿੰਦਾ। *'ਆਗੇ ਫਲੈ ਇਨਹੀ ਕੋ ਦੀਯੋ ਜਗ ਮਹਿ ਜਸ ਔਰ ਦੀਯੋ ਸਭ ਫੀਕੋ॥'* ਜਗ ਵਿਚ ਜਸ ਹੁੰਦਾ ਹੈ ਇਨ੍ਹਾਂ ਨੂੰ ਦਿੱਤਾ ਹੋਇਆ ਤੇ ਦਰਗਾਹ ਵਿਚ ਜਾ ਕੇ ਫਲਦਾ ਹੈ। 'ਮੋ ਗ੍ਰਿਹ ਮਹਿ ਮਨ ਤੇ ਤਨ ਤੇ ਸਿਰ ਲੌਂ ਧਨ ਹੌ ਸਭ ਹੀ ਇਨਹੀ ਕੋ।' ਮੇਰੇ ਘਰ ਵਿਚ ਤਾਂ ਮੇਰਾ ਸਰੀਰ, ਮੇਰੇ ਬੱਚੇ, ਮੇਰਾ ਜਿੰਨਾਂ ਕੁਛ ਹੈ, ਚਾਰੇ ਸਾਹਿਬਜ਼ਾਦੇ ਤੇ ਮੇਰਾ ਧਨ, ਮੇਰਾ ਸਿਰ, ਮੈਂ ਤਾਂ ਸਭ ਕੁਛ ਇਨ੍ਹਾਂ ਨੂੰ ਦਾਨ ਦੇ ਦਿਤਾ, ਦਾਨ ਕਰ ਦਿੱਤਾ ਮੈਂ - ਚਮਕੌਰ ਦੇ ਅੰਦਰ ਦੋਵੇਂ ਪੁੱਤਰ ਦਾਨ ਕਰ ਦਿੱਤੇ, ਸਰਹੰਦ ਦੀਆਂ ਦੀਵਾਰਾਂ ਵਿਚ ਦੋਵੇਂ ਛੋਟੇ ਦਾਨ ਕਰ ਦਿੱਤੇ, ਆਪਣਾ ਆਪ ਦਾਨ ਕਰ ਦਿੱਤਾ, ਪਿਤਾ ਦਾ ਦਾਨ ਕਰ ਦਿਤਾ।

ਸਰਬੰਸ ਦਾਨੀ ਜਗ ਵਿਚ ਕੋਈ ਕੋਈ ਹੋਇਆ ਕਰਦਾ ਹੈ। ਇਹ ਗੁਰੂ ਦਸ਼ਮੇਸ਼ ਹੀ ਸੀ ਜਿਨ੍ਹਾਂ ਨੇ ਸਰਬੰਸ ਦਾਨ ਕਰ ਦਿੱਤਾ। ਤੇ ਮਹਾਰਾਜ ਕਹਿੰਦੇ, ਇਨ੍ਹਾਂ ਵਾਸਤੇ ਮੈਂ ਸਭ ਕੁਛ ਦਾਨ ਕਰਿਆ ਹੈ। ਆਪ ਫੁਰਮਾਨ ਕਰਦੇ ਨੇ -

ਜਗ ਭੋਗ ਨਈਵੇਦ ਲਖ,
ਗੁਰਮੁਖਿ ਮੁਖਿ ਇਕੁ ਦਾਣਾ ਪਾਇਆ॥
(ਭਾਈ ਗੁਰਦਾਸ ਜੀ, ਵਾਰ ੭/੧)

ਤੇ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ ਲੱਖਾਂ ਜੱਗਾਂ ਦੇ ਬਰਾਬਰ, ਲੰਗਰ ਵਿਚ ਇਕ ਦਾਣਾ ਪਾਇਆ ਹੋਇਆ ਬਰਾਬਰੀ ਕਰਦਾ ਹੈ। ਉਹ ਦਾਣਾ ਬ੍ਰਹਮਗਿਆਨੀ ਦੇ ਪਾਸ ਪਹੁੰਚ ਜਾਣਾ ਹੈ; ਉਹਦੇ ਅਹਾਰ ਦਾ ਅੰਗ ਬਣ ਜਾਣਾ ਹੈ, ਪੀਹ ਕੇ ਵਿਚ ਜਾਊ; ਕਿੰਨਾ ਫਲ ਹੋ ਜਾਣਾ ਹੈ।

ਗੁਰੂ ਸਤਵੇਂ ਪਾਤਸ਼ਾਹ ਮਹਾਰਾਜ ਇਕ ਵਾਰੀ ਇਹੋ ਵਿਚਾਰ ਦਸ ਰਹੇ ਸੀ। ਇਕ ਸਿੱਖ ਖੜ੍ਹਾ ਹੋ ਗਿਆ, ਕਹਿਣ ਲੱਗਿਆ, ਮਹਾਰਾਜ! ਧਨ ਵਾਲੇ ਦਾਨ ਕਰ ਸਕਦੇ ਨੇ, ਗਰੀਬ ਕਿਵੇਂ ਕਰ ਸਕਦਾ ਹੈ? ਕ੍ਰਿਪਾ ਕਰਕੇ ਇਹ ਵੀ ਦੱਸੋ, ਕਿਉਂਕਿ ਅਸੀਂ ਗਰੀਬ ਹਾਂ, ਨਿਰਧਨ ਹਾਂ, ਸਾਡੇ ਕੋਲ ਕੁਛ ਹੈ ਨਹੀਂ, ਤੇ ਅਸੀਂ ਦਾਨ ਕਿਵੇਂ ਕਰੀਏ, ਸਾਨੂੰ ਕਿਵੇਂ ਫਲ ਪ੍ਰਾਪਤ ਹੋਵੇ। ਮਹਾਰਾਜ ਕਹਿੰਦੇ, ਪ੍ਰੇਮੀਓ! ਇਹ ਗੱਲ ਨਹੀਂ ਹੈ। ਧਨ ਵਾਲੇ ਕੋਲ ਬੇਅੰਤ ਧਨ ਹੈ; ਗਰੀਬ ਕੋਲ ਖਾਣ ਨੂੰ ਕੁਛ ਨਹੀਂ। ਦੇਣਾ ਇਕੋ ਜਿਹਾ ਬਰਾਬਰ ਹੋਇਆ ਕਰਦਾ ਹੈ। ਇਕ ਲੱਖਾਂ ਰੁਪਏ ਦੇ ਪਰੋਡਟਿ (ਲਾਭ) ਵਾਲਾ ਹਜ਼ਾਰ ਰੁਪਿਆ ਦਾਨ ਦਿੰਦਾ ਹੈ। ਇਕ ਨੂੰ ਕੁਛ ਵੀ ਲਾਭ ਨਹੀਂ ਹੋਇਆ, ਉਹ ਇਕ ਰੁਪਿਆ ਦਾਨ ਕਰ ਦਿੰਦਾ ਹੈ। ਉਹਦਾ ਦਾਨ - ਇਕ ਰੁਪਏ ਵਾਲੇ ਦਾ, ਲੱਖ ਨਾਲੋਂ ਵੱਧ ਹੈ। ਕਹਿੰਦਾ -

"ਮਹਾਰਾਜ! ਕ੍ਰਿਪਾ ਕਰਕੇ ਸਮਝਾਓ ਸਾਨੂੰ; ਜੀਅ ਕਰਦਾ ਹੈ, ਅਸੀਂ ਦਾਨ ਕਰੀਏ ਪਰ ਹੈ ਹੀ ਨਹੀਂ ਕੁਛ?"

"ਕਿੰਨੇ ਪ੍ਰਸ਼ਾਦੇ ਛਕਦਾ ਹੈਂ?"

"ਚਾਰ।" ਮਹਾਰਾਜ ਕਹਿੰਦੇ, ਤਿੰਨ ਛਕਿਆ ਕਰ, ਭਜਨ ਕਰਿਆ ਕਰ ਤੇ ਇਕ ਪ੍ਰਸ਼ਾਦੇ ਦਾ ਆਟਾ ਕਿਸੇ ਬਰਤਨ ਵਿਚ ਪਾਈ ਜਾਇਆ ਕਰ। ਜਦ ਸੇਰ ਹੋ ਗਿਆ, ਲੰਗਰ ਵਿਚ ਪਾ ਆਇਆ ਕਰ। ਲੰਗਰ ਵਿਚ ਦੇਣਾ, ਜਿਥੇ ਦਾਣਾ ਪੱਕਦਾ ਹੈ। ਜਿਥੇ ਦਾਣਾ ਵਿਕਦਾ ਹੈ, ਉਥੇ ਨਹੀਂ ਦੇਣਾ। ਜਿਥੇ ਭੁੱਖੇ ਦੀ ਭੁੱਖ ਨਵਿਰਤ ਹੁੰਦੀ ਹੈ - ਓਥੇ ਦੇਣਾ ਹੈ। ਦੂਸਰਾ ਖੜ੍ਹਾ ਹੋ ਗਿਆ, "ਮਹਾਰਾਜ! ਮੈਨੂੰ ਚਾਰ ਪ੍ਰਸ਼ਾਦਿਆਂ ਦੀ ਭੁੱਖ ਹੈ ਤੇ ਮੈਨੂੰ ਦੋ ਹੀ ਮਿਲਦੇ ਨੇ, ਮੇਰਾ ਵੀ ਕੋਈ ਹੱਲ ਹੋ ਸਕਦਾ ਹੈ?" ਐਨੇ ਨੂੰ ਬੀਬੀ ਵੀ ਉਠ ਕੇ ਖੜ੍ਹੀ ਹੋ ਗਈ, "ਮਹਾਰਾਜ! ਅਸੀਂ ਅਤਿ ਦੇ ਗਰੀਬ ਹਾਂ, ਅੱਧਾ ਪ੍ਰਸ਼ਾਦਾ ਮਿਲਦਾ ਹੈ, ਅੱਧੇ ਅਸੀਂ ਭੁੱਖੇ ਰਹਿੰਦੇ ਹਾਂ।" ਮਹਾਰਾਜ ਕਹਿੰਦੇ, "ਇਉਂ ਕਰਿਆ ਕਰੋ ਬੀਬੀ! ਇਕ ਚੁਟਕੀ ਕੱਢ ਲਿਆ ਕਰ ਆਟੇ ਦੀ, ਉਹ ਚੁਟਕੀ ਇਕ ਬਰਤਨ 'ਚ ਪਾਈ ਜਾਇਆ ਕਰੀਂ। ਜਦ ਬਰਤਨ ਭਰ ਜਾਵੇ, ਓਹੀ ਲੰਗਰ ਵਿਚ ਪਾ ਦੇਈਂ, ਗੁਰੂ ਘਰ ਵਿਚ ਛਕਿਆ ਜਾਏਗਾ, ਤੁਰਤ ਦਾਨ ਲਗ ਜਾਏਗਾ - 'ਤੁਰਤ ਦਾਨ ਮਹਾਂ ਕਲਿਆਣ।' ਕਹਿੰਦੇ, ਮਹਾਰਾਜ! ਐਨਾ ਕੁ ਵੀ ਦਾਨ ਲਗ ਜਾਂਦਾ ਹੈ?" ਕਹਿੰਦੇ ਹਾਂ, ਤੁਹਾਨੂੰ ਇਕ ਏਥੇ ਕੀਰਤਪੁਰ ਦੀ ਹੀ ਬਾਤ ਦਸਦੇ ਹਾਂ।

ਏਥੇ ਇਕ ਗੁਰਸਿਖ ਬਹੁਤ ਗਰੀਬ ਸੀਗਾ। ਉਹ ਪੈੜਾਂ ਹੂੰਝ ਕੇ ਗੁਜ਼ਾਰਾ ਕਰਿਆ ਕਰਦਾ ਸੀ, ਟੁੱਟੇ ਹੋਏ ਛੱਪਰ ਵਿਚ ਰਹਿੰਦਾ ਸੀ। ਇਕ ਚਿੜਾ ਚਿੜੀ ਕਿਸੇ ਸਰਾਪ ਵੱਸ, ਮਾੜੇ ਕਰਮ ਵੱਸ ਇਸ ਜੂਨੀ ਵਿਚ ਪੈ ਗਏ ਲੇਕਿਨ ਅੰਦਰ ਉਨ੍ਹਾਂ ਦੇ ਗਿਆਨ ਸੀ। ਉਹ ਇਹਦੇ ਦਾਣਿਆਂ ਵਿਚੋਂ ਚੁੰਝ ਭਰ ਕੇ ਦਾਣੇ ਖਾ ਲੈਂਦੇ ਸੀ। ਉਨ੍ਹਾਂ ਦੋਹਾਂ ਨੇ ਵਿਚਾਰ ਕਰਿਆ ਕਿ ਇਹ ਤਾਂ ਗਰੀਬੀ ਦਾ ਮਾਰਿਆ ਪਿਆ ਹੈ ਤੇ ਇਹਦਾ ਵੀ ਕੁਛ ਕਰਨਾ ਚਾਹੀਦਾ ਹੈ - ਆਪਾਂ ਨੂੰ। ਇਸ ਮੂਰਖ ਨੂੰ ਪਤਾ ਨਹੀਂ ਹੈ ਕਿ ਦਲਿੱਦਰ ਦਾ ਨਾਸ਼, ਦਾਨ ਹੋਇਆ ਕਰਦਾ ਹੈ। ਇਹਨੂੰ ਪਤਾ ਨਹੀਂ ਹੈ। ਚਲੋ, ਦੋ ਦਾਣੇ ਤੂੰ ਚੁੱਕਿਆ ਕਰੀਂ, ਦੋ ਮੈਂ ਚੁੱਕਿਆ ਕਰੂੰ; ਗੁਰੂ ਸੱਤਵੇਂ

ਪਾਤਸ਼ਾਹ ਮਹਾਰਾਜ ਦੇ ਲੰਗਰ ਵਿਚ ਪੈਣ ਲਗ ਗਏ, ਤਿਉਂ-ਤਿਉਂ ਇਹਦੀ ਕਮਾਈ ਵਿਚ ਬਰਕਤ ਪੈਣ ਲਗ ਗਈ। ਅਖੀਰ, ਅਮੀਰ ਹੋ ਗਿਆ, ਨਵਾਂ ਘਰ ਪਾ ਲਿਆ, ਭੁੱਲ ਗਿਆ ਪ੍ਰਮੇਸ਼ਰ ਨੂੰ ਕਿ ਉਹਨੇ ਦਿਤਾ ਹੈ। ਆਪਣੀ ਅਕਲ ਦੇਖ ਕੇ ਹੋ ਗਿਆ ਕਿ ਮੈਂ ਹੀ ਕਮਾਈ ਕੀਤੀ ਹੈ ਤੇ ਸ਼ਰਾਬਾਂ ਕਬਾਬਾਂ ਵਿਚ ਪੈ ਗਿਆ - ਗਲਤ ਗੱਲਾਂ ਵਿਚ। ਨਾਸਤਕ ਬੁੱਧੀ ਹੋ ਗਈ। ਪਹਿਲਾਂ ਗਰੀਬ ਸੀਗਾ, ਦੁੱਖ ਪਿਆ ਹੋਇਆ ਸੀ। ਦੁੱਖ ਦੇ ਵਿਚ ਪ੍ਰਮੇਸ਼ਰ ਯਾਦ ਰੱਖ ਲਵੇ। ਕੋਈ ਵਿਰਲੇ-ਵਿਰਲੇ ਪੁਰਸ਼ ਨੇ, ਨਹੀਂ ਤਾਂ ਪੈਰ ਹਿੱਲ ਜਾਂਦੇ ਨੇ। ਕੋਈ ਨਹੀਂ ਰੱਬ ਨੂੰ ਯਾਦ ਕਰਦਾ, ਦੁਖ ਪਏ ਤੇ ਹੀ ਸਿਮਰਦਾ ਹੈ - ਯਾਦ ਕਰਦਾ ਹੈ। ਸੋ ਇਸ ਤਰ੍ਹਾਂ ਉਨ੍ਹਾਂ ਨੇ ਸੋਚਿਆ -

"ਇਹ ਤਾਂ ਮਾੜਾ ਕੰਮ ਕਰਿਆ ਹੈ, ਇਹ ਤਾਂ ਪਾਪ ਕਰਨ ਲਾ ਦਿਤਾ।"

"ਫੇਰ?"

"ਫੇਰ ਇਹੀ ਹੈ ਕਿ ਉਸੇ ਹਾਲਤ ਵਿਚ ਠੀਕ ਹੈ।"

"ਓਹੀ ਕਿਵੇਂ ਹੋਵੇ।"

"ਗੁਰੂ ਘਰ ਦਾ ਦਾਣਾ ਜਿਹੜੀ ਕਮਾਈ ਵਿਚ ਆ ਕੇ ਪੈਣਾ ਸ਼ੁਰੂ ਹੋ ਜਾਵੇ, ਉਹਦੇ ਦਲਿੱਦਰ ਆ ਜਾਂਦਾ ਹੈ ਤੇ ਗਰੀਬ ਹੋ ਜਾਂਦਾ ਹੈ, ਉਹਦੀ ਕਮਾਈ ਗਲ ਜਾਂਦੀ ਹੈ।"

ਤਿਉ ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜੁ॥
ਭਾਈ ਗੁਰਦਾਸ ਜੀ, ਵਾਰ ੩੫/੧੨

ਜਿਵੇਂ ਬਿਹੁ ਦੇ ਕੈਪਸੂਲ ਖਾਂਦਾ ਹੈ ਬੰਦਾ - ਖੰਡ ਨਾਲ ਲਿਬੜੇ ਹੋਏ, ਇਉਂ ਧਰਮਸਾਲਾ ਦੇ ਦਾਨ ਦਾ ਪੈਸਾ ਖਾਣਾ ਮਾੜਾ ਹੋਇਆ ਕਰਦਾ ਹੈ। ਲਾਲਚ ਦੇ ਵਸ ਆ ਕੇ ਖਾਂਦਾ ਹੈ। ਸੋ ਉਸ ਤੋਂ ਬਾਅਦ ਗੁਰੂ ਦੇ ਲੰਗਰ ਦੇ ਦੋ ਦਾਣੇ ਇਹਦੇ ਘਰ ਸੁੱਟਣੇ ਸ਼ੁਰੂ ਕਰ ਦਿੱਤੇ। ਮੁੜ ਕੇ ਉਤਨਾ ਹੀ ਗਰੀਬ ਹੋ ਗਿਆ। ਅਮੀਰੀ ਦੇਖ ਕੇ ਗਰੀਬੀ ਝੱਲਣੀ ਬਹੁਤ ਔਖੀ ਹੁੰਦੀ ਹੈ। ਰੋਇਆ ਸਟਪਟਾਇਆ ਕਿ ਮਹਾਰਾਜ! ਮੈਂ ਬੜੀ ਚੰਗੀ ਰੋਟੀ ਖਾਂਦਾ ਸੀ, ਹੁਣ ਮੈਂ ਹੱਥ ਸੋਨੇ ਨੂੰ ਪਾਉਨਾਂ ਤੇ ਮਿੱਟੀ ਬਣ ਜਾਂਦੀ ਹੈ - ਕ੍ਰਿਪਾ ਕਰੋ। ਮਹਾਰਾਜ ਕਹਿੰਦੇ, "ਪ੍ਰੇਮੀਆਂ! ਤੇਰੀ ਜਿਹੜੀ ਅਮੀਰੀ ਆਈ ਸੀ, ਦਾਨ ਦਾ ਫਲ ਮਿਲਿਆ ਸੀ ਤੈਨੂੰ। ਚਾਰ ਦਾਣੇ ਤੇਰੀ ਕਮਾਈ ਵਿਚੋਂ ਲੰਗਰ 'ਚ ਪੈਂਦੇ ਸੀ ਤੇ ਹੁਣ ਤੂੰ ਵਿਕਾਰੀ ਹੋ ਗਿਆ ਹੈਂ ਤੇ ਚਾਰ ਦਾਣੇ ਹੁਣ ਲੰਗਰ ਦੇ ਤੇਰੇ ਘਰ ਪੈਂਦੇ ਨੇ; ਤੇਰੀ ਕਮਾਈ ਗਲ ਗਈ। ਸੋ ਜਾਹ, ਕੁਛ ਦਾਨ ਕਰਿਆ ਕਰ, ਗੁਰੂ ਘਰ ਵਿਚ ਕੁਛ ਸੇਵਾ ਕਰਿਆ ਕਰ।" ਸੋ ਇਸ ਤਰ੍ਹਾਂ ਦੇ ਨਾਲ ਕਹਿੰਦੇ, ਭਾਈ! ਦੋ ਦਾਣਿਆਂ ਵਾਲਾ ਵੀ ਪਹੁੰਚ ਗਿਆ, ਉਹਨੂੰ ਭੀ ਪ੍ਰਾਪਤੀ ਹੋ ਗਈ। ਜਿੰਨੀ ਕਿਸੇ ਦੀ ਸ਼ਰਧਾ ਹੈ, ਓਨਾਂ ਜ਼ਰੂਰ ਕੱਢਣਾ ਚਾਹੀਦਾ ਹੈ - ਗੁਰੂ ਦੇ ਨਮਿੱਤ। ਜੇ ਗੁਰੂ ਦੇ ਨਮਿੱਤ ਨਹੀਂ ਕੱਢੋਂਗੇ ਤਾਂ ਹਿੱਸੇਦਾਰ ਨੇ ਇਹਦੇ - ਇਕ ਤਾਂ ਬਿਮਾਰੀ ਹੈ, ਇੱਕ ਅੱਗ ਹੈ, ਇਕ ਚੋਰ ਨੇ ਤੇ ਇਕ ਰਾਜ ਡੰਨ ਹੈ। ਇਹ ਕਹਿੰਦੇ ਨੇ ਜੇ ਸਾਡੇ ਵੱਡੇ ਭਾਈ 'ਧਰਮ' ਨੂੰ ਨਾ ਮਿਲੇ ਤਾਂ ਫੇਰ ਅਸੀਂ ਜ਼ੋਰ ਨਾਲ, ਨਾਲੇ ਤਾਂ ਖੋਂਹਦੇ ਹਾਂ, ਨਾਲੇ ਦੁਖੀ ਕਰਦੇ ਹਾਂ - ਕੱਢ ਅਸੀਂ ਲੈਂਦੇ ਹਾਂ। ਬਿਮਾਰੀ ਪਾ ਦਿਆਂਗੇ, ਕੋਈ ਰਾਜਸੀ ਸੰਕਟ ਪੈਦਾ ਹੋ ਜਾਵੇਗਾ, ਟੈਕਸ ਲਗ ਜਾਵੇਗਾ, ਕੋਈ ਹੋਰ ਗੱਲ ਹੋ ਜਾਊ ਜਾਂ ਚੋਰ ਆ ਕੇ ਖੋਹ ਲੈਣਗੇ।

ਸੋ ਇਸ ਤਰ੍ਹਾਂ ਦੇ ਨਾਲ ਦਸਵੇਂ ਪਾਤਸ਼ਾਹ ਮਹਾਰਾਜ ਕਹਿੰਦੇ, ਜੋ ਦਾਨ ਹੈ - *'ਦਾਨ ਦੀਯੋ ਇਨਹੀ ਕੋ ਭਲੋ ਅਰ ਆਨ ਕੋ ਦਾਨ ਨ ਲਾਗਤ ਨੀਕੋ॥ ਆਗੈ ਫਲੈ ਇਨਹੀ ਕੋ ਦੀਯੋ ਜਗ ਮਹਿ ਜਸ ਔਰ ਦੀਯੋ ਸਭ ਫੀਕੋ॥'* ਬਾਕੀ ਸਭ ਫਿੱਕਾ ਹੈ। *'ਮੋ ਗ੍ਰਿਹ ਮਹਿ ਮਨ ਤੇ ਤਨ ਤੇ ਸਿਰ ਲੌਂ ਧਨ ਹੌਂ ਸਭ ਹੀ ਇਨਹੀ ਕੋ।'* ਅਸੀਂ ਤਾਂ, ਕਹਿੰਦੇ, ਭਾਈ ਆਪਣਾ ਸਰੀਰ ਵੀ ਦਾਨ ਕਰਿਆ ਹੋਇਆ ਹੈ, ਬੱਚੇ ਭੀ ਦਾਨ ਕਰੇ ਹੋਏ ਨੇ, ਸਭ ਕੁਛ ਦਾਨ ਕਰਿਆ ਹੋਇਆ ਹੈ। ਸੋ ਦਾਨ ਜਿਹੜਾ ਹੈ, ਇਹ ਚੌਥਾ ਨੇਮ ਹੈ, ਇਹ ਜ਼ਰੂਰੀ ਹੁੰਦਾ ਹੈ। ਬੇਨਤੀ ਕਰੀ ਸੀ ਕਿ ਤਿੰਨ ਪ੍ਰਕਾਰ ਦਾ ਦਾਨ ਹੁੰਦਾ ਹੈ - ਇਕ ਤਾਮਸੀ ਹੁੰਦਾ ਹੈ, ਕਲਹ ਕ੍ਰੋਧ ਦੇ ਨਾਲ ਦਿਤਾ ਹੋਇਆ, ਖਿਝ ਕੇ ਦਿਤਾ ਹੋਇਆ। ਦੂਸਰਾ, ਆਪਣੇ ਜੱਸ ਵਾਸਤੇ ਦਿਤਾ ਹੋਇਆ, ਇਹ ਰਾਜਸੀ ਦਾਨ ਹੁੰਦਾ ਹੈ, ਇਹਦਾ ਫਲ ਥੋੜ੍ਹਾ ਹੁੰਦਾ ਹੈ। ਤੀਸਰਾ ਹੁੰਦਾ ਹੈ ਸਹੀ ਥਾਂ ਦੇਖ ਕੇ ਦਾਨ ਦੇਣਾ - *'ਖੇਤੁ ਪਛਾਣੈ ਬੀਜੈ ਦਾਨੁ।'* ਸੋ ਇਹ ਜਿਹੜਾ ਸਹੀ ਥਾਂ ਦੇਖ ਕੇ ਦੇਣਾ - *'ਕਰਕੈ ਬਿਨੈ ਸੁਪਾਤਰ ਦੇਖੀ॥ ਇਹੁ ਸਾਂਤਕੀ ਫਲ ਸੁ ਵਿਸੇਖੀ॥'* ਇਹਦਾ ਫਲ ਬਹੁਤ ਜ਼ਿਆਦਾ ਹੁੰਦਾ ਹੈ - *ਵਾਹਿਗੁਰੂ ਕੇ ਜਾਨ ਕੈ ਸਭੈ ਪਦਾਰਥ ਦੇਯ॥ ਤਨਕ ਨ ਅਪਨਾ ਮਾਨਈ ਤਾਹਿੰ ਅਖੈ ਫਲ ਲੇਯ॥*

ਆਪਣਾ ਮੰਨ ਕੇ ਨਾ ਦੇਵੇ ਕਿ ਮੈਂ ਦਿੰਦਾ ਹਾਂ; ਵਾਹਿਗੁਰੂ ਦਾ ਜਾਣ ਕੇ ਦੇਵੇ।

ਦਰਬ ਕਿਧੋ ਬਿਦਿਯਾ ਕੋ ਦਾਨਾ॥

ਦੇਤ ਸਾਂਤਕੀ ਹ੍ਵੈ ਨਿਰਮਾਨਾ॥
ਪੰਨਾ - ੧੦੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਦਾਨ ਪੈਸੇ ਦਾ ਵੀ ਹੁੰਦਾ ਹੈ, ਕੋਈ ਪੜ੍ਹਿਆ ਹੋਇਆ ਵਿਦਿਆ ਦਾ ਦਾਨ ਕਰੋ, ਕੋਈ ਸਿਆਣਾ ਬੰਦਾ ਅਕਲ ਦਾ ਦਾਨ ਕਰੋ, ਸਿਹਤਮੰਦ ਹੈ - ਸਿਹਤ ਦਾ ਦਾਨ ਕਰੋ -

ਤਿਹ ਕੋ ਫਲ ਹ੍ਵੈ ਅਮਿਤ ਬਿਸਾਲਾ॥
ਪੰਨਾ - ੧੦੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਕਹਿੰਦੇ, ਬਹੁਤ ਜ਼ਿਆਦਾ ਫਲ ਹੁੰਦਾ ਹੈ -

ਬੇਦ ਸੰਤ ਭਾਖਤ ਇਸ ਢਾਲਾ॥
ਪੰਨਾ - ੧੦੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਬੇਦ ਵੀ, ਸੰਤ ਵੀ ਸਾਰੇ ਕਹਿੰਦੇ ਨੇ। ਸੋ ਇਹ ਚੌਥਾ ਨੇਮ ਹੋਇਆ ਕਰਦਾ ਹੈ।

ਪੰਜਵਾਂ ਨੇਮ ਹੁੰਦਾ ਹੈ - ਪੂਜਾ। ਗੁਰੂ ਦੀ ਪੂਜਾ ਕਰਨੀ -

ਪੰਚਮ ਪੂਜਾ ਮਨ ਕਰ ਕਰਨੀ॥
ਰਿਦੈ ਭਾਵਨੀ ਗੁਰ ਮਹਿੰ ਧਰਨੀ॥
ਪੰਨਾ - ੧੦੯ (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਰਸਮ ਪੂਰੀ ਨਹੀਂ ਕਰਨੀ, ਮਨ ਤੋਂ ਪੂਜਾ ਕਰਨੀ ਹੈ। ਗੁਰੂ ਨੂੰ ਇਹ ਸਮਝਣਾ ਹੈ ਕਿ ਇਹ ਪ੍ਰਮੇਸ਼ਰ ਹੈ -

ਸਫਲੀ ਪੂਜਾ ਹੋਵਤ ਤਾਂ ਕੀ॥
ਸਭ ਭਾਵਨੀ ਸੋ ਮਤ ਜਾਂਕੀ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਭਾਵਨੀ ਨਾਲ ਜਿਹੜਾ ਪੂਜਾ ਕਰਦਾ ਹੈ ਉਹਦਾ ਪੂਰਾ ਹੋਇਆ ਕਰਦਾ ਹੈ।

ਛੇਵਾਂ ਜਿਹੜਾ ਹੈ, ਉਹ ਹੋਇਆ ਕਰਦਾ ਹੈ 'ਗੁਰੂ ਦੀ ਬਾਣੀ ਤੇ ਨਿਹਚਾ ਕਰਨਾ।' ਜੇ ਬਾਣੀ ਦੇ ਉਤੇ ਨਿਹਚਾ ਹੈ, ਤਾਂ ਤਾਂ ਫਲ ਪ੍ਰਾਪਤ ਹੁੰਦਾ ਹੈ; ਜੇ ਨਿਹਚਾ ਹੀ ਨਹੀਂ ਹੈ, ਮਹਾਰਾਜ ਕਹਿੰਦੇ, ਐਵੇਂ ਕੂੜ ਕਪਟ ਕਰਕੇ -

ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ॥ ਅੰਗ - ੭੪

ਐਵੇਂ ਅੱਖਾਂ ਮੀਚੀਂ ਬੈਠਾ ਹੈ, ਅੰਦਰ ਨਿਹਚਾ ਨਹੀਂ ਹੈ - ਬਾਣੀ ਤੇ। ਬਾਣੀ ਕੁਛ ਹੋਰ ਕਹੀ ਜਾਂਦੀ ਹੈ, ਮਨ ਦੀ ਮੱਤ ਛੱਡਦਾ ਨਹੀਂ। ਇਹ ਨਿਹਚਾ ਹੋਣਾ ਚਾਹੀਦਾ ਹੈ -

ਛਠਮ ਨੇਮ ਜਿਨ ਗੁਰ ਸ਼ਬਦ ਤਾਂਕੇ ਜੇ ਅਨਸਾਰ॥
ਤਿਸ ਹੀ ਕੋ ਪਢਹੈ ਸੁਨੈ ਤਿਸ ਕੋ ਕਰੈ ਵਿਚਾਰ॥
ਗੁਰੂ ਸਿਧਾਤ ਬਿਨਾਂ ਜੋ ਆਨ॥
ਤਿਸ ਕੇ ਬਚਨ ਸੁਨੈ ਨਹਿੰ ਕਾਨ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿਹੜੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਨਾਲ ਬਚਨ ਨਹੀਂ ਰਲਦੇ, ਉਹ ਕੰਨਾਂ ਨਾਲ ਸੁਨਣੇ ਨਾ ਕਰੇ। ਕਿਤੇ ਸ਼ੰਕਾ ਪੈ ਜਾਵੇਗਾ ਜੇ ਸੁਣੇਗਾ, ਊਟ ਪਟਾਂਗ ਗੱਲਾਂ ਹੁੰਦੀਆਂ ਨੇ ਬਹੁਤ। ਮਨਘੜਤ ਬਾਤਾਂ ਬਣਾਈਆਂ ਜਾਂਦੀਆਂ ਨੇ ਤੇ ਸਿਧਾਂਤ ਨਾਲ ਰਲਦੀਆਂ ਨਹੀਂ ਗੁਰੂ ਗ੍ਰੰਥ ਸਾਹਿਬ ਦੇ। ਉਹ ਗੱਲ ਗੁਰੂ ਤੋਂ ਬਹੁਤ ਦੂਰ ਲੈ ਜਾਇਆ ਕਰਦੀ ਹੈ। ਸੋ ਇਸ ਤਰ੍ਹਾਂ ਗੁਰੂ ਦੇ ਬਚਨਾਂ ਦੇ ਉਤੇ ਨਿਹਚਾ ਰੱਖਣਾ, ਇਹ ਛੇਵੀਂ ਚੀਜ਼ ਹੋਇਆ ਕਰਦੀ ਹੈ।

ਸੱਤਵਾਂ ਹੈ ਪਾਠ ਸੁਣਨਾ - ਪਿਆਰ ਦੇ ਨਾਲ, ਨਿਹਚੇ ਦੇ ਨਾਲ-

ਸਪਤਮ ਪਠੈ ਸੁਨੈ ਜਹਿੰ ਰੀਤੀ॥
ਵਰਤੈ ਤਹਿੰ ਅਨਸਾਰ ਸਪ੍ਰੀਤੀ॥
ਬਿਨਾਂ ਦੰਭ ਗੁਰ ਸ਼ਬਦ ਕਮਾਵਨ॥
ਕਰੈ ਸਦਾ ਹ੍ਵੈ ਤਨ ਮਨ ਪਾਵਨ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਹ ਭੇਖ ਨਹੀਂ ਕਰਨਾ, ਦੰਭ ਨਹੀਂ ਦਿਖਾਉਣਾ। ਲੋਕਾਂ ਦੇ ਸਾਮ੍ਹਣੇ ਅੱਖਾਂ ਮੀਚ ਮੀਚ ਬੈਠੀ ਜਾਣਾ, ਅੰਦਰੋਂ ਲਗਨ ਨਹੀਂ ਹੈ। ਮਾਲਾ ਲੈ ਲਈ, ਅੰਦਰੋਂ ਪਰਮੇਸ਼ਰ ਨਾਲ ਚਿੱਤ ਨਹੀਂ ਜੁੜਦਾ ਤੇ 'ਮਾਲਾ ਫੇਰਨ ਮਸ਼ਕਰੇ ਟਿਕਾ ਲਾਉਣ ਸ਼ੈਤਾਨ।' ਅੰਦਰੋਂ ਨਹੀਂ ਬਿਰਤੀ ਜੁੜੀ ਹੋਈ, ਬਾਹਰੋਂ ਹੀ ਦਿਖਾਵਾ ਕਰਦਾ ਹੈ। ਤੇ ਉਹਦੇ ਬਾਰੇ ਤਾਂ ਮਹਾਰਾਜ ਨੇ ਬਹੁਤ ਸਖਤ ਤਾੜਨਾ ਕੀਤੀ ਹੈ। ਐਸਾ ਫੁਰਮਾਨ ਕੀਤਾ ਹੈ, ਪੜ੍ਹੋ ਪਿਆਰ ਨਾਲ -

ਧਾਰਨਾ - ਲੋਕਾਂ ਨੂੰ ਵਸ ਕਰਦਾ ਹੈ,
ਮੂਰਖ ਭੇਖ ਦਿਖਾ ਕੇ - ੨

ਭੇਖ ਦਿਖਾਏ ਜਗਤ ਕੋ ਲੋਗਨ ਕੋ ਬਸ ਕੀਨ॥
ਅੰਤਕਾਲ ਕਾਤੀ ਕਟਯੋ ਬਾਸ ਨਰਕ ਮੋ ਲੀਨ॥
ਪੰਨਾ -੫੮, ਬਚਿੱਤ੍ਰ ਨਾਟਕ

ਪ੍ਰੂੰਅਰ ਤਾਪ ਗੇਰੀ ਕੇ ਬਸਤ੍ਰਾ॥
ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ॥
ਦੇਸੁ ਛੋਡਿ ਪਰਦੇਸਹਿ ਧਾਇਆ॥
ਪੰਚ ਚੰਡਾਲ ਨਾਲੇ ਲੈ ਆਇਆ॥ ਪੰਨਾ - ੧੪੮

ਉਤੋਂ ਭੇਖ ਹੈ, ਪਰ ਅੰਦਰਲੇ ਪਾਸੇ ਵਿਸ਼ਿਆਂ ਦੀ ਭਾਵਨਾ। ਮਹਾਰਾਜ ਕਹਿੰਦੇ, ਦੰਭ ਤੋਂ ਰਹਿਤ, ਭੇਖ ਤੋਂ ਰਹਿਤ ਹੋ ਕੇ, ਪਾਖੰਡ ਤੋਂ ਤੋਂ ਰਹਿਤ ਹੋ ਬਾਤ ਕਰੇ - 'ਬਿਨਾ ਦੰਭ ਗੁਰ ਸ਼ਬਦ ਕਮਾਵਨ॥ ਕਰੈ ਸਦਾ ਹ੍ਵੈ ਤਨ ਮਨ ਪਾਵਨ॥' ਬਿਨਾਂ ਦੰਭ, ਬਗੈਰ ਭੇਖ ਤੋਂ, ਬਗੈਰ ਧੋਖਾ ਦੇਣ ਤੋਂ ਗੁਰ ਸ਼ਬਦ ਦੀ ਕਮਾਈ ਕਰ। ਤਨ ਤੇ ਮਨ ਨੂੰ ਪਵਿੱਤਰ ਕਰਦਾ ਹੈ - ਗੁਰੂ ਦਾ ਸ਼ਬਦ। ਸੋ ਇਹ ਸੱਤਵੀਂ ਚੀਜ਼ ਹੈ। ਅੱਠਵਾਂ ਜੋ ਨੇਮ ਹੈ, ਉਹ ਹੈ ਸਾਂਕਤੀ ਬਿਰਤੀ। ਸਾਂਤਕੀ ਬਿਰਤੀ 'ਚ ਰਹਿਣਾ। ਕ੍ਰੋਧ ਦੀ ਬਿਰਤੀ 'ਚ ਨਾ ਰਹਿਣਾ, ਰਜੋ ਗੁਣੀ ਬਿਰਤੀ ਵਿਚ ਨਾ ਰਹਿਣਾ -

ਅਸਟਮ ਬ੍ਰਿਤਿ ਸਾਂਤਕੀ ਰਾਖੈ॥
ਨਿਵ ਚਲਣਾ ਮਧਰੀ ਮੁਖ ਭਾਖੈ॥
ਨਵਮੋ ਨੇਮ ਪਾਠ ਜੋ ਕਰਨਾ॥
ਤਿਹ ਮੈ ਅਪਰ ਨ ਬਚਨ ਉਚਰਨਾ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਨੌਵਾਂ ਨੇਮ ਹੈ - ਨਿੰਮ੍ਰਤਾ ਵਿਚ ਰਹੇ ਤੇ ਮੁਖ ਤੋਂ ਮਿੱਠਾ ਬੋਲੇ; ਕੌੜੇ ਸ਼ਬਦ ਨਾ ਬੋਲੇ -

ਦਸਵੇਂ ਬ੍ਰਹਮ ਹੋਮ ਜੋ ਕਰਾਵੈ॥
ਭੂਖੇ ਸਿੱਖ ਸੰਤ ਮੁਖ ਪਾਵੈ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਦਸਵਾਂ ਨੇਮ ਹੈ - ਬ੍ਰਹਮ ਹੋਮ। ਬ੍ਰਹਮ ਹੋਮ ਕਿਹੜਾ ਹੁੰਦਾ ਹੈ। ਭੁੱਖੇ ਨੂੰ ਪ੍ਰਸ਼ਾਦਾ ਛਕਾਉਣਾ। ਦੂਸਰਾ ਹੁੰਦਾ ਹੈ -

ਦੂਤੀ ਹੋਮ ਹੈ ਗਯਾਨ ਕਾ ਰਸ ਰਿਖੀਕ ਕੇ ਦਰਬ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਐਹ ਇੰਦ੍ਰੀਆਂ ਨੂੰ ਵਸ ਕਰਨਾ -

ਗਯਾਨ ਅਗਨ ਮਹਿ ਹੋਮ ਹੀ ਤਨ ਹੰਤਾਦਕ ਸਰਬ॥
ਪੰਨਾ - ੧੦੯ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਨ੍ਹਾਂ ਸਾਰਿਆਂ ਨੂੰ, 'ਮੈਂ' - 'ਮੇਰੀ' ਨੂੰ ਦਘਧ ਕਰ ਦੇਣਾ, ਇਹ 'ਹੋਮ' ਹੁੰਦਾ ਹੈ। ਤੇ ਇਹ ਹੋਮ ਜਿਹੜਾ ਹੈ, ਸਾਧੂਆਂ ਤੇ ਗੁਰਸਿਖਾਂ ਦੇ ਮੁੱਖ ਵਿਚ ਅੰਨ ਪਾਉਣਾ, ਇਹ 'ਬ੍ਰਹਮ ਹੋਮ' ਹੋਇਆ ਕਰਦਾ ਹੈ। ਤੇ ਇਹਦਾ ਫਲ ਬਹੁਤ ਹੋਇਆ ਕਰਦਾ ਹੈ, ਅਸ੍ਵਮੇਧ ਜੱਗ ਦਾ ਫਲ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ -

ਧਾਰਨਾ - ਅਸਮੇਧ ਜੱਗ ਦੇ ਬਰਾਬਰ ਫਲ ਹੋਵੇ,
ਲੰਗਰ ਛਕਾਏ ਸਿੱਖ ਨੂੰ - ੨, ੨.

ਪੰਚ ਬਾਰ ਗੰਗ ਜਾਇ, ਬਾਰ ਪੰਚ ਪ੍ਰਾਗ ਨਾਇ,
ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥
ਸਿਖ ਕਉ ਪਿਲਾਏ ਪਾਨੀ, ਭਾਉ ਕਰਿ ਕੁਰਖੇਤ,
ਅਸ੍ਵਮੇਧ ਜਗ ਫਲ ਸਿਖ ਕਉ ਜਿਵਾਏ ਕਾ॥

ਜੈਸੇ ਸਤ ਮੰਦਰ ਕੰਚਨ ਕੇ ਉਸਾਰ ਦੀਨੇ,
ਤੈਸਾ ਪੁੰਨ ਸਿਖ ਕਉ ਇਕ ਸਬਦ ਸਿਖਾਏਕਾ॥
ਜੈਸੇ ਬੀਸ ਬਾਰ ਦਰਸ਼ਨ ਸਾਧ ਕੀਆ ਕਾਹੂ,
ਤੈਸਾ ਫਲ ਸਿਖ ਕਉ ਚਾਪ ਪਗ ਸੁਆਏ ਕਾ॥
ਭਾਈ ਗੁਰਦਾਸ ਜੀ - ਕਬਿੱਤ ੬੭੩

ਬੰਦਗੀ ਕਰਨ ਵਾਲੇ ਮਹਾਂਪੁਰਸ਼ ਨੂੰ ਪ੍ਰਸ਼ਾਦਾ ਛਕਾਉਣ ਦਾ ਫਲ ਅਸ੍ਵਮੇਧ ਜਗ ਦੇ ਬਰਾਬਰ ਹੁੰਦਾ ਹੈ। ਸੋ ਇਹ - 'ਦਸਵੇਂ ਬ੍ਰਹਮ ਹੋਮ ਜੋ ਕਰਾਵੈ॥' ਦਸਵਾਂ ਜੋ ਨੇਮ ਹੈ ਉਹ ਬ੍ਰਹਮ ਹੋਮ ਦਾ ਹੈ - ਲੰਗਰ ਛਕਾਉਣ ਦਾ - 'ਭੂਖੇ ਸਿੱਖ ਸੰਤ ਮੁਖ ਪਾਵੈ।'

ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ, "ਰਾਜਾ ਸ਼ਿਵਨਾਭ! ਇਹ ਅਸੀਂ ਤੈਨੂੰ ਦਸ ਯਮ ਦੱਸੇ ਨੇ, ਦਸ ਨੇਮ ਦੱਸੇ ਨੇ; 20 ਰਹਿਤਾਂ ਨੇ ਜਿਹੜੀਆਂ ਅੰਦਲੀਆਂ, ਧਾਰਨ ਕਰਨੀਆਂ ਪੈਣੀਆਂ ਨੇ। ਜਦ ਧਾਰਦਾ ਹੈ, ਫਿਰ ਨਾਮ ਦੀ ਪਉੜੀ ਆਉਂਦੀ ਹੈ ਜਿਹਦੇ ਉਤੇ ਚੜ੍ਹਨਾ ਹੇ। ਉਹਦਾ ਫਿਰ ਤੀਸਰਾ ਡੰਡਾ ਹੋਇਆ ਕਰਦਾ ਹੈ - ਇਕਾਂਤ ਥਾਂ ਤੇ ਬੈਠਣਾ; ਜਿਥੇ ਰੌਲਾ-ਰੱਪਾ ਨਾ ਹੋਵੇ, ਜਿਥੇ ਆਵਾਜਾਈ ਨਾ ਹੋਵੇ, ਆਰਾਮ ਨਾਲ ਬੈਠ ਸਕਦਾ ਹੋਵੇ ਤੇ ਜਿੱਥੇ ਕੁਝ ਸੁਣਾਈ ਨਾ ਦਿੰਦਾ ਹੋਵੇ। ਇਕ ਆਸਣ ਬਣਾ ਲਉ, ਇਕ ਚੌਕੀ ਬਣਾ ਲਉ ਘਰ ਵਿਚ, ਉਥੇ ਰੋਜ਼ ਬੈਠੋ - ਉਸੇ ਅਸਥਾਨ ਤੇ। ਉਥੇ ਕੀ ਹੁੰਦਾ ਹੈ - ਜਿਥੇ ਅਸੀਂ ਰੋਜ਼ ਬੈਠਾਂਗੇ, ਉਥੇ ਭਜਨ ਦੇ ਜਿਹੜੇ ਜਲਾਲ ਨੇ, ਅੰਦਰੋਂ ਜਿਹੜੀਆਂ ਲਹਿਰਾਂ ਨਿਕਲਦੀਆਂ ਨੇ, ਉਹਦਾ ਵਾਤਾਵਰਨ ਬਣ ਜਾਂਦਾ ਹੈ। ਉਥੇ ਜੋੜਾ ਲੈ ਕੇ ਨਾ ਜਾਉ, ਉਹਨੂੰ ਪਵਿੱਤਰ ਰੱਖੋ, ਜੂਠੇ ਹੱਥੀਂ ਉਥੇ ਨਾ ਜਾਉ, ਇਸ਼ਨਾਨ ਕਰਕੇ ਜਾ ਕੇ ਬੈਠੋ, ਸੁਚ-ਪਵਿੱਤਰਤਾ ਰੱਖੋ। ਜਦੋਂ ਬੈਠੋਗੇ, ਬੈਠਣਸਾਰ ਤੁਹਾਡਾ ਚਿੱਤ ਵਾਹਿਗੁਰੂ ਵੱਲ ਲਗ ਜਾਵੇਗਾ।

ਸੋ ਚੌਥਾ ਜੋ ਹੁੰਦਾ ਹੈ, ਉਹ ਮਹਾਰਾਜ ਫੁਰਮਾਨ ਕਰਦੇ ਨੇ ਕਿ ਉਹਨੂੰ ਪ੍ਰਾਣਾਯਾਮ ਕਹਿੰਦੇ ਨੇ, ਸਾਹ ਆਉਂਦਾ ਹੈ ਉਹਦੇ ਥਾਈਂ। ਇਹ ਮਨ ਜਿਹੜਾ ਹੈ ਇਹ ਸਾਹ ਦੀ ਅਸਵਾਰੀ ਕਰਦਾ ਹੈ। ਜੇ ਮਨ ਨੂੰ ਰੋਕਣਾ ਹੈ, ਸਾਹ ਨੂੰ ਰੋਕ ਲਉ, ਮਨ ਰੁਕ ਜਾਏਗਾ ਕਿਉਂਕਿ ਘੋੜਾ ਫੜ ਲਿਆ ਤਾਂ ਸਵਾਰ ਕਿੱਧਰ ਜਾਵੇਗਾ। ਸੋ ਇਹਦੇ ਬਾਰੇ ਬਹੁਤ ਲੰਬੀ-ਚੌੜੀ ਵਿਆਖਿਆ ਹੈ -

ਸੂਰ ਸਰੁ ਸੋਸਿ ਲੈ ਸੋਮ ਸਰੁ ਪੋਖਿ
ਲੈ ਜੁਗਤਿ ਕਰਿ ਮਰਤੁ ਸੁ ਸਨਬੰਧੁ ਕੀਜੈ ॥
ਮੀਨ ਕੀ ਚਪਲ ਸਿਉ ਜੁਗਤਿ ਮਨੁ ਰਾਖੀਐ
ਉਡੈ ਨਹ ਹੰਸੁ ਨਹ ਕੰਧੁ ਛੀਜੈ ॥ ਅੰਗ - ੯੯੧

'ਸੂਰ ਸਰੁ' ਕਹਿੰਦੇ ਨੇ, 'ਸੂਰਜ ਨਾੜੀ' ਨੂੰ, 'ਸੋਮ ਸਰੁ' ਚੰਦਰਮਾ ਨਾੜੀ। ਇਨ੍ਹਾਂ ਨੂੰ ਸਿਧਾਰ ਲਉ, ਇਨ੍ਹਾਂ ਨੂੰ ਮਰਿਯਾਦਾ ਵਿਚ ਲੈ ਆਉ; ਮਰਯਾਦਾ ਵਿਚ ਲਿਆ ਕੇ ਫਿਰ presence of mind (ਮਨ ਦੀ ਇਕਾਗਰਤਾ) ਅੰਦਰ ਆ ਜਾਏਗੀ, ਨਹੀਂ ਤਾਂ ਆਉਂਦੀ ਨਹੀਂ ਹੈ। ਸੋ ਇਹ ਜ਼ਰੂਰੀ ਹੋਇਆ ਕਰਦਾ ਹੈ - ਭਜਨ ਕਰਨ ਵਾਲੇ ਵਾਸਤੇ। ਭਜਨ ਦੇ ਬੇਅੰਤ ਤਰੀਕੇ ਨੇ - ਰਸਨਾ ਨਾਲ ਜਪਦੇ ਹਾਂ, ਮਾਲਾ ਦੀ ਮਦਦ ਨਾਲ ਜਪਦੇ ਹਾਂ, ਮੂਲਮੰਤਰ ਜਪਦੇ ਹਾਂ, ਬਾਣੀ ਪੜ੍ਹਦੇ ਹਾਂ। ਬਾਣੀ ਤੋਂ ਸ਼ੁਰੂ ਹੋ ਕੇ ਮੂਲਮੰਤਰ, ਫਿਰ ਰਸਨਾ ਨਾਲ ਨਾਮ ਹੁੰਦਾ ਹੈ, ਫਿਰ ਸੁਆਸ ਨਾਲ ਨਾਮ ਹੋਇਆ ਕਰਦਾ ਹੈ। ਸੋ ਉਹਦੇ ਬਾਰੇ ਫੁਰਮਾਨ ਕਰਦੇ ਨੇ ਕਿ ਧਿਆਨ ਅੰਦਰ ਰਖਣਾ ਪੈਂਦਾ ਹੈ - ਇਕ ਥਾਂ ਤੇ। ਚਾਹੇ ਤਾਂ ਨੱਕ ਤੇ ਧਿਆਨ ਰੱਖੋ, ਹਵਾ ਉਥੋਂ ਆਉਂਦੀ ਹੈ, ਚੈਕ ਕਰੋ ਕਿ ਹੁਣ ਸਾਹ ਨਾਲ ਵੀ ਨਾਮ ਜਪਣਾ ਹੈ, ਬਾਹਰ ਨੂੰ ਆਉਂਦੇ ਨਾਲ ਵੀ ਨਾਮ ਜਪਣਾ ਹੈ। ਜਿਹੋ ਜਿਹੀ ਕਿਸੇ ਦੀ ਬਿਰਤੀ ਹੈ - ਕਿਸੇ ਦੀ 'ਸਤਿਨਾਮ ਵਾਹਿਗੁਰੂ' ਦੀ ਹੈ, ਕਿਸੇ ਦੀ 'ਵਾਹਿਗੁਰੂ' ਦੀ ਹੈ, ਕਿਸੇ ਦੀ 'ਵਾਹਿ' ਅਰ 'ਗੁਰੂ' ਦੀ ਹੈ; ਜੈਸਾ ਜੈਸਾ ਕੋਈ ਹੋਇਆ ਕਰਦਾ ਹੈ - ਅਧਿਕਾਰੀ, ਉਹੋ ਜਿਹਾ ਹੀ ਮਹਾਤਮਾ ਦੱਸ ਦਿੰਦੇ ਨੇ ਕਿ ਤੂੰ ਆਹ follow ਕਰ ਸਕਦਾ ਹੈਂ। ਆਮ ਬੰਦਿਆਂ ਨੂੰ ਨਹੀਂ ਪਤਾ ਲਗਦਾ ਕਿ ਮੈਂ ਕੀ ਕਹਿ ਰਿਹਾ ਹਾਂ - ਹਰ ਬੰਦਾ ਨਹੀਂ ਜਾਣ ਸਕਦਾ, ਕਿਉਂਕਿ ਅੰਦਰਲੀ ਖੇਡ ਦਾ ਪਤਾ ਨਹੀਂ ਹੈ, ਇਸ ਕਰਕੇ ਇਸ ਗੱਲ ਦਾ ਪਤਾ ਨਹੀਂ ਲਗਦਾ, ਸੁਆਸ ਕੰਟਰੋਲ ਦਾ ਪਤਾ ਨਹੀਂ ਲਗਦਾ। ਤੇ ਗੁਰੂ ਮਹਾਰਾਜ ਕਹਿੰਦੇ ਨੇ-

ਪੂਰੇ ਗੁਰ ਕਾ ਸੁਨਿ ਉਪਦੇਸੁ ॥
ਪਾਰਬ੍ਰਹਮੁ ਨਿਕਟਿ ਕਰਿ ਪੇਖੁ ॥
ਸਾਸਿ ਸਾਸਿ ਸਿਮਰਹੁ ਗੋਬਿੰਦ ॥
ਮਨ ਅੰਤਰ ਕੀ ਉਤਰੈ ਚਿੰਦ ॥ ਅੰਗ - ੨੯੫

ਇਸ ਤਰ੍ਹਾਂ ਪੜ੍ਹ ਲਓ -

ਧਾਰਨਾ - ਸੁਆਸ ਸੁਆਸ ਦੇ ਗੇੜੇ,
ਜਪ ਲਉ ਵਾਹਿਗੁਰੂ - ੨, ੩

ਜਿਹਦਾ ਨਾਮ ਜਪਣਾ ਹੈ, ਉਹਨੂੰ ਪਹਿਲਾਂ ਨੇੜੇ ਕਰਕੇ ਦੇਖ, ਕਿ ਮੇਰੇ ਆਲੇ-ਦੁਆਲੇ ਸਾਰੇ ਵਾਹਿਗੁਰੂ ਪਰੀਪੂਰਨ ਹੈ; ਇਸ ਨਿਹਚੇ ਵਿਚ ਆਉ ਫੇਰ 'ਸਾਸਿ ਸਾਸਿ ਸਿਮਰਹੁ ਗੋਬਿੰਦ॥ ਮਨ ਅੰਤਰ ਕੀ ਉਤਰੈ ਚਿੰਦ॥' ਸੋ ਉਹਦੇ ਬਾਰੇ ਜਿਸ ਤਰ੍ਹਾਂ ਲਿਖਿਆ ਹੋਇਆ ਹੈ, ਮੈਂ ਬੇਨਤੀ ਕਰ ਦੇਵਾਂ ਕਿ ਨਾਸਕਾ ਦਾ ਧਿਆਨ ਕਰੇ, ਚਾਹੇ ਆਗਿਆ ਚੱਕ੍ਰ ਦਾ, ਚਾਹੇ ਨਾਭੀ ਦਾ ਧਿਆਨ ਕਰੇ; ਇਕ ਥਾਂ ਦੇ ਉਤੇ ਸੁਰਤਿ ਟਿਕਾਉਣੀ ਪਵੇਗੀ -

ਅੰਗ ਚਤੁਥੋ ਪ੍ਰਾਣਾ ਯਾਮ॥
ਪੂਰਕ ਕੁੰਭਕ ਰੇਚਕ ਨਾਮ॥
ਪੰਨਾ - ੧੧● (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਇਹਦੇ ਤਿੰਨ ਭੇਦ ਹੁੰਦੇ ਨੇ - ਇਕ ਰੇਚਕ ਹੁੰਦਾ ਹੈ, ਇਕ ਪੂਰਕ ਹੁੰਦਾ ਹੈ, ਇਕ ਕੁੰਭਕ ਹੁੰਦਾ ਹੈ।

ਬਾਹਰ ਤੇ ਮਨ ਸੁਰਤ ਟਿਕਾਵੈਂ॥
ਦਹਿਨੇ ਸੁਰ ਤੇ ਪ੍ਰਾਨ ਚਢਾਵੈ॥
ਪੰਨਾ - ੧੧● (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਚੰਦਰਮਾ ਨਾੜੀ ਤੋਂ ਪ੍ਰਾਣ ਅੰਦਰ ਖਿਚੇ - ਸੁਆਸ, ਇਹ ਇੜਾ ਹੋ ਜਾਇਆ ਕਰਦਾ ਹੈ -

ਖੈਂਚਤ ਦ੍ਵਾਦਸ ਮਾਤ੍ਰਾ ਜੋਇ॥
ਓਅੰਕਾਰ ਜਪੈ ਤਬ ਸੋਇ॥
ਪੰਨਾ - ੧੧● (ਸ੍ਰੀ ਗੁ. ਪੁ. ਪ੍ਰ. ਗ੍ਰੰਥ)

ਕਹਿੰਦੇ, ਬਾਰਾਂ ਵਾਰੀ 'ਵਾਹਿਗੁਰੂ ਵਾਹਿਗੁਰੂ.......'ਕਰੇ, ਵੱਡਾ ਪ੍ਰਾਣਾਯਾਮ ਹੈ। ਅਸੀਂ ਤਿੰਨ ਵਾਰੀ ਕਰਾਉਂਦੇ ਹਾਂ। ਪੰਜਾਂ ਪਿਆਰਿਆਂ ਨੂੰ ਕਿਹਾ ਹੋਇਐ ਕਿ ਤਿੰਨ ਵਾਰੀ ਦੱਸਿਆ ਕਰੋ; ਜਦ ਤਿੰਨ ਸਿੱਧ ਕਰ ਲਵੇ, ਫੇਰ ਚਾਰ ਵਾਰੀ, ਫੇਰ ਪੰਜ ਵਾਰੀ,

ਫੇਰ ਛੇ ਵਾਰੀ ਤੇ ਫੇਰ ਦੁੱਗਣਾ ਅੰਦਰ ਰੋਕੇ। ਜੇ ਤਿੰਨ ਵਾਰੀ 'ਵਾਹਿਗੁਰੂ ਵਾਹਿਗੁਰੂ ਵਾਹਿਗੁਰੂ' ਕਹਿੰਦਾ ਹੈ - ਸੁਆਸ ਖਿਚਦਿਆਂ, ਤਾਂ ਛੇ ਵਾਰੀ 'ਵਾਹਿਗੁਰੂ' ਸਾਹ ਰੋ ਕੇ ਕਹਿਣਾ ਹੈ। ਤਿੰਨ ਵਾਰੀ ਦੂਸਰੀ ਨਾੜ ਜਿਹੜੀ ਹੈ - ਸੱਜੀ, ਤਿੰਨ ਵਾਰੀ ਕਹਿਣਾ ਹੈ, ਫੇਰ ਛੇ ਵਾਰੀ 'ਵਾਹਿਗੁਰੂ ਵਾਹਿਗੁਰੂ' ਸਾਹ ਨੂੰ ਟਿਕਾ ਕੇ ਕਹਿਣਾ ਹੈ। ਫੇਰ ਤਿੰਨ ਵਾਰ ਹੇਠਾਂ ਨੂੰ ਸਾਹ ਜਾਂਦੇ ਹੋਏ ਕਹਿਣਾ ਹੈ। ਜਦੋਂ ਸੁਆਸ ਟਿਕ ਜਾਏਗਾ, ਕੰਟਰੋਲ ਵਿਚ ਆ ਜਾਏਗਾ ਫੇਰ ਇਉਂ ਲੱਗੇਗਾ ਕਿ ਸੁਆਸ ਮੇਰਾ ਲੰਬਾ ਹੈ ਤੇ ਨਾਮ ਛੇਤੀ ਛੇਤੀ ਕਹਿ ਹੋ ਜਾਂਦਾ ਹੈ। ਫੇਰ ਚਾਰ ਵਾਰ ਕਰ ਲਉ। ਫੇਰ ਏਦੂੰ ਵੱਧ ਜਾਵੇ - ਪੰਜ ਵਾਰੀ ਕਰ ਲਉ, ਫੇਰ ਵਧ ਜਾਵੇ - ਛੇ ਵਾਰੀ ਕਰ ਲਓ, ਫੇਰ ਸੱਤ ਵਾਰੀ। ਜਿੰਨਾਂ ਜਿੰਨਾਂ ਕਿਸੇ ਦਾ ਸ਼ੌਕ ਹੈ - ਓਨਾਂ ਕਰ ਸਕਦਾ ਹੈ। ਬਹੁਤਾ ਇਸ ਕਰਕੇ ਨਹੀਂ ਦੱਸਿਆ ਜਾਂਦਾ ਕਿ ਇਕ ਅੰਗ ਨੂੰ ਤਾਂ ਫੜ ਲੈਂਦੇ ਨੇ, ਬ੍ਰਹਮਚਰੀਅ ਨੂੰ ਫੜਦੇ ਨਹੀਂ। ਬ੍ਰਹਮਚਰੀਅ ਨੂੰ ਨਾ ਫੜਨ ਕਰਕੇ ਪਾਗਲ ਹੋ ਜਾਂਦਾ ਹੈ। ਸਰੀਰ 'ਚੋਂ ਤਾਕਤ ਤਾਂ ਸਾਰੀ ਜ਼ਾਇਆ ਕਰ ਦਿਤੀ, ਨਾਮ ਕਾਹਦੇ ਨਾਲ ਜਪ ਲਏਗਾ। ਨਾਮ, ਤਾਂ ਜਪ ਹੋਣੇ ਜੇ ਸਰੀਰ ਤੰਦਰੁਸਤ ਹੈ। ਸਰੀਰ ਵਿਚ ਨੁਕਸ ਪਾ ਦਿਉ - ਆਪੇ ਹੀ, ਫੇਰ ਨਹੀਂ ਜਪ ਹੋਇਆ ਕਰਦਾ। ਇਸ ਕਰਕੇ ਇਹ ਦੱਸੀਦਾ ਹੈ ਕਿ ਰਸਨਾ ਨਾਲ ਕਰੀ ਜਾ - 'ਵਾਹਿਗੁਰੂ-ਵਾਹਿਗੁਰੂ' -

ਰਸਨਾ ਜਪੀਐ ਏਕੁ ਨਾਮ॥
ਈਹੈ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥
ਕਟੀਐ ਤੇਰਾ ਅਹੰ ਰੋਗੁ॥
ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥ ***ਅੰਗ - ੨੧੧***

ਸੋ ਰਸਨਾ ਨਾਲ 'ਵਾਹਿਗੁਰੂ ਵਾਹਿਗੁਰੂ' ਕਰੀ ਜਾ, ਤੈਨੂੰ ਇਹੀ ਠੀਕ ਹੈ। ਜੇ ਤੇਰੇ ਸਰੀਰ ਵਿਚ ਤੰਦਰੁਸਤੀ ਹੈ, ਜੇ ਗਰਮੀ ਦੌਰਾ ਕਰੇ ਸਰੀਰ ਦੇ ਅੰਦਰ, ਖੁਸ਼ਕੀ ਕਰੇ ਸਰੀਰ ਦੇ ਅੰਦਰ, ਤਾਂ ਫੇਰ ਤੂੰ ਸੁਆਸ ਦੇ ਨਾਮ ਤੇ ਆ ਜਾ। ਇਹ, ਸੰਤ ਦੇਖ ਕੇ ਦੱਸ ਦਿਆ ਕਰਦੇ ਨੇ। ਸਾਰਿਆਂ ਤੇ ਇਹ ਲਾਗੂ ਨਹੀਂ ਹੋਇਆ ਕਰਦਾ। ਤੰਦਰੁਸਤੀ ਸਰੀਰ ਦੀ ਪੂਰੀ ਹੋਵੇ, ਫੇਰ ਏਧਰ ਆਉ; ਨਹੀਂ ਫਿਰ ਇਹਦੇ ਵਿਚ ਗਰਮੀ ਖੁਸ਼ਕੀ ਵਧ ਕੇ ਆਦਮੀ ਝੱਲਾ ਜਿਹਾ ਹੋਣਾ ਸ਼ੁਰੂ ਹੋ ਜਾਂਦਾ ਹੈ। ਸੋ ਇਹ ਮਹਾਰਾਜ ਨੇ ਉਸ ਸਮੇਂ ਦੱਸਿਆ ਸੀ ਕਿਉਂਕਿ ਉਸ ਵੇਲੇ ਸਾਰੇ ਹੀ ਬ੍ਰਹਮਚਾਰੀ ਹੋਇਆ ਕਰਦੇ ਸੀ ਤੇ ਬਿਮਾਰੀਆਂ ਜਿਹੜੀਆਂ ਫੈਲੀਆਂ ਨੇ, ਇਹ ਨਹੀਂ ਸੀ ਆਈਆਂ, ਲਿਟਰੇਚਰ ਮਾੜਾ ਨਹੀਂ ਸੀ ਆਇਆ, ਕਿਸੇ ਦਾ ਮਨ ਨਹੀਂ ਸੀ ਡੋਲਦਾ, ਸਾਰੇ ਟਿਕ ਕੇ ਰਿਹਾ ਕਰਦੇ ਸੀ। ਹੁਣ ਇਹ ਕਲਿਜੁਗ ਨੇ ਆਦਮੀ ਸਾਰੇ ਹਿਲਾਏ ਪਏ ਨੇ। ਸੋ ਇਸ ਕਰਕੇ ਹੁਣ ਤਰੀਕਾ ਹੋਰ ਹੈ। ਉਸ ਵੇਲੇ ਜਿਹੜਾ ਉਨ੍ਹਾਂ ਨੇ ਦੱਸਿਆ, ਉਹ ਮੈਂ ਬੇਨਤੀ ਕਰਦਾ ਹਾਂ, 'ਬਾਹਰ ਤੇ ਮਨ ਸੁਰਤ ਟਿਕਾਵੈ॥ ਦਹਿਨੇ ਸੁਰ ਤੇ ਪ੍ਰਾਨ ਚਢਾਵੈ॥ ਖੈਂਚਤ ਦ੍ਵਾਦਸ ਮਾਤ੍ਰਾ ਜੋਇ॥ ਓਅੰਕਾਰ ਜਪੈ ਤਬ ਸੋਇ॥' ਓਨਾਂ ਚਿਰ 'ਵਾਹਿਗੁਰੂ-ਵਾਹਿਗੁਰੂ' ਕਰੀ ਜਾ। ਇਹੋ ਉਪਦੇਸ਼ ਗੁਰੂ ਮਹਾਰਾਜ ਦਸਵੇਂ ਪਾਤਸ਼ਾਹ ਨੇ ਮਾਤਾ ਜੀਤੇ ਜੀ ਨੂੰ ਦਿਤਾ ਸੀ -

ਜਿਤੇ ਪ੍ਰਾਣ ਅੰਤਰ ਠਹਿਰਾਵੈ॥
ਕੁੰਭਕ ਤੇਤੋ ਨਾਮ ਕਹਾਵੈ॥

ਪੰਨਾ - ੧੧੦ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਜਿੰਨਾਂ ਚਿਰ ਪ੍ਰਾਣ ਰੋਕਣਾ ਹੈ, ਉਹਨੂੰ..........ਕੁੰਭਕ ਕਹਿੰਦੇ ਨੇ। '24 ਮਾਤਰਾ ਓਅੰਕਾਰਾ' 24 ਬਾਰ 'ਵਾਹਿਗੁਰੂ ਵਾਹਿਗੁਰੂ' ਕਹਿਣਾ ਹੈ। ਇਹ ਸਭ ਤੋਂ ਵੱਧ ਹੈ ਲੇਕਿਨ ਜਿਹੜੇ ਜੋਗੀ ਨੇ, ਉਹ 84 ਵਾਰੀ ਕਿਹਾ ਕਰਦੇ ਨੇ -

ਜਪ ਕਰੈ ਤਹਿੰ ਸਮਹਿ ਉਚਾਰਾ॥
ਬਾਵੇਂ ਸੁਰ ਸਿਉਂ ਕਰੇ ਉਤਾਰਾ॥

ਪੰਨਾ - ੧੧੦ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਫੇਰ ਖੱਬੇ ਪਾਸੇ ਦੀ ਸੁਆਸ ਉਤਾਰ ਲੈਣਾ। ਪਹਿਲਾਂ ਖੱਬੇ ਤੋਂ ਚਲਾਇਆ, ਸੱਜੇ ਤੋਂ ਉਤਾਰੋ ਫੇਰ ਸੱਜੇ ਤੋਂ ਖਿੱਚੋ, ਖੱਬੇ ਤੋਂ ਉਤਾਰੋ। ਫੇਰ ਖੱਬੇ ਤੋਂ ਖਿਚਿਆ, ਸੱਜੇ ਤੋਂ ਉਤਾਰਿਆ। ਇਸ ਤਰ੍ਹਾਂ ਅਦਲੀ ਬਦਲੀ ਕਰੀ ਜਾਣੀ ਹੈ। ਇਹਦੀ ਜੁਗਤਿ ਹੋਇਆ ਕਰਦੀ ਹੈ। ਸੁਖਾਲੀ ਜੁਗਤਿ ਭੀ ਹੋਇਆ ਕਰਦੀ ਹੈ। ਜਿਹੋ ਜਿਹਾ ਕਿਸੇ ਦਾ ਸੁਭਾਉ ਹੈ, ਪ੍ਰਕਿਰਤੀ ਹੈ, ਵੈਸਾ ਹੀ ਇਹਦਾ lesson (ਸਬਕ) ਲੈਣਾ ਪੈਂਦਾ ਹੈ। ਪੰਜਾਂ ਪਿਆਰਿਆਂ ਦੇ ਰਾਹੀ, ਅਸੀਂ ਕਿਹਾ ਹੋਇਆ ਹੈ, ਤੁਸੀਂ lesson (ਸਬਕ) ਦੇ ਦਿਆ ਕਰੋ ਇਕ ਵਾਰੀ; ਜੇ ਤਾਂ ਸ਼ੌਕ ਹੋਏਗਾ, ਚੱਲ ਪੈਣਗੇ। ਨਹੀਂ ਹੋਏਗਾ ਤਾਂ ਉਨ੍ਹਾਂ ਦੀ ਮਰਜ਼ੀ ਹੈ। ਅੰਮ੍ਰਿਤ ਇਸੇ ਕਰਕੇ ਛਕਾਉਂਦੇ ਹਾਂ ਕਿ ਭਾਈ ਨਾਮ ਮਿਲਿਐ ਤੁਹਾਨੂੰ, ਨਾਮ ਦੀ ਕਮਾਈ ਕਰੋ। ਸੋ ਕਮਾਈ ਕਰਨੀ ਚਾਹੀਦੀ ਹੈ, ਦ੍ਰਿੜ੍ਹਤਾ ਹੋਣੀ ਚਾਹੀਦੀ ਹੈ - 'ਬਾਵੇਂ ਸੁਰ ਸਿਉਂ ਕਰੇ ਉਤਾਰਾ॥ ਦ੍ਵਾਦਸ ਮਾਤ੍ਰਾ ਜਪ ਓਅੰਕਾਰਾ॥' ਬਾਰਾਂ ਵਾਰੀ 'ਓਅੰਕਾਰ' ਜਾਂ 'ਵਾਹਿਗੁਰੂ' ਦਾ ਨਾਮ ਜਪ ਕੇ ਸੁਆਸ ਛੱਡ ਦੇਵੇ।

ਰੇਚਕ ਯਾਂਕੋ ਨਾਮ ਕਹੀਜੈ॥
ਸਨੇ ਸਨੇ ਜੋ ਛੋਡਨ ਕੀਜੈ॥

ਪੰਨਾ - ੧੧੦ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਫੇਰ ਹੌਲੀ-ਹੌਲੀ ਛੱਡੇ, ਇਉਂ ਜ਼ੋਰ ਨਾਲ ਨਹੀਂ।

ਤੈਸੇ ਹੀ ਬਾਂਏਂ ਤੇ ਦਾਂਏਂ॥
ਦਾਂਏਂ ਤੇ ਬਾਂਏਂ ਸੁ ਚਢਾਏ॥

ਪੰਨਾ - ੧੧੦ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਇਸ ਤਰ੍ਹਾਂ ਕਰਦਾ ਰਹੇ, ਨਾਮ ਜਪਦਾ ਰਹੇ। ਇਹਦੇ ਨਾਲ ਸੁਰਤ ਟਿਕ ਜਾਵੇਗੀ, ਮਨ ਦੌੜਨ ਤੋਂ ਹਟ ਜਾਵੇਗਾ। ਨਾਲ ਕੀ ਹੋਵੇਗਾ - ਅੰਦਰ ਰਸ ਪੈਦਾ ਹੋ ਜਾਵੇਗਾ, ਰਸਨਾ ਨੂੰ ਰਸ ਆਵੇਗਾ, ਝਰਨ੍ਹਾਟਾਂ ਆਉਣੀਆਂ ਸ਼ੁਰੂ ਹੋ ਜਾਣਗੀਆਂ। ਫੇਰ ਜੀਅ ਕਰੇਗਾ ਕਿ ਮੈਨੂੰ ਹੁਣ ਕੋਈ ਬੁਲਾਵੇ ਨਾ, ਨ ਉਠਾਵੇ ਕੋਈ। ਮਨ, ਕਿਉਂਕਿ ਟਿਕ ਜਾਂਦਾ ਹੈ, ਰਸ ਵਿਚ ਪੈ ਜਾਂਦਾ ਹੈ। ਜਿੰਨਾਂ ਚਿਰ ਇਹ ਨਹੀਂ ਪੈਦਾ ਹੁੰਦਾ, ਓਨਾ ਚਿਰ ਜ਼ੋਰ ਨਾਲ ਹੀ ਨਾਮ ਜਪਦਾ ਹੈ, ਅੰਦਰ ਸੁਰਤਿ ਨਹੀਂ ਟਿਕੀ। ਸੋ ਇਹ ਕਰਦੇ ਕਰਦੇ ਜਿੰਨੀ ਮਿਹਨਤ ਕਰ ਲਏਗਾ ਫੇਰ ਨਾਮ ਜਿਹੜਾ ਹੈ, ਸੁਆਸ ਤੋਂ ਉਪਰ ਆਪੇ ਹੀ ਲੰਘ ਜਾਂਦਾ ਹੈ, ਸੁਆਸ ਦਾ ਧਿਆਨ ਨਹੀਂ ਰਹਿੰਦਾ,

ਸੁਆਸ ਆਪੇ ਹੀ ਆਉਂਦਾ ਹੈ – ਆਪਣੇ ਹਿਸਾਬ ਨਾਲ। ਆਉਂਦਾ ਕਿ ਨਹੀਂ ਆਉਂਦਾ, ਇਹਦਾ ਕੋਈ ਪਤਾ ਨਹੀਂ ਹੁੰਦਾ। ਆਉਂਦਾ ਤਾਂ ਹੋਣਾ ਹੈ ਕਿਉਂਕਿ ਸਰੀਰ ਚਲਦਾ ਹੈ ਲੇਕਿਨ ਆਪੇ ਹੀ ਆਉਂਦਾ ਹੈ – ਆਪਣੇ ਹਿਸਾਬ ਦਾ। ਉਸ ਵੇਲੇ ਨਾਮ ਦੀ ਧੁਨ ਸੁਣਨੀ ਸ਼ੁਰੂ ਹੋ ਜਾਂਦੀ ਹੈ। ਨਾਮ ਦੀਆਂ ਅਵਸਥਾਵਾਂ ਨੇ –

ਪਹਿਲਾਂ ਤਾਂ ਉਚੀ-ਉਚੀ 'ਵਾਹਿਗੁਰੂ-ਵਾਹਿਗੁਰੂ' ਕਰੇ। ਇਹਨੂੰ 'ਊਚਾ ਨਾਮ' ਕਹਿੰਦੇ ਨੇ। ਦੂਸਰਾ 'ਅਪਾਸੂ ਨਾਮ' ਹੁੰਦਾ ਹੈ। ਅਪਾਸੂ ਨਾਮ ਹੋਇਆ ਕਰਦਾ ਹੈ – ਬੁੱਲ ਹਿੱਲੀ ਜਾਣੇ ਪਰ ਆਵਾਜ਼ ਨਾ ਆਉਣੀ, ਆਪਣੇ ਆਪ ਨੂੰ ਹੀ ਪਤਾ ਲਗਦਾ ਹੈ। ਜੀਭ ਹਿੱਲਦੀ ਹੈ, ਬੁੱਲ ਹਿਲਦੇ ਨੇ। ਇਹਦਾ ਫਲ ਉਚੀ ਬੋਲਣ ਨਾਲੋਂ ਹਜ਼ਾਰ ਗੁਣਾਂ ਵਧ ਹੋਇਆ ਕਰਦਾ ਹੈ। ਇਸ ਤੋਂ ਬਾਅਦ 'ਮਾਨਸਿਕ ਨਾਮ' ਹੋਇਆ ਕਰਦਾ ਹੈ। ਮਾਨਸਿਕ ਨਾਮ ਦੇ ਅੰਦਰ ਮੰਨਣ ਹੋਇਆ ਕਰਦਾ ਹੈ – ਵਾਹਿਗੁਰੂ ਦਾ ਤੇ ਦੂਸਰਾ ਧਿਆਨ ਹੋਇਆ ਕਰਦਾ ਹੈ, ਵਾਹਿਗੁਰੂ ਦਾ – ਦੋ ਚੀਜ਼ਾਂ ਹੋਇਆ ਕਰਦੀਆਂ ਨੇ। ਜਿਹਨੂੰ 'ਅਜਪਾ ਜਾਪੁ' ਕਹਿੰਦੇ ਨੇ, ਜੀਭ ਤੋਂ ਬਗੈਰ ਜਿਹੜਾ ਨਾਮ ਕਹਿੰਦੇ ਨੇ, ਉਸਦੇ ਬਾਰੇ ਇਸ ਤਰ੍ਹਾਂ ਫੁਰਮਾਨ ਆਉਂਦਾ ਹੈ –

ਧਾਰਨਾ – ਜਪ ਲੈ ਪਿਆਰਿਆ,
ਬਿਨਾਂ ਜੀਭ ਦੇ ਵਾਹਿਗੁਰੂ –੨

ਬਿਨੁ ਜਿਹਵਾ ਜੋ ਜਪੈ ਹਿਆਇ॥
ਕੋਈ ਜਾਣੈ ਕੈਸਾ ਨਾਉ॥ ਅੰਗ – ੧੨੫੬

ਫਲ ਕਿੰਨਾ ਹੋਇਆ ਕਰਦਾ ਹੈ – ਹਜ਼ਾਰ ਗੁਣਾਂ ਵਧ ਜਾਇਆ ਕਰਦਾ ਹੈ – ਰਸਨਾ ਦੇ ਨਾਮ ਨਾਲੋਂ। ਪਹਿਲਾਂ ਬੋਲਣਾ – ਬੈਖਰੀ ਨਾਮ ਹੋਇਆ ਕਰਦਾ ਹੈ, ਦੂਸਰਾ ਅਪਾਸੂ ਨਾਮ ਹੋਇਆ ਕਰਦਾ ਹੈ – ਰਸਨਾ ਦੇ ਨਾਲ ਜਪਣਾ, ਤੀਸਰਾ ਮਾਨਸਿਕ ਨਾਮ ਹੋਇਆ ਕਰਦਾ ਹੈ – ਬਗੈਰ ਜੀਭ ਤੋਂ, ਜੀਭ ਹਿਲਦੀ ਨਹੀਂ ਹੈ –

ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ
ਭਵ ਸਾਗਰ ਉਤਰਹਿ ਪਾਰਿ ॥ ਅੰਗ – ੧੦੦੬

ਸੋ ਇਹ ਜੋ ਨਾਮ ਹੈ, ਪ੍ਰੈਕਟਿਸ ਕਰਨ ਦੇ ਨਾਲ ਇਹ ਆ ਜਾਇਆ ਕਰਦਾ ਹੈ। ਬਾਕੀ ਆਮ ਜੋ ਹੈ............ਕਈ ਪ੍ਰੇਮੀਆਂ ਨੂੰ ਹੁੰਦਾ ਹੈ ਕਿ ਗੱਲ ਤਾਂ ਤੁਸੀਂ ਸਾਨੂੰ ਸੁਣਾ ਦਿਤੀ; ਪਤਾ ਵੀ ਲਗ ਜਾਵੇ। ਸੋ ਸਾਧਸੰਗਤ ਜੀ, ਕਈ ਵਾਰੀ ਇਥੇ ਬੇਨਤੀ ਕਰੀ ਹੈ, ਸ਼ੌਕ ਵਾਲੇ ਬੰਦੇ ਜਿਹੜੇ ਨੇ, ਉਹ ਗੱਲ ਫੜ ਲੈਂਦੇ ਨੇ। ਜਿਨ੍ਹਾਂ ਨੂੰ ਸ਼ੌਕ ਹੀ ਨਹੀਂ, ਗਾਹਕ ਹੀ ਨਹੀਂ, ਉਹ ਗੱਲ ਫੜਿਆ ਨਹੀਂ ਕਰਦੇ –

ਰਾਮ ਪਦਾਰਥੁ ਪਾਇ ਕੈ ਕਬੀਰਾ ਗਾਂਠਿ ਨ ਖੋਲ੍ ॥
ਨਹੀ ਪਟਣੁ ਨਹੀ ਪਾਰਖੂ ਨਹੀ ਗਾਹਕੁ ਨਹੀ ਮੋਲੁ ॥
ਅੰਗ – ੧੩੬੫

ਚਾਰੇ ਗੱਲਾਂ ਨਹੀਂ ਹਨ – ਨਾ ਕੋਈ ਮੁੱਲ ਦੇਣ ਵਾਲਾ ਹੈ, ਨਾ ਕੋਈ ਗਾਹਕ ਹੈ, ਨਾ ਕੋਈ ਦੁਕਾਨ ਹੈ, ਨਾ ਸੌਦਾ ਹੈ।

ਕਬੀਰਾ ਏਕੁ ਅਚੰਭਉ ਦੇਖਿਓ ਹੀਰਾ ਹਾਟ ਬਿਕਾਇ ॥
ਬਨਜਨਹਾਰੇ ਬਾਹਰਾ ਕਉਡੀ ਬਦਲੈ ਜਾਇ ॥
ਅੰਗ – ੧੩੭੨

ਸੰਤਾਂ ਦੀ ਸੇਵਾ ਕਰੀ ਜਾਉ – ਦਸ ਬਾਰਾਂ ਸਾਲ, ਤਾਂ ਜਾ ਕੇ ਬਿਨਾਂ ਜੀਭਾ ਤੋਂ ਨਾਮ ਜਪਣ ਦੀ ਜੁਗਤੀ ਦੱਸਦੇ ਨੇ। ਫੇਰ ਉਹ ਚਲਦਾ ਵੀ ਹੈ, ਐਵੇਂ ਨਹੀਂ ਹੋਇਆ ਕਰਦਾ। ਫੇਰ ਅੰਦਰ ਨਾਮ ਦੀ ਧੁਨ ਪੈਦਾ ਹੋ ਜਾਂਦੀ ਹੈ। ਸੋ ਮਹਾਰਾਜ ਕਹਿੰਦੇ, ਇਸ ਤਰ੍ਹਾਂ ਕਰਦੇ ਕਰਦੇ –

ਖੁਲੈ ਰਾਹਿ ਤ੍ਰਿਕੁਟੀ ਇਸ ਢਾਰਾ॥
ਪੰਨਾ – ੧੧੦ (ਸ੍ਰੀ ਗੁ. ਪ੍ਰ. ਪ੍ਰ. ਗ੍ਰੰਥ)

ਸੁਰਤ ਚੜ੍ਹ ਜਾਂਦੀ ਹੈ – ਆਗਿਆ ਚਕ੍ਰ ਵਿਚ। ਇਥੇ ਸਹੰਸਰ ਦਲ ਕਮਲ ਆ ਜਾਂਦਾ ਹੈ, ਇਥੇ ਚਿਤ ਇਕਾਗਰ ਹੋ ਜਾਂਦਾ ਹੈ। ਜਿਉਂ-ਜਿਉਂ ਚਿਤ ਇਕਾਗਰ ਹੋਏਗਾ ਤਿਉਂ ਤਿਉਂ ਅੰਦਰਲੀਆਂ ਸ਼ਕਤੀਆਂ ਭਰਮਾਉਣ ਲਗ ਜਾਂਦੀਆਂ ਨੇ। ਤਿੰਨ ਮਾਇਆ ਨੇ ਜਿਹੜੀਆਂ ਆਦਮੀ ਨੂੰ ਪੈਂਦੀਆਂ ਨੇ – ਜਗਿਆਸੂ ਨੂੰ। ਪਹਿਲੀ ਤਾਂ ਬਾਹਰਲੀ ਮਾਇਆ ਹੈ, ਇਸ ਤੋਂ ਬਚ ਜਾਂਦਾ ਹੈ – ਆਦਮੀ। ਦੂਸਰੀ ਅੰਦਰਲੀ ਮਾਇਆ ਹੈ ਜਿਸਨੂੰ 'ਮਾਨਸੀ ਮਾਇਆ' ਕਹਿੰਦੇ ਨੇ। ਬਾਹਰਲੀ ਚੇਤਨ ਮਾਇਆ ਹੈ ਤੇ ਇਹ ਜੜ੍ਹ ਮਾਇਆ ਹੈ, ਅੰਦਰਲੀ ਮਾਨਸੀ ਮਾਇਆ ਹੈ। ਤੀਸਰੀ ਜਿਹੜੀ ਹੈ ਉਹ ਬਹੁਤ ਜ਼ਬਰਦਸਤ ਮਾਇਆ ਹੈ; ਉਹ ਹੈ 'ਸ਼ਕਤੀਆਂ ਦੀ ਮਾਇਆ, ਉਥੋਂ ਕੋਈ ਕੋਈ ਵਿਰਲਾ ਪੁਰਸ਼ ਹੈ ਜਿਹੜਾ ਲੰਘਦਾ ਹੈ, ਸਾਰੇ ਨਹੀਂ ਲੰਘ ਸਕਦੇ ਕਿਉਂਕਿ ਉਹ ਐਨੀ ਦਿਲਕਸ਼ ਹੈ, ਦਿਲ ਨੂੰ ਮੋਹਨ ਵਾਲੀ ਹੈ। ਆਵਾਜ਼ਾਂ ਆਉਂਦੀਆਂ ਨੇ ਕਿ ਤੂੰ ਮੈਨੂੰ ਅੰਗੀਕਾਰ ਕਰ, ਮੈਂ ਤੈਨੂੰ 12000 ਮੀਲ ਤਕ ਸਭ ਕੁਛ ਦਿਖਾ ਦੇਵਾਂਗੀ। ਮਹਾਰਾਜ ਜੀ ਨੇ ਇਕ ਵਾਰੀ ਮੈਨੂੰ ਦੱਸਿਆ ਸੀ। ਮੈਂ ਮਹਾਰਾਜ ਜੀ ਨੂੰ ਬੇਨਤੀ ਕਰੀ, "ਤੁਹਾਡਾ ਜੀਵਨ ਕੋਈ ਲਿਖ ਰਿਹਾ ਹੈ, ਮੈਨੂੰ ਚਿੱਠੀ ਆਈ ਹੈ ਕਿ ਜੇ ਤੁਸੀਂ ਜਾਣਦੇ ਹੋ, ਦੱਸ ਦਿਓ।" ਮਹਾਰਾਜ ਜੀ ਕਹਿੰਦੇ, "ਸੰਤਾਂ ਦੇ ਜੀਵਨ ਦਾ ਕਿਸੇ ਨੂੰ ਕੀ ਪਤਾ ਹੁੰਦਾ ਹੈ ਕਿਉਂਕਿ ਇਹ ਗੁਪਤ ਹੁੰਦਾ ਹੈ ਸਾਰਾ।" ਮੈਂ ਥੋੜ੍ਹਾ ਖਹਿੜਾ ਕਰਿਆ, "ਕ੍ਰਿਪਾ ਕਰੋ ਮਹਾਰਾਜ! ਇਹ ਸ਼ੰਕਾ ਤਾਂ ਨਵਿਰਤ ਕਰੋ ਕਿਉਂਕਿ ਭੇਤ ਦੀ ਗੱਲ ਤੁਸੀਂ ਕਰੀ ਹੈ।" ਕਹਿੰਦੇ, ਜਦੋਂ ਚਿਤ ਇਕਾਗਰ ਹੁੰਦਾ ਹੈ – ਸਹੰਸਰ ਦਲ ਕਮਲ ਵਿਚ, ਉਥੇ ਸਕਤੀਆਂ ਦਾ ਮੰਡਲ ਹੈ, ਉਥੇ ਸ਼ਕਤੀਆਂ ਆਉਂਦੀਆਂ ਨੇ; ਮਾੜਾ ਮੋਟਾ ਤਾਂ ਤਿਲ੍ਹਕ ਜਾਂਦਾ ਹੈ, ਉਹ ਤਾਂ ਫੇਰ ਗਿਆ ਆਇਆ –

ਰਿਧਿ ਸਿਧਿ ਸਭੁ ਮੋਹੁ ਹੈ ਨਾਮੁ ਨ ਵਸੈ ਮਨਿ ਆਇ॥
ਅੰਗ – ੫੯੩


ਉਹ ਤਾਂ ਨਾਮ ਤੋਂ ਗਿਆ ਕਿਉਂਕਿ ਨਾਮ ਤਕ ਪਹੁੰਚਿਆ ਨਹੀਂ ਹੈ, ਹਉਮੈ ਵਿਚ ਪੈ ਗਿਆ –

ਹਉਮੈ ਨਾਵੈ ਨਾਲਿ ਵਿਰੋਧੁ ਹੈ
ਦੁਇ ਨ ਵਸਹਿ ਇਕ ਠਾਇ॥ ਅੰਗ – ੫੬੦

ਚਲਦਾ.............

ਪ੍ਰਭ ਕਉ ਸਿਮਰਹਿ ਸੇ ਪਰਉਪਕਾਰੀ

ਪੰਜਾਂ ਪਿਆਰਿਆਂ ਦੇ ਮੁੱਖੀ ਭਾਈ ਸਾਹਿਬ ਭਾਈ ਦਇਆ ਸਿੰਘ ਜੀ ਮਹਾਰਾਜ ਤੋਂ ਸ਼ੁਰੂ ਹੋਈ ਸੰਪ੍ਰਦਾਇ ਵਿੱਚ ਕਰਣੀ ਕਮਾਈ ਵਾਲੇ ਮਹਾਂਪੁਰਖ ਚਲੇ ਆ ਰਹੇ ਹਨ। ਇਸ ਸੰਪ੍ਰਦਾ ਦਾ ਮੁੱਢ ਤੋਂ ਹੀ ਇਹ ਅਸੂਲ ਰਿਹਾ ਹੈ। ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਜੋ ਸਾਨੂੰ ਰਸਤਾ ਵਿਖਾਇਆ ਖੰਡੇ ਬਾਟੇ ਦਾ ਅੰਮ੍ਰਿਤ ਛਕ ਕੇ ਪੰਜ ਕਕਾਰਾਂ ਦੇ ਧਾਰਨੀ ਹੋ ਕੇ ਤਿਆਰ-ਬਰ-ਤਿਆਰ ਨਿਤਨੇਮ ਵਿੱਚ ਪੂਰੇ ਅਤੇ ਬਜਰ ਕਰਿਹਤਾਂ ਤੋਂ ਬਚਦੇ ਹੋਏ ਨਾਮ ਦਾ ਅਭਿਆਸ ਕਰਦੇ ਹੋਏ, ਪਰਿਵਾਰਕ ਜਿੰਮੇਵਾਰੀਆਂ ਨਿਭਾਉਂਦੇ ਕੰਮ-ਕਾਰ ਕਰਦੇ, ਆਪਣੀ ਸੁਰਤਿ ਨੂੰ ਸ਼ਬਦ ਨਾਲ ਜੋੜਨਾ ਹੈ। ਗਊ ਗਰੀਬ ਦੀ ਰਾਖੀ ਕਰਨੀ ਹੈ। ਸਮੇਂ ਦਾ ਦਾਨ ਦੇਣਾ ਹੈ ਗੁਰੂਘਰ ਵਿੱਚ ਜਾਂ ਕਿਤੇ ਕੋਈ ਲੋਕਾਈ ਦੇ ਭਲੇ ਵਾਲੀ ਜਗ੍ਹਾ ਤੇ ਸੇਵਾ ਕਰਕੇ ਅਪਣੇ ਸਮੇਂ ਨੂੰ ਸਫਲਾ ਕਰਨਾ ਹੈ। ਜਿਥੇ ਲੋਕ ਭਲਾਈ ਦੇ ਕਾਰਜ ਚਲਦੇ ਹੋਣ ਗੁਰੂ ਕੇ ਲੰਗਰ ਚਲਦੇ ਹੋਣ ਉਸ ਅਸਥਾਨ ਵਾਸਤੇ ਆਪਣੀ ਸੁਭ ਕਮਾਈ ਵਿੱਚੋਂ ਦਸਵੰਧ ਕੱਢਣਾ ਹੈ। ਇਸੇ ਤਰਾਂ ਕਰਦੇ-ਕਰਦੇ ਆਪਣੇ ਆਪ ਨੂੰ ਸੰਸਾਰ ਵਿੱਚ ਵਿਚਰਦੇ ਹੋਏ ਨਿਰਲੇਪ ਰੱਖ ਕੇ ਨਾਮ ਦੀ ਘਾਲਣਾ ਕਮਾਈ ਕਰਦੇ ਹੋਏ ਆਪਣਾ ਜੋ ਅਸਲੀ ਮਨੋਰਥ ਹੈ ਉਸ ਤੇ ਪਹੁੰਚਣਾ ਹੈ--



ਭਈ ਪਰਾਪਤਿ ਮਾਨੁਖ ਕਾਜ ਤੇਰੈ ਕਿਤੈ ਨ ਕਾਮ ॥ ਮਿਲੁ ਤਰਨ ਕੈ ॥ ਜਨਮੁ ਬ੍ਰਿਥਾ ਧਰਮੁ ਨ ਕਮਾਇਆ ॥ ਸੇਵਾ ਕਰੰਮਾ ॥ ਸਰਣਿ ਪਰੇ ਕੀ

ਦੇਹੁਰੀਆ ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥ ਅਵਰਿ ਸਾਧਸੰਗਤਿ ਭਜੁ ਕੇਵਲ ਨਾਮ ॥ ੧ ॥ ਸਰੰਜਾਮਿ ਲਾਗੁ ਭਵਜਲ ਜਾਤ ਰੰਗਿ ਮਾਇਆ ਕੈ ॥ ੧ ॥ ਰਹਾਉ ॥ ਜਪੁ ਤਪੁ ਸੰਜਮੁ ਸਾਧ ਨ ਜਾਨਿਆ ਹਰਿ ਰਾਇਆ ॥ ਕਹੁ ਨਾਨਕ ਹਮ ਨੀਚ ਰਾਖਹੁ ਸਰਮਾ ॥ ੨ ॥ ੪

ਇਹ ਜੋ ਸਾਡਾ ਅਸਲੀ ਸਾਰਾ ਰਸਤਾ ਮਹਾਰਾਜ ਜੀ ਨੇ

ਮਨੋਰਥ ਹੈ। ਜਿਸ ਵਾਸਤੇ ਅਸੀਂ ਸੰਸਾਰ ਵਿੱਚ ਆਏ ਹਾਂ ਉਹ ਸਾਨੂੰ ਦੱਸ ਦਿਤਾ ਹੈ।

ਇਸ ਸੰਪ੍ਰਦਾ ਵਿੱਚ ਇੱਕ ਜੀਵਨ ਨੂੰ ਜਦੋਂ ਬਹੁਤ ਸਿ ਮ ਰ ਨ

ਤੋਂ ਇਕ ਚੜ੍ਹਦੀ ਕਲਾ ਵਾਲੇ ਮਹਾਂਪੁਰਖ ਹੋਏ ਹਨ। ਉਹਨਾਂ ਦੇ ਗਹਿਰਾਈ ਵਿੱਚ ਜਾ ਕੇ ਦੇਖਦੇ ਹਾਂ ਤਾਂ ਉਸ ਵਿੱਚ ਸੇਵਾ ਅਤੇ ਦੀਆਂ ਜੁਗਤੀਆਂ ਉਕਤੀਆਂ ਸਹਿਜੇ ਹੀ ਮਿਲਦੀਆਂ ਹਨ।

ਮਹਾਂਪੁਰਖ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਦੇ ਜੀਵਨ ਤੇ ਅਸੀਂ ਪੰਛੀ ਝਾਤ ਮਾਰਦੇ ਹਾਂ ਤਾਂ ਆਪ ਜੀ ਨੇ ਬਚਪਨ ਤੋਂ ਨਾਮ ਸੇਵਾ ਸਿਮਰਨ ਅਤੇ ਗੁਰਮਿਤ ਦੇ ਅਨਕੂਲ ਆਪਣਾ ਜੀਵਨ ਬਸਰ ਕੀਤਾ ਹੈ। ਆਪ ਜੀ ਦਾ ਬਚਪਨ ਪਿੰਡ ਧਮੋਟ ਤਹਿ ਪਾਇਲ ਅਤੇ ਜਿਲ੍ਹਾ ਲੁਧਿਆਣਾ ਵਿਖੇ ਗੁਜਰਿਆ। ਫਿਰ ਆਪ ਜੀ ਮੈਟ੍ਰਿਕ ਦੀ ਪੜਾਈ ਕਰਨ ਤੋਂ ਬਾਅਦ ਨੌਕਰੀ ਦੀ ਤਲਾਸ਼ ਵਿੱਚ ਪਏ ਆਪ ਜੀ 1942 ਈਸਵੀ ਨੂੰ ਆਰਮੀ ਵਿੱਚ ਭਰਤੀ ਹੋਏ ਸਨ। ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਸੰਤ ਈਸ਼ਰ ਸਿੰਘ ਜੀ ਮਹਾਰਾਜ ਨਾਲ ਮਿਲਾਪ ਹੋਇਆ। ਪਹਿਲੀ ਮਿਲਣੀ ਵਿੱਚ ਆਪ ਜੀ ਨੇ ਆਪਣਾ ਤਨ-ਮਨ-ਧਨ ਉਨ੍ਹਾਂ ਦੇ ਚਰਨਾਂ ਵਿੱਚ ਰੱਖ ਦਿਤਾ ਸੀ। ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਸੰਤ ਮਹਾਰਾਜ ਜੀ ਸੰਤ ਈਸ਼ਰ













ਸਿੰਘ ਜੀ ਰਾੜਾ ਸਾਹਿਬ ਵਾਲਿਆਂ ਨੇ ਬਚਨ ਕੀਤਾ ਤੁਹਾਡੇ ਕੁਝ ਪਿਛਲੇ ਕਰਮ ਬਕਾਇਆ ਪਏ ਹਨ ਸਾਡੇ ਸਰੀਰ ਦੇ ਹੁੰਦੇ-ਹੁੰਦੇ ਆਪ ਜੀ ਇਹਨਾਂ ਨੂੰ ਭੋਗ ਲਵੋ। ਆਪ ਜੀ ਗ੍ਰਹਿਸਤ ਜੀਵਨ ਵਿੱਚ ਪ੍ਰਵੇਸ਼ ਕਰ ਗਏ। ਸੰਤ ਮਾਤਾ ਰਣਜੀਤ ਕੌਰ ਜੀ ਨਾਲ ਆਪ ਜੀ ਦਾ ਵਿਆਹ ਹੋਇਆ। ਫੌਜ ਦੀ ਨੌਕਰੀ ਕਰਨ ਤੋਂ ਬਾਅਦ ਆਪ ਜੀ ਨੇ ਸੁਪਰਡੈਂਟ ਦੇ ਤੌਰ ਤੇ ਸਿਵਲ ਸੈਕਟਰੀਏਟ ਚੰਡੀਗੜ੍ਹ ਵਿਖੇ ਨੌਕਰੀ ਕੀਤੀ। ਨਾਲ ਨਾਲ ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਦਿਵਾਨ ਚੰਡੀਗੜ੍ਹ ਆਪਣੇ ਖਰਚੇ ਤੇ ਲਗਵਾਉਂਦੇ ਰਹੇ। ਲੱਖਾਂ ਸੰਗਤਾਂ ਨੇ ਸੰਤ ਮਹਾਰਾਜ ਈਸ਼ਰ ਸਿੰਘ ਜੀ ਤੋਂ ਨਾਮ ਦੀਆਂ ਜੁਗਤੀਆਂ ਪ੍ਰਾਪਤ ਕਰਕੇ ਆਪਣੇ ਜੀਵਨ ਮਨੋਰਥ ਤੇ ਪਹੁੰਚਣਾ ਕੀਤਾ ਹੈ। ਸੰਤ ਮਹਾਰਾਜ ਈਸ਼ਰ ਸਿੰਘ ਜੀ ਨੇ ਇਕ ਬਚਨ ਕੀਤਾ ਕਿ ਤੁਸੀਂ ਹੁਣ ਯੂ.ਪੀ. ਚਲੇ ਜਾਓ। ਆਪ ਜੀ ਨੇ ਉਨ੍ਹਾਂ ਦੇ ਬਚਨ ਤੇ ਫੁੱਲ ਚੜਾਉਂਦੇ ਹੋਏ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿਤਾ ਕੋਈ ਟੀ.ਏ. ਜਾਂ ਡੀ.ਏ. ਨਹੀਂ ਲਿਆ ਯੂ.ਪੀ. ਵਿਖੇ ਜਿਲ੍ਹਾ ਰਾਮਪੁਰ ਦੇ ਵਿੱਚ ਪੈਂਦੇ ਅਨਵਰੀਆ ਫਾਰਮ ਵਿੱਚ ਜੰਗਲ ਪੁੱਟ ਕੇ ਖੇਤੀ ਕਰਨੀ ਅਰੰਭ ਕਰ ਦਿਤੀ। ਜਦੋਂ ਖੇਤੀ ਤੇ ਵਿਹਲ ਮਿਲਦਾ ਆਪ ਜੀ ਨੇ 'ਤਰਾਈ ਸਿਖ ਮਿਸ਼ਨ' ਤਹਿਤ ਫਿਰ ਸਿੱਖੀ ਦਾ ਪ੍ਰਚਾਰ ਅਰੰਭ ਦਿਤਾ। ਰਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਚਰਨ ਯੂ.ਪੀ. ਵਿੱਚ ਪੁਆਏ ਅਤੇ ਸਿੱਖੀ ਦਾ ਵੱਧ ਚੜ੍ਹ ਕੇ ਪ੍ਰਚਾਰ ਕੀਤਾ ਲੋਕਾਂ ਨੂੰ ਬੁਰੀਆਂ ਅਦਾਤਾਂ ਵਿੱਚੋਂ ਕੱਢ ਕੇ ਚੰਗੇ ਰਾਸਤੇ ਗੁਰਮਤਿ ਦੇ ਰਸਤੇ ਪਾਇਆ। ਸੰਤ ਮਹਾਰਾਜ ਸੰਤ ਈਸ਼ਰ ਜੀ ਰਾੜਾ ਸਾਹਿਬ ਵਾਲੇ ਆਪ ਜੀ ਦੇ ਕਈ ਕਈ ਦਿਨ ਆਪ ਜੀ ਘਰ ਠਹਿਰਦੇ ਅਤੇ ਸੰਗਤਾਂ ਦੇ ਦੁੱਖ ਦਰਦ ਵਿੱਚ ਸਹਾਈ ਹੁੰਦੇ। ਸਾਰੇ ਪ੍ਰੋਗਰਾਮਾਂ ਦਾ ਖਰਚਾ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲੇ ਹੀ ਕਰਦੇ। ਇੱਕ ਦਿਨ ਅਚਾਨਕ ਸੰਤ ਮਹਾਰਾਜ ਈਸ਼ਰ ਸਿੰਘ ਜੀ ਪ੍ਰਸੰਨ ਹੋਏ ਅਤੇ ਆਪ ਜੀ ਨੇ ਕਿੰਨੇ ਹੀ ਵਰ ਸੰਤ ਮਹਾਰਾਜ ਰਤਵਾੜਾ ਸਾਹਿਬ ਵਾਲਿਆਂ ਨੂੰ ਦਿਤੇ।

ਸੰਤ ਮਹਾਰਾਜ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ ਅਗਸਤ 1975 ਵਿੱਚ ਵੂਲਵਰ ਹੈਂਪਟਨ ਇੰਗਲੈਂਡ ਵਿੱਚ ਆਪਣੇ ਪੰਜ ਭੂਤਕ ਸਰੀਰਕ ਚੋਲੇ ਦਾ ਪਰਿਤਿਆਗ ਕਰ ਗਏ। ਅਸਿਹ ਵਿਛੋੜੇ ਨੂੰ ਨਾ ਸਹਿੰਦੇ ਹੋਏ ਸੰਤ ਮਹਾਰਾਜ ਰਤਵਾੜਾ ਸਹਿਬ ਵਾਲਿਆਂ ਦੇ ਅੱਖਾਂ ਵਿਚ ਅਥਰੂ ਇੱਕ ਸਾਲ ਆਪ ਮੁਹਾਰੇ ਵਗਦੇ ਰਹੇ ਅਤੇ ਆਪ ਜੀ ਯੂ.ਪੀ. ਨੂੰ ਛੱਡ ਕੇ ਚੰਡੀਗੜ੍ਹ ਵਿਖੇ ਆ ਗਏ।

ਆਪ ਜੀ ਨੇ ਦਿਨ-ਰਾਤ ਰੋਪੜ ਜਿਲੇ ਵਿੱਚ ਪ੍ਰਚਾਰ ਕਰਕੇ ਸੁਤੀ ਪਈ ਲੋਕਾਈ ਨੂੰ ਜਗਾਇਆ ਅਤੇ ਗੁਰਮਤਿ ਦੇ ਧਾਰਨੀ ਬਣਾ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਗੁਰੂ ਦੇ ਲੜ ਲਾਇਆ।

ਅੱਜ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ (ਨੇੜੇ ਚੰਡੀਗੜ੍ਹ) ਇਸ ਗੱਲ ਦੀ ਗਵਾਹੀ ਭਰ ਰਿਹਾ ਹੈ। ਆਪ ਜੀ ਦੀ ਮਿਹਨਤ ਰੰਗ ਲਿਆਈ ਹੈ। ਆਪ ਜੀ ਵੱਲੋਂ ਕੀਤਾ ਹੋਇਆ ਪ੍ਰਚਾਰ ਗੁਰਬਾਣੀ ਦਾ ਪ੍ਰਸਾਰ ਅੱਜ ਘਰ-ਘਰ ਪਹੁੰਚ ਰਿਹਾ ਹੈ। ਲੱਖਾਂ ਭੁਲੇ ਭਟਕੇ ਲੋਕਾਂ ਨੂੰ ਆਤਮ -ਮਾਰਗ ਮੈਗਜੀਨ ਰਾਹੀਂ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਚੇ-ਸੁਚੇ ਸਿਧਾਂਤ ਬਾਰੇ ਜਾਣੂੰ ਕਰਵਾਇਆ ਜਾ ਰਿਹਾ ਹੈ। ਆਤਮ-ਮਾਰਗ ਮੈਗਜੀਨ ਅੱਜ 17ਵੇਂ ਸਾਲ ਵਿੱਚ ਪ੍ਰਵੇਸ਼ ਕਰ ਚੁੱਕਿਆ ਹੈ। ਇਸ ਮੈਗਜੀਨ ਦੇ ਅੰਦਰ ਅੱਜ ਤੱਕ ਕੋਈ ਰਾਗ ਦਵੈਸ ਦੀ ਗੱਲ ਨਹੀਂ ਛਪੀ ਭਾਂਵੇ ਮਹਾਂਪੁਰਖਾਂ ਦੇ ਸਰੀਰਕ ਚੋਲੇ ਨੂੰ ਤਿਆਗਣ ਪਰ ਮਹਾਂਪੁਰਖਾਂ ਦੀ ਕਮਾਈ ਹੀ ਐਨੀ ਜਾਦਾਂ ਸੀ ਕਿ ਅਕਾਊਂਟ ਸੀਲ ਹੋਣ ਦੇ ਬਾਵਜੂਦ ਆਤਮ ਮਾਰਗ ਨਿਰੰਤਰ ਚਲਦਾ ਆ ਰਿਹਾ ਹੈ। ਅੱਜ ਤੱਕ ਕੋਈ ਰਾਗ ਦਵੈਸ਼ ਦੀ ਗੱਲ ਨਹੀਂ ਛਪੀ ਇਸ ਮੈਗਜੀਨ ਦਾ ਜੋ ਮੇਨ ਟਾਇਟਲ ਤੇ ਲਿਖੀ ਤੁਕ ਅਨੁਸਾਰ ਸਿਧਾਂਤ ਹੈ -

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥ ਅੰਗ - ੮੪੬

ਇਨ੍ਹਾਂ ਤੁਕਾਂ ਦੀ ਪ੍ਰਕਾਸ਼ ਅਮਦਰ ਸਿਧਾਂਤ ਅੰਦਰ ਰਹਿ ਕੇ ਹੀ ਆਤਮ ਮਾਰਗ ਮੈਗਜੀਨ ਦੇ

ਅੰਦਰ ਲਿਟਰੇਚਰ ਛਪ ਰਿਹਾ ਹੈ। ਮਹਾਂਪੁਰਖ ਜਦੋਂ ਰੋਪੜ ਇਲਾਕੇ ਅੰਦਰ ਵਿਚਰਦੇ ਆਪ ਜੀ 3-3 4-4 ਘੰਟੇ ਦੇ ਦਿਵਾਨ ਸਜਾਇਆ ਕਰਦੇ ਸੀ। ਮਹਾਂਪੁਰਖਾਂ ਦੀ ਰਿਕਾਰਡਿੰਗ ਨੂੰ ਸਮੇਂ ਦੇ ਮੀਡੀਏ ਅਨੁਸਾਰ ਰਿਕਾਰਡ ਕਰ ਲਿਆ ਗਿਆ ਸੀ। ਅੱਜ ਆਪ ਜੀ ਕੋਲ ਆਤਮ ਮਾਰਗ ਮੈਗਜੀਨ ਅੰਦਰ ਹਰ ਵਾਰੀ ਨਵੀਂਆਂ ਲਿਖਤਾ ਮਹਾਂਪੁਰਖਾਂ ਵੱਲੋਂ ਰਿਕਾਰਡ ਕਰਵਾਈਆਂ ਹੋਈਆਂ ਆ ਰਹੀਆਂ ਹਨ। ਅਸੀਂ ਆਮ ਦਿਵਾਨਾਂ ਵਿੱਚ ਵੀ ਬੇਨਤੀ ਕਰਦੇ ਰਹਿੰਦੇ ਹਾਂ ਕਿ 'ਆਤਮ ਮਾਰਗ' ਮੈਗਜੀਨ ਨੂੰ ਆਪਣੇ ਘਰ ਸੰਭਾਲ ਕੇ ਰੱਖੋ ਅਤੇ ਰੱਦੀ ਵਿੱਚ ਨਾ ਵੇਚੋ ਤਾਂ ਜੋ ਆਪ ਜੀ ਦੀਆਂ ਆਉਣ ਵਾਲੀਆਂ ਪੁਸਤਾਂ ਇਸ ਅਨਮੋਲ ਖਜਾਨੇ ਪੜ੍ਹ ਕੇ ਗੁਰਮਿਤ ਦੀ ਰੂਹਾਨੀਅਤ ਦੀ ਸੋਝੀ ਲੈ ਸਕਣ। 6 ਮਹੀਨੇ ਦੇ ਮੈਗਜੀਨ ਇਕੱਠੇ ਕਰਕੇ ਇਕ ਕਿਤਾਬ ਦੇ ਰੂਪ ਵਿੱਚ ਨਾਲ ਲੱਗਦੀ ਪ੍ਰੈਸ ਤੋਂ ਬਾਇੰਡ ਕਰਵਾ ਕੇ ਪੁਸਤਕ ਬਣਾ ਕੇ ਰੱਖੀ ਜਾ ਸਕਦੀ ਹੈ। ਜੇ ਕਿਸੇ ਪ੍ਰੇਮੀ ਕੋਲ ਮੈਗਜੀਨ ਘਰ ਵਿੱਚ ਨਹੀਂ ਸਾਂਭ ਹੁੰਦੇ ਤਾਂ ਉਹ ਰਤਵਾੜਾ ਸਾਹਿਬ ਵੀ ਭੇਜ ਸਕਦੇ ਹਨ। ਜੇ ਆਪ ਕੋਲ ਪੁਰਾਣੇ ਕਿਸੇ ਵੀ ਸਾਲ ਦੇ ਅੰਕ ਨਹੀਂ ਹਨ ਪੜ੍ਹਨਾ ਚਾਹੁੰਦੇ ਹੋ ਰਤਵਾੜਾ ਸਾਹਿਬ ਨੰਬਰਾਂ ਤੇ ਸੰਪਰਕ ਕਰਕੇ ਘਰ ਮੰਗਵਾ ਸਕਦੇ ਹੋ। ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਨੇ ਸਾਡੇ ਭਲੇ ਵਾਸਤੇ ਐਨਾ ਲਿਟਰੇਚਰ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਮੁਤਬਿਕ ਲਿਖਿਆ ਹੈ ਇਸ ਤੋਂ ਅਸੀਂ ਪੂਰਾ-ਪੂਰਾ ਲਾਹਾ ਉਠਾਉਣਾ ਹੈ। ਜੇ ਆਪ ਆਤਮ ਮਾਰਗ ਮੈਗਜੀਨ ਪੜ੍ਹਦੇ ਹੋ ਤਾਂ ਸਾਡਾ ਨੈਤਿਕ ਫਰਜ ਬਣ ਜਾਂਦਾ ਹੈ ਕਿ ਅਸੀਂ ਆਪਣੇ ਸਾਕ ਸਬੰਧੀ ਰਿਸ਼ਤੇਦਾਰਾਂ ਨੂੰ ਵੀ ਇਸ ਅਣਮੋਲ ਪੂੰਜੀ ਤੋਂ ਜਾਣੂੰ ਕਰਵਾਈਏ। ਇਹ ਰਤਵਾੜਾ ਸਾਹਿਬ ਵਾਲੇ ਮਹਾਂਪੁਰਖਾਂ ਦੇ ਬਚਨ ਹਨ ਕਿ 'ਜਿਸ ਘਰ ਵਿੱਚ 'ਆਤਮ ਮਾਰਗ' ਮੈਗਜੀਨ ਜਾਵੇਗਾ ਉਸ ਘਰ ਅੰਦਰ ਸੁਖ-ਸ਼ਾਂਤੀ ਦਾ ਸਹਿਜੇ ਹੀ ਵਰਤਾਰਾ ਹੋ ਜਾਵੇਗਾ ਬਿਘਨਾਂ ਦੇ ਨਾਸ ਹੋ ਕੇ ਧਰਮ ਦਾ ਪ੍ਰਕਾਸ਼ ਫੈਲ ਜਾਵੇਗਾ। ਜਿਹੜਾ ਇਸ ਦੇ ਨਵੇਂ ਮੈਂਬਰ ਬਣਾਉਣ ਦੀ ਸੇਵਾ ਕਰੇਗਾ ਉਸ ਦੀ ਕੋਈ ਵੀ ਸ਼ੁਭ ਮਨੋਕਾਮਨਾ ਪੂਰੀ ਹੋ ਜਾਵੇਗੀ।'' ਆਪ ਜੀ ਦੇ ਇਸ ਮਹਾਨ ਪਰਉਪਕਾਰ ਨੂੰ ਸਦੀਆਂ ਤੱਕ ਯਾਦ ਕੀਤਾ ਜਾਵੇਗਾ। ਆਪ ਜੀ ਨੇ ਗੁਰ-ਸ਼ਬਦ ਲੰਗਰ ਦੇ ਰੂਪ ਵਿੱਚ ਆਤਮ ਮਾਰਗ ਚਲਾਇਆ ਜਿਹੜਾ ਕਿ ਅੱਜ ਧਾਰਮਿਕ ਖੇਤਰ ਅੰਦਰ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ।

ਆਪ ਜੀ ਦੇ ਪਰਉਪਕਾਰਾਂ ਦੀ ਗਿਣਤੀ ਇੱਕ ਅਲਪਗ ਜੀਵ ਨਹੀਂ ਕਰ ਸਕਦਾ ਆਪ ਜੀ ਰਤਵਾੜਾ ਸਾਹਿਬ ਦੀ ਧਰਤੀ ਤੇ ਆਪਣੀ ਜਿੰਦਗੀ ਦਾ ਆਖਰੀ ਸਮਾਂ ਲਗਾਇਆ ਹੈ ਇਸ ਨੂੰ ਤਪੋ ਭੂਮੀ ਬਣਾ ਦਿਤਾ ਬਹੁਤ ਵੱਡੇ-ਵੱਡੇ ਪਰਉਪਕਾਰ ਇਸ ਧਰਤੀ ਤੋਂ ਜਨ ਸਮੂੰਹ ਦੀ ਭਲਾਈ ਵਾਸਤੇ ਹੋ ਚੁਕੇ ਹਨ ਅਤੇ ਆਉਣ ਵਾਲੇ ਸਮੇਂ ਅੰਦਰ ਹੋਣੇ ਹਨ। 11 ਵੱਡੇ ਅੰਤਰਾਸ਼ਟਰੀ ਪ੍ਰਸਿੱਧਤਾ ਵਾਲੇ ਮਹਾਨ ਗੁਰਮਤਿ ਰੂਹਾਨੀ ਸਮਾਗਮ ਆਪ ਆਪਣੀ ਦੇਖ-ਰੇਖ ਹੇਠ ਮਹਾਂਪੁਰਖਾਂ ਨੇ ਕਰਵਾਏ ਹਰ ਇੱਕ ਮਜ਼ਬ ਦੇ ਮਹਾਂਪੁਰਖ ਰਤਵਾੜਾ ਸਾਹਿਬ ਦੀ ਸਟੇਜ ਤੇ ਆਪਣੇ ਪ੍ਰਵਚਨ ਰੱਖ ਕੇ ਸੰਗਤਾਂ ਨੂੰ ਨਿਹਾਲ ਕੀਤਾ ਹੈ। ਆਪ ਜੀ ਦੀ ਦੇਖ ਰੇਖ ਹੇਠ ਗੁਰੂ ਗੋਬਿੰਦ ਸਿੰਘ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਸਕੂਲ ਖੋਲ੍ਹਿਆ ਗਿਆ ਜਿਹੜਾ ਕਿ ਅੱਜ ਤਰੱਕੀ ਕਰਦਾ ਉਚੀ ਮੰਜਲਾਂ ਸੋਹ ਰਿਹਾ ਹੈ। ਪਛੜੇ ਹੋਏ ਰੋਪੜ ਇਲਾਕੇ ਦੇ ਬੱਚੇ ਉਚੀ ਵਿਦਿਆ ਲੈ











ਯੂ.ਪੀ. ਵਿਖੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਸਮੇਂ ਦੇ ਵੱਖ ਵੱਖ ਦ੍ਰਿਸ਼।



ਪਰਮ ਸਤਿਕਾਰਯੋਗ ਸੰਤ ਮਾਤਾ ਰਣਜੀਤ ਕੌਰ ਜੀ ਮਹਾਰਾਜ, ਰਤਵਾੜਾ ਸਾਹਿਬ

ਰਹੇ ਹਨ। ਔਖੇ ਤੋਂ ਔਖੇ ਸਾਇੰਸ, ਮੈਥ, ਫਜਿਸਕਸ, ਕਮਿਸਟਰੀ ਵਰਗੇ ਵਿਸ਼ਿਆਂ ਵਿੱਚ 95% ਤੋਂ 100% ਮਾਰਕਸ ਲੈ ਕੇ ਅਵਲ ਦਰਜੇ ਤੇ ਆ ਰਹੇ ਹਨ। ਚੰਗੀਆਂ ਤਨਖਾਹਾਂ ਦੇ ਕੇ ਚੰਡੀਗੜ੍ਹ ਤੋਂ ਉਚ ਵਿਦਿਆ ਹਾਸਲ ਅਧਿਆਪਕ ਇਸ ਸਕੂਲ ਵਿੱਚ ਪੜ੍ਹਾਈ ਕਰਵਾ ਕੇ ਆਪਣੇ ਆਪ ਨੂੰ ਧੰਨਤਾ ਦੇ ਯੋਗ ਬਣਾਉਂਦੇ ਹਨ। ਸ਼ਾਂਤ ਅਸਥਾਨ ਅਨਕੂਲ ਵਾਤਾਵਰਣ ਵਿਚ ਇਹ ਸਕੂਲ ਆਪਣੀ ਮਿਸਾਲ ਆਪ ਹੈ। ਵੱਡੇ ਸਮਾਗਮਾਂ ਸਮੇਂ ਸਕੂਲਾਂ ਦੇ ਬੱਚੇ ਆਪ ਚੌਗਿਰਦੇ ਦੀ ਸਫਾਈ ਗੁਰੂ ਕੇ ਲੰਗਰਾਂ ਵਿਚ ਅਨੇਕਾਂ ਤਰ੍ਹਾਂ ਦੀ ਸੇਵਾ ਨਿਭਾਉਂਦੇ ਹਨ। ਜਿਸ ਦਾ ਅਸਰ ਸਹਿਜੇ ਹੀ ਬੱਚਿਆਂ ਦੇ ਮਨ੍ਹਾਂ ਤੇ ਪੈਂਦਾ ਰਹਿੰਦਾ ਹੈ। ਇਸ ਦੇ ਨਾਲ ਪੰਜਾਬ ਬੋਰਡ ਵੱਲੋਂ ਮਾਨਤਾ ਪ੍ਰਾਪਤ ਸੰਤ ਵਰਿਆਮ ਸਿੰਘ ਮੈਮੋਰੀਅਲ ਪਬਲਿਕ ਸਕੂਲ ਵੀ ਖੋਲਿਆ ਗਿਆ ਹੈ।

ਹਰ ਐਤਵਾਰ, ਪੂਰਨਮਾਸੀ ਅਤੇ ਸੰਗਰਾਂਦ ਦੇ ਦਿਵਾਨ ਰਤਵਾੜਾ ਸਾਹਿਬ ਦੀ ਧਰਤੀ ਤੇ ਮਹਾਂਪੁਰਖਾਂ ਦੇ ਸਮੇਂ ਤੋਂ ਸਜਦੇ ਆ ਰਹੇ ਹਨ। ਪਿਛਲੇ ਡੇਢ ਸਾਲ ਤੋਂ ਚੜ੍ਹਦੀ ਪੂਰਨਮਾਸ਼ੀ ਰਾਤ ਸਮੇਂ 1.00 ਵਜੇ ਤੱਕ ਮਨਾਈ ਜਾਂਦੀ ਹੈ। ਜਿਸ ਵਿੱਚ ਰਾਤ ਦੇ 1.00 ਵਜੇ ਔਸ਼ਧੀਆਂ ਭਰਪੂਰ ਖੀਰ ਅਯੁਰਵੈਦਿਕ ਖੀਰ ਵਰਤਾਈ ਜਾਂਦੀ ਹੈ। ਜਿਸ ਨਾਲ ਅਨੇਕਾਂ ਭਿਆਨਕ ਰੋਗਾਂ ਦੇ ਮਰੀਜ ਰਾਜੀ ਹੋ ਚੁੱਕੇ ਹਨ ਅਤੇ ਹੋ ਰਹੇ ਹਨ।



ਬਿਰਧ ਆਸ਼ਰਮ ਵਿਚ ਬੇਸਹਾਰਾ ਬਜੁਰਗਾਂ ਨੂੰ ਰੱਖਿਆ ਗਿਆ ਹੈ। ਜਿਸ ਵਿੱਚ ਅਧੁਨਿਕ ਤਰੀਕੇ ਨਾਲ ਉਨ੍ਹਾਂ ਨੂੰ ਸਾਰੀਆਂ ਸਹੂਲਤਾਂ ਪ੍ਰਦਾਨ ਕੀਤੀਆਂ ਗਈਆਂ ਹਨ। ਲੰਗਰ ਪਾਣੀ ਤੋਂ ਲੈ ਕੇ ਮੈਡੀਕਲ ਸਹੂਲਤਾਂ ਬਿਰਧ ਆਸ਼ਰਮ ਵਿੱਚ ਉਪਲੱਬਧ ਹਨ।

ਮਹਾਂਪੁਰਖਾਂ ਵੱਲੋਂ 1200 ਵੀਡੀਓ ਕੈਸਟਾਂ ਗੁਰਮਤਿ ਦੇ ਵੱਖ ਵੱਖ ਵਿਸ਼ਿਆਂ ਤੇ ਅਧਾਰਿਤ ਆਪਣੇ ਜੀਵਨ ਕਾਲ ਸਮੇਂ ਰਿਕਾਰਡ ਕਰਵਾਈਆਂ ਗਈਆਂ ਜਿਹੜੀਆਂ ਕੇ ਦੇਸ਼ਾਂ ਵਿਦੇਸ਼ਾਂ ਅੰਦਰ ਗੁਰਮਤਿ ਦੇ ਸਿਧਾਂਤਾਂ ਦਾ ਲਗਾਤਾਰ ਪ੍ਰਚਾਰ ਕਰ ਰਹੀਆਂ ਹਨ। ਅਡੀਓ ਕੈਸਟਾਂ, ਡੀ.ਵੀ.ਡੀ, ਐਮ.ਪੀ.ਥ੍ਰੀ ਰਤਵਾੜਾ ਸਾਹਿਬ ਉਪਲੱਬਧ ਹਨ।



ਅਨੇਕਾਂ ਪੁਸਤਕਾਂ ਮਹਾਂਪੁਰਖਾਂ ਨੇ ਡਿਕਟੇਟ ਕਰਵਾਈਆਂ ਜੋ ਕਿ ਗੁਰਮਤਿ ਗੂੜ੍ਹ ਵਿਸ਼ਿਆਂ ਨੂੰ ਛੋਹਦੀਆਂ ਹਨ।

ਆਪ ਜੀ ਦੇ ਸਮੇਂ ਅੰਦਰ ਜਿੱਥੇ ਵੀ ਕੋਈ ਕੁਦਰਤੀ ਆਫਤ ਆਈ ਆਪ ਜੀ ਨੇ ਵੱਧ ਚੜ੍ਹ ਕੇ ਯੋਗਦਾਨ ਪਾਇਆ ਹੈ। ਉਨ੍ਹਾਂ ਵੱਲੋਂ ਚਲਾਈ ਗਈ ਪ੍ਰੰਪਰਾ ਅਨੁਸਾਰ ਅੱਜ ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਦੀ ਕੋਸ਼ਿਸ਼ ਜਾਰੀ ਹੈ।

ਹੁਣੇ ਹੀ ਯੂ.ਪੀ. ਦੇ ਅਫਜਲਗੜ੍ਹ ਇਲਾਕੇ ਅੰਦਰ

ਰ ਦਿਤਾ ਅਤੇ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ।

ਯੂ.ਪੀ. ਵਿਖੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਸਮੇਂ ਦੇ ਵੱਖ ਵੱਖ ਦ੍ਰਿਸ਼।

10-10 12-12 ਫੁੱਟ ਪਾਣੀ ਨੇ ਬਹੁਤ ਵੱਡਾ ਨੁਕਸਾਨ ਕੀਤਾ ਹੈ। ਲਗਾਤਾਰ ਬਾਰਸ਼ ਨੇ ਭਾਰਤ ਦੇ ਸਾਰੇ ਡੈਮਾਂ ਵਿੱਚ ਬਹੁਤ ਪਾਣੀ ਜਮ੍ਹਾਂ ਕਰ ਦਿਤਾ ਅਤੇ ਖਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ। ਕਾਲਾਗੜ੍ਹ ਡੈਮ ਵਿੱਚ ਪਾਣੀ ਵੱਧ ਜਾਣ ਕਾਰਨ ਅਚਾਨਕ ਫਲਡ ਗੇਟ ਖੋਲ੍ਹਣੇ ਪਏ। ਜਿਸ ਕਾਰਨ ਮੈਦਾਨੀ ਇਲਾਕੇ ਅੰਦਰ ਪੈਂਦੇ ਲੋਕਾਂ ਦੀ ਫਸਲ, ਪਸ਼ੂ ਮਕਾਨ ਆਦਿ ਬਹੁਤ ਬੁਰੀ ਤਰ੍ਹਾਂ ਤਬਾਹ ਹੋ ਗਏ। 3-4 ਦਿਨ ਲਗਾਤਰ 10-10 12-12 ਫੁੱਟ ਪਾਣੀ ਖੇਤਾਂ ਘਰਾਂ ਵਿਚੋਂ ਦੀ ਹੁੰਦਾ ਹੋਇਆ ਪੂਰੀ ਸਪੀਡ ਨਾਲ ਸਾਰਾ ਕੁਝ ਹੜ੍ਹਾ ਕੇ ਲੈ ਗਿਆ ਫਸਲਾਂ ਨੂੰ ਪੂਰੀ ਤਰ੍ਹਾਂ ਬਰਬਾਦ ਕਰ ਗਿਆ ਪਸ਼ੂਆਂ ਨੂੰ ਹੜ੍ਹਾ ਕੇ ਲੈ ਗਿਆ ਲੋਕਾਂ ਨੇ ਆਪਣੀ ਜਾਨ ਪੱਕੇ ਘਰਾਂ ਉਪੱਰ ਟੈਂਟ ਪਾ ਕੇ ਮਸਾਂ ਹੀ ਬਚਾਈ। ਛੋਟੇ-ਛੋਟੇ ਬੱਚੇ ਕੂਕਾਂ ਮਾਰਦੇ ਸਨ। ਦੋ ਤਿੰਨ ਦਿਨ ਸਰਕਾਰ ਨੇ ਹੜ੍ਹਾਂ ਵਿੱਚ ਫਸੇ ਲੋਕਾਂ ਦੀ ਕੋਈ ਖਬਰ ਨਹੀਂ ਲਈ ਮਹਾਂਪੁਰਸ਼ਾਂ ਨੇ ਪਰੰਤੂ 20 ਕਿਸਤੀਆਂ ਕਿਰਾਏ ਤੇ ਲੈ ਕੇ ਲੋਕਾਂ ਨੂੰ ਦਰਿਆ ਵਾਂਗ ਚਲਦੇ ਪਾਣੀ ਵਿੱਚੋਂ ਬਾਹਰ ਕੱਢਕੇ ਲਿਆਂਦਾ ਗਿਆ ਉਨ੍ਹਾਂ ਦੀ ਰਿਹਾਇਸ਼ ਦਾ ਸਾਰਾ ਪ੍ਰਬੰਧ ਗੁਰਦਵਾਰਿਆਂ ਵਿੱਚ ਕੀਤਾ ਗਿਆ। ਹੜ੍ਹ ਦੀ ਜਾਣਕਾਰੀ ਮਿਲਦੇ ਸਾਰ ਸੰਤ ਬਾਬਾ ਹਰਪਾਲ ਸਿੰਘ ਜੀ ਸਿੰਘਾਂ ਸਮੇਤ ਪਰਮ ਸਤਿਕਾਰਯੋਗ ਬੀਜੀ ਦੇ ਅਸ਼ੀਰਵਾਦ ਲੈ ਕੇ ਲੰਗਰ ਪਕਾ ਕੇ







ਯੂ.ਪੀ. ਵਿਖੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਸਮੇਂ ਦੇ ਵੱਖ ਵੱਖ ਦ੍ਰਿਸ਼।







ਬੀਜੀ ਦੇ ਅਸ਼ੀਰਵਾਦ ਲੈ ਕੇ ਲੰਗਰ ਪਕਾ ਕੇ ਯੂ.ਪੀ. ਅੰਦਰ ਪਹੁੰਚੇ ਲੰਗਰ ਲਗਾਏ ਗਏ। ਸਾਰੇ ਇਲਾਕੇ ਦਾ ਸਰਵੇਖਣ ਕਰਕੇ ਸਮੇਂ ਦੀ ਲੋੜ ਮੁਤਾਬਿਕ ਰਤਵਾੜਾ ਸਾਹਿਬ ਆ ਕੇ ਸੰਗਤਾਂ ਵਿੱਚ ਬੇਨਤੀ ਕੀਤੀ ਕੇ ਇਹ ਸੰਪ੍ਰਦਾ ਆਪਣੇ ਵਾਸਤੇ ਕੁਝ ਨਹੀਂ ਮੰਗਦੀ ਪਰ ਜਦੋਂ ਕੋਈ ਕੁਦਰਤੀ ਆਫਤ ਆ ਜਾਵੇ ਤਾਂ ਮੰਗਣ ਤੋਂ ਕੋਈ ਸੰਕੋਚ ਨਹੀਂ ਕੀਤਾ ਜਾਂਦਾ ਹੈ। ਸੰਗਤਾਂ ਅੱਗੇ ਫਰਿਆਦ ਕੀਤੀ ਗਈ ਜੋ ਵੀ ਆਪ ਜੀ ਲਿਆ ਸਕਦੇ ਹੋ ਲਿਆ ਕੇ ਰਤਵਾੜਾ ਸਾਹਿਬ ਪੁਜਦਾ ਕਰੋ ਅਗੇ ਪਹੁੰਚਾਉਣ ਦੀ ਸਾਡੀ ਜਿੰਮੇਵਾਰੀ ਹੋਵੇਗੀ। ਰਤਵਾੜਾ ਸਾਹਿਬ ਨਾਲ ਸਬੰਧਤ ਸੰਗਤਾਂ ਨੂੰ ਪਤਾ ਲਗਦੇ ਸਾਰ ਵਿੱਤ ਅਨੁਸਾਰ ਸੇਵਾ ਪਹੁੰਚਣੀ ਸ਼ੁਰੂ ਹੋਈ ਜਿਸ ਵਿੱਚ ਅਣ ਸਿਊਂਤੇ ਕੱਪੜੇ, ਆਟਾ, ਦਾਲਾਂ, ਕੰਬਲ ਨਕਦਾ ਮਾਇਆ ਦੀ ਸੇਵਾ ਪਹੁੰਚੀ। ਰਤਵਾੜਾ ਸਾਹਿਬ ਵੱਲੋਂ 3 ਅਕਤੂਬਰ ਨੂੰ ਇਕੱਠੀ ਹੋਈ ਰਾਹਤ ਸਮੱਗਰੀ ਦੇ ਟਰੱਕ ਨੂੰ ਸੰਗਤਾਂ ਨੇ ਹਰੀ ਝੰਡੀ ਦੇ ਕੇ ਰਵਾਨਗੀ ਦਿਤੀ 50 ਸਿੰਘ ਨਾਲ ਲੈ ਕੇ ਸੰਤ ਬਾਬਾ ਹਰਪਾਲ ਸਿੰਘ ਜੀ ਹੜ੍ਹ ਪ੍ਰਭਾਵਿਤ ਏਰੀਏ ਵਿੱਚ ਪਹੁੰਚੇ ਅਤੇ ਸਮੱਗਰੀ ਦੀ ਵੰਡ ਕੀਤੀ ਗਈ ਲੋੜ ਅਨੁਸਾਰ ਨਕਦ ਮਾਇਆ ਵੀ ਵੱਲੋਂ ਦਿਤੀ ਗਈ ਹੈ।

31 ਅਕਤੂਬਰ 2001 ਨੂੰ ਆਪ ਜੀ ਨੇ ਆਪਣੇ ਪੰਜਭੂਤਕ ਚੋਲੇ ਦਾ ਤਿਆਗ ਕੀਤਾ। ਅਸਿਹ ਵਿਛੋੜਾ ਪਿਆਰੇ ਦੇ ਪਿਆਰ ਵੈਰਾਗ ਅਮਦਰ ਪਰਮ ਪੂਜਯ ਸਤਿਕਾਰਯੋਗ ਬੀਜੀ ਦੀ ਸੁਪਰਸਤੀ ਹੇਠ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਧਰਤੀ ਤੇ ਪਿਆਰ ਵੈਰਾਗ ਮਈ ਸਮਾਗਮ ਮਿਤੀ 28, 29, 30 ਅਤੇ 31 ਅਕਤੂਬਰ ਨੂੰ ਮਨਾਇਆ ਜਾ ਰਿਹਾ ਹੈ। ਸਮਾਗਮ ਅੰਦਰ ਵੱਖ-ਵੱਖ ਸੰਪ੍ਰਦਾਇ ਦੇ ਸਾਧੂ ਸੰਤ ਮਹਾਤਮਾ ਹਾਜਰੀ ਭਰਨ ਜਾ ਰਹੇ ਹਨ। ਦੇਸ਼ਾਂ ਵਿਦੇਸ਼ਾਂ ਤੋਂ ਹਜਾਰਾਂ ਸੰਗਤਾਂ ਆਪ ਜੀ ਪਿਆਰ ਵਿੱਚ ਆਪਣੇ ਪਿਆਰੇ ਦੇ ਪਿਆਰੇ ਅਸਥਾਨ ਦੀ





ਯੂ.ਪੀ. ਵਿਖੇ ਹੜ੍ਹ ਪੀੜਤਾਂ ਨੂੰ ਰਾਹਤ ਸਮੱਗਰੀ ਵੰਡਣ ਸਮੇਂ ਦੇ ਵੱਖ ਵੱਖ ਦ੍ਰਿਸ਼।



ਚਰਨ ਸ਼ੋਹ ਪ੍ਰਾਪਤ ਕਰਨ ਪਹੁੰਚ ਰਹੀਆਂ ਹਨ। ਸਮਾਗਮ ਦਾ ਸਮਾਂ ਸਵੇਰੇ 4.00 ਵਜੇ ਤੋਂ ਸ਼ੁਰੂ ਹੋ ਕੇ ਰਾਤ 10.00 ਵਜੇ ਤੱਕ ਹੋਇਆ ਕਰੇਗਾ। ਇਹ ਸਮਾਗਮ ਵੱਡੀ ਸਟੇਜ ਤਪੋ ਬਣ ਵਾਲੀ ਵੱਡੀ ਸਟੇਜ ਤੇ ਹੋਣਾ ਹੈ। 4.00 ਵਜੇ ਮਹਾਂਪੁਰਖਾਂ ਵੱਲੋਂ ਦਰਸਾਈ ਵਾਹਿਗੁਰੂ ਮੰਤਰ ਦੀ ਜੁਗਤ ਅਨੁਸਾਰ ਕੈਸੇਟ ਦੁਆਰਾ ਸਿਮਰਨ ਦਾ ਅਭਿਆਸ ਕਰਾਇਆ ਜਾਇਆ ਕਰੇਗਾ। 5.00 ਵਜੇ ਆਸਾ ਜੀ ਦੀ ਵਾਰ ਦੇ ਰਸ ਭਿੰਨੇ ਕੀਰਤਨ ਤੋਂ ਸਮਾਗਮ ਸ਼ੁਰੂ ਹੋ ਕੇ ਨਿਰੰਤਰ ਰਾਤ 10.00 ਵਜੇ ਤੱਕ ਚਲਣਗੇ। ਆਤਮ ਮਾਰਗ ਪੜ੍ਹਨ ਵਾਲੇ ਪਾਠਕਾਂ ਦੇ ਚਰਨਾਂ ਵਿੱਚ ਨਿਮਰਤਾ ਸਿਹਤ ਬੇਨਤੀ ਹੈ ਕਿ ਆਪਣੇ ਪਰਿਵਾਰ ਸਮੇਤ ਚਾਰੇ ਦਿਨ ਰਤਵਾੜਾ ਸਾਹਿਬ ਪਹੁੰਚ ਕੇ ਪੂਰਾ ਪੂਰਾ ਲਾਹਾ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਸੇਵਾ ਸਿਮਰਨ ਵਿੱਚ ਪੂਰਾ ਹਿੱਸਾ ਪਾ ਕੇ ਆਪਣੇ ਹੱਥ ਪੈਰ ਸਫਲੇ ਕਰੋ ਕਿਉਂਕਿ ਅਨੇਕਾਂ ਤਰ੍ਹਾਂ ਦੀ ਸੇਵਾ ਸਮਾਗਮਾਂ ਸਮੇਂ ਚਲੇਗੀ ਜਿਸ ਵਿੱਚ ਆਤਮ ਮਾਰਗ ਮੈਗਜੀਨ ਦੇ ਸਟਾਲਾਂ ਦੀ ਸੇਵਾ, ਜੋੜਾ ਘਰ, ਗਠੜੀ ਘਰ, ਰਿਹਾਇਸ਼ੀ ਬਿਲਡਿੰਗਾਂ ਵਿੱਚ ਸੇਵਾਦਾਰ, ਪਹਿਰੇਦਾਰ, ਸਫਾਈ ਵਾਲੇ ਸੇਵਾਦਾਰ, ਗੁਰੂ ਕੇ ਲੰਗਰਾਂ ਦੀ ਸੇਵਾ, ਜਿਹੜੇ ਪ੍ਰੇਮੀ ਸਮੇਂ ਤੋਂ ਪਹਿਲਾਂ ਪਹੁੰਚਣਗੇ ਉਨ੍ਹਾਂ ਦੇ ਨਾਮ ਲਿਖ ਕੇ ਵਾਜਬ ਸੇਵਾ ਤੇ ਲਗਾਏ ਜਾਣਗੇ। ਬੇਨਤੀ ਕਰਦੇ ਹਾਂ ਕਿ ਆਪਣੇ ਧੰਦੇ ਧੰਦਾਰਾਂ ਨੂੰ ਥੋੜੇ ਸਮੇਂ ਵਾਸਤੇ ਸੰਕੋਚਦੇ ਹੋਏ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖ ਮਿਤੀ 28 ਤੋਂ 31 ਅਕਤੂਬਰ ਬਰਸੀ ਸਮਾਗਮ ਤੇ ਪਹੁੰਚਣ ਦੀ ਕ੍ਰਿਪਾਲਤਾ ਕਰੋ ਤਾਂ ਜੋ ਆਪਾਂ ਰਲ ਮਿਲ ਮਹਾਂਪੁਰਖਾਂ ਦੇ ਬਰਸੀ ਸਮਾਗਮ ਵਿੱਚ ਹਾਜਰੀ ਭਰ ਸਕੀਏ।











ਪਵਿੱਤਰ ਚਰਨ ਛੋਹ ਪ੍ਰਾਪਤ

ਤਪੋ ਅਸਥਾਨ :- ਮਹਾਂਪੁਰਖ ਨੇ ਆਪਣੇ ਸਰੀਰ ਵਿਚ ਰਹਿੰਦਿਆਂ ਨਾਮ ਸਿਮਰਨ ਅਤੇ ਸੇਵਾ ਨੂੰ ਹੀ ਪ੍ਰਧਾਨਤਾ ਦਿਤੀ ਆਪ ਜੀ ਨੇ ਜਗਿਆਸੂਆਂ ਵਾਸਤੇ ਰਤਵਾੜਾ ਸਾਹਿਬ ਦੇ ਨਾਲ ਵਹਿੰਦੀ ਨਦੀ ਦੇ ਕੰਢੇ ਤੇ 'ਤਪੋ ਅਸਥਾਨ' ਦੀ ਰਚਨਾ ਕੀਤੀ ਆਪ ਜੀ ਦੀ ਦੇਖ ਰੇਖ ਹੇਠ ਸੈਂਕੜੇ ਸਿੰਘ ਹਰ ਰੋਜ ਉਸ ਤਪੋ ਅਸਥਾਨ ਵਿਖੇ ਪਹੁੰਚਦੇ ਸੀ ਅਤੇ 2 ਘੰਟੇ ਲਈ ਨਾਮ ਸਿਮਰਣ ਅਭਿਆਸ ਕਰਵਾਇਆ ਜਾਂਦਾ । ਮਹਾਂਪੁਰਖ ਆਪ ਵੀ ਘੰਟਿਆਂ ਬੱਧੀ ਨਿਜ ਆਤਮ-ਅਨੰਦ ਵਿਚ ਉਸ ਤਪੋ ਅਸਥਾਨ ਤੇ ਬੈਠਦੇ । ਘੰਟਿਆਂ ਬੱਧੀ ਸੈਰ ਕਰਦੇ। ਆਪ ਜੀ ਦਰਖਤਾਂ ਵੱਲ ਆਪਣਾ ਸਪੈਸ਼ਲ ਧਿਆਨ ਦਿੰਦੇ ਉਨ੍ਹਾਂ ਦੀ ਸੇਵਾ ਸੰਭਾਲ ਵਾਸਤੇ ਸਮੇਂ ਸਮੇਂ ਹਦਾਇਤ ਕਰਦੇ। ਕਈ ਵਾਰ ਤਾਂ ਆਪ ਜੀ ਸੈਰ ਕਰਦੇ ਕਰਦੇ ਦਰਖਤ ਦੇ ਕੋਲ ਖੜ੍ਹ ਜਾਂਦੇ ਅਤੇ ਕਾਫੀ ਕਾਫੀ ਦੇਰ ਤੱਕ ਉਸ ਕੋਲ ਖੜ੍ਹੇ ਰਹਿੰਦੇ ਜਿਵੇਂ ਦਰਖਤ ਨਾਲ ਕੋਈ ਰੂਹਾਨੀ ਸਾਂਝ ਪਾ ਰਹੇ ਹੋਣ । ਹੁਣ ਉਹ ਇਕ ਜੰਗਲ ਦਾ ਰੂਪ ਧਾਰਨ ਕਰ ਚੁੱਕਿਆ ਹੈ ਦਰਖਤਾਂ ਦੀ ਘਣੀ ਛਾਂ, ਕੋਇਲ ਦੀ ਕੂ-ਕੂ, ਮੋਰਾਂ ਦੀਆਂ ਅਵਾਜਾਂ ਜਗਿਆਸੂ ਦਾ ਮਨ ਮੋਹ ਲੈਂਦੀਆਂ ਹਨ ਆਪ ਮੁਹਾਰੇ ਹੀ ਮਨ ਨਾਮ ਧੁੰਨ ਦੀ ਮਸਤੀ ਵਿਚ ਦੇਸ ਕਾਲ ਵਸਤੂ ਉਪੱਰ ਉਠ ਜਾਂਦਾ ਹੈ । ਉਨ੍ਹਾਂ ਦੀ ਪਵਿੱਤਰ ਯਾਦ ਨੂੰ ਸੰਭਾਲਣ ਵਾਸਤੇ ਸਰਕਾਰ ਦੀ ਛਤਰੀ ਉਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਲੈਂਟਰ ਪਵਾ ਕੇ ਸੰਭਾਲਿਆ ਗਿਆ ਹੈ । ਕੁਟੀਆ ਬਣੀਆਂ ਹੋਈਆਂ ਹਨ । ਜਿਨ੍ਹਾਂ ਵਿਚ ਜਗਿਆਸੂ ਆ ਕੇ ਨਾਮ ਜਪ ਸਿਮਰਣ ਕਰਦੇ ਹਨ।

ਸਰੋਵਰ :- ਮਹਾਂਪੁਰਖਾਂ ਦੇ ਜੀਵਨ ਸਾਥੀ ਪਰਮ ਸਤਿਕਾਰਯੋਗ ਸੰਤ ਮਾਤਾ ਬੀਜੀ ਰਣਜੀਤ ਕੌਰ ਜੀ ਮੌਜੂਦਾ ਚੇਅਰਪਰਸਨ ਰਤਵਾੜਾ ਸਾਹਿਬ ਦੇ ਹੁਕਮ ਅਨੁਸਾਰ ਅਤੇ ਸੰਤ ਬਾਬਾ ਹਰਪਾਲ ਸਿੰਘ ਜੀ ਦੀ ਦੇਖ ਰੇਖ ਹੇਠ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਪਵਿੱਤਰ ਸਰੋਵਰ ਦੀ ਉਸਾਰੀ ਕੀਤੀ ਗਈ ਧਰਤੀ ਦੇ ਤਲ ਤੋਂ ਉਪੱਰ ਚੁਕ ਕੇ ਬਣਵਾਇਆ ਗਿਆ ਹੈ । ਜਿਸ ਵਿਚ ਸੰਗਤਾਂ ਇਸ਼ਨਾਨ ਕਰਦੀਆਂ ਹਨ । "ਰਾਮਦਾਸਿ ਸਰੋਵਰ ਨਾਤੇ ॥ ਸਭ ਲਾਥੇ ਪਾਪ ਕਮਾਤੇ ॥" ਜਿਸ ਦੇ ਆਲੇ ਦੁਆਲੇ ਨਾਮ ਜਪਣ ਵਾਸਤੇ ਕਮਰੇ ਬਣਾਏ ਗਏ ਹਨ । ਜੋ ਕਿ ਗੁਫਾਵਾਂ ਦਾ ਹੀ ਕੰਮ ਕਰਦੇ ਹਨ । ਨਾਮ ਜਪਣ ਵਾਸਤੇ ਜਗਿਆਸੂਆਂ ਲਈ ਸਹਾਈ ਹੁੰਦੇ ਹਨ ।

ਅੰਗੀਠਾ ਸਾਹਿਬ - ਮਹਾਂਪੁਰਖਾਂ ਨੇ 31 ਅਕਤੂਬਰ 2001 ਨੂੰ ਦਿਨ ਦੇ 1.13 ਵਜੇ ਆਪਣੇ ਸਰੀਰ ਦਾ ਪਰਿਤਿਆਗ ਕੀਤਾ । ਆਪ ਜੀ ਨੇ ਬਚਨ ਕੀਤਾ ਸੀ ਕਿ ਮੇਰੇ ਸਰੀਰ ਦਾ ਅੰਤਮ ਸਸਕਾਰ ਗੁ. ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਭੂਮੀ ਉਪਰ ਹੀ ਕਰਨਾ ਹੈ । ਮਹਾਂਪੁਰਸ਼ਾਂ ਦੇ ਬਚਨਾਂ ਮੁਤਾਬਿਕ ਮਹਾਂਪੁਰਖਾਂ ਦੇ ਪਵਿੱਤਰ ਸਰੀਰ ਦਾ ਅੰਤਮ ਸਸਕਾਰ ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਦੀ ਈਮਾਰਤ ਦੇ ਖੱਬੇ ਹੱਥ 2 ਨਵੰਬਰ 2001 ਦੇ ਦਿਨ ਕੀਤਾ ਗਿਆ । ਅੱਜ ਉਥੇ ਆਪ ਜੀ ਦੇ ਜੀਵਨ ਸਾਥੀ ਸੰਤ ਮਾਤਾ ਰਣਜੀਤ ਕੌਰ ਜੀ ਦੀ ਹੁਕਮਾਂ ਅਨੁਸਾਰ ਇਮਾਰਤ ਦਾ ਨਿਰਮਾਣ ਹੋ ਚੁਕਿਆ ਹੈ । ਸਮੇਂ ਮੁਤਾਬਿਕ ਸ੍ਰੀ ਸਹਿਜ ਪਾਠ, ਅਖੰਡ ਪਾਠ, ਸ੍ਰੀ ਸੰਪਟ ਅਖੰਡ ਪਾਠ ਸਾਹਿਬ ਕਰਵਾਏ ਜਾਂਦੇ ਹਨ । ਅੰਗੀਠਾ ਸਾਹਿਬ ਦੀ ਇਮਾਰਤ ਦੇ ਚਾਰੋਂ ਪਾਸੇ ਘਾਹ, ਮੌਲਸਰੀ ਡੇਕ ਆਦਿ ਦੇ ਦਰਖਤ ਲਗਾ ਕੇ ਸੁਧ ਸਾਫ ਕੀਤਾ ਹੋਇਆ ਹੈ ।







ਧਰਮ ਹੇਤ ਸਾਕਾ ਜਿਨ ਕੀਆ

ਸੰਤ ਵਰਿਆਮ ਸਿੰਘ ਜੀ
ਬਾਨੀ ਵਿ. ਗੁ. ਰੂਹਾਨੀ ਮਿਸ਼ਨ

ਸਤਿਨਾਮੁ ਸ੍ਰੀ ਵਾਹਿਗੁਰੂ,
ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!
ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥
ਅੰਗ - ੨੫੬

ਫਿਰਤ ਫਿਰਤ ਪ੍ਰਭ ਆਇਆ
ਪਰਿਆ ਤਉ ਸਰਨਾਇ॥
ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥
ਅੰਗ - ੨੮੯

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਓਂ। ਚਿੱਤ ਬਿਰਤੀਆਂ ਨੂੰ ਇਕਾਗਰ ਕਰੋ, ਬਾਹਰ ਜਾਣ ਤੋਂ ਰੋਕੋ। ਅੱਜ ਦਾ ਜੋ ਦਿਨ ਹੈ, ਇਹ ਸਾਰੇ ਸੰਸਾਰ ਦੇ ਇਤਿਹਾਸ ਵਿਚ ਜਦੋਂ ਤੋਂ ਸੰਸਾਰ ਰਚਿਆ ਹੈ, ਓਸ ਵੇਲੇ ਤੋਂ ਇੱਕ ਮਹਾਨ ਮਹੱਤਵਪੂਰਨ ਦਿਨ ਹੈ ਇਸਨੂੰ ਅਸੀਂ ਸਮਝ ਨਹੀਂ ਸਕੇ ਤੇ ਦੁਨੀਆਂ ਨੂੰ ਦੱਸ ਨਹੀਂ, ਸਕੇ, ਸੰਸਾਰ ਨੂੰ ਨਹੀਂ ਅਸੀਂ ਇਹ ਗੱਲ ਦੱਸ ਸਕੇ। ਕਿਉਂਕਿ ਬਹੁਤ ਵੱਡਾ ਅਸੂਲ ਗੁਰੂ ਮਹਾਰਾਜ ਨੇ ਕਾਇਮ ਕੀਤਾ ਸੀ, ਜਿਸਨੂੰ ਅਸੀਂ ਸੰਸਾਰ ਤੱਕ ਪਹੁੰਚਾ ਨਹੀਂ ਸਕੇ। ਕੇਵਲ ਕੁਰਬਾਨੀ ਤੱਕ ਮਹਿਦੂਦ ਕਰ ਲਿਆ। ਗੁਰੂ ਮਹਾਰਾਜ ਨੇ ਆਪਣਾ ਬਲਿਦਾਨ ਦਿੱਤਾ। ਉਦੋਂ ਅਸੀਂ ਕੋਈ ਸਿੱਖਿਆ ਨਹੀਂ ਲਈ ਕਿਉਂਕਿ ਐਸੀਆਂ ਅਲੌਕਿਕ ਬਾਤਾਂ ਗੁਰੂਆਂ ਨੇ ਸਾਡੀ ਭੂਮੀ ਦੇ ਉਤੇ, ਮੰਚ ਦੇ ਉਤੇ ਕੀਤੀਆਂ ਨੇ ਕਿ ਜਿਨ੍ਹਾਂ ਦੇ ਅਸੀਂ ਅਸਲੀ ਅਰਥ ਨਹੀਂ ਸਮਝ ਸਕੇ। ਜੇ ਅਸੀਂ ਪੜ੍ਹ ਲੈਂਦੇ ਹਾਂ ਕਿ ਗੁਰੂ ਨਾਨਕ ਪਾਤਸ਼ਾਹ ਨੇ ਨਵਾਬ ਦੇ ਨਾਲ ਜਾ ਕੇ ਮਸਜਿਦ ਦੇ ਵਿਚ ਨਮਾਜ਼ ਪੜ੍ਹਨ ਵੇਲੇ ਉਨ੍ਹਾਂ ਨੂੰ ਇਹ ਕਿਹਾ ਕਿ ਤੁਸੀਂ ਬਾਵਜੂਦ ਨਮਾਜ਼ ਪੜ੍ਹਨ ਦੇ ਨਮਾਜ਼ ਨਹੀਂ ਪੜ੍ਹੀ, ਤੁਹਾਡੀ ਦਰਗਾਹ ਦੇ ਵਿਚ ਕਬੂਲ ਨਹੀਂ ਹੋਏਗੀ। ਤੁਹਾਡੀ ਨਮਾਜ਼ ਖੰਡਤ ਹੋ ਗਈ ਹੈ, ਕਜ਼ਾ ਹੋ ਗਈ ਹੈ, ਲੇਖੇ 'ਚ ਨਹੀਂ ਪਈ। ਲੇਖੇ 'ਚ ਤੁਹਾਡਾ ਉਠਣਾ ਬੈਠਣਾ ਪਿਆ ਹੈ, ਮਸਜਿਦ 'ਚ ਆ ਜਾਣਾ ਪਿਆ ਹੈ।ਲੇਕਿਨ ਰੱਬ ਨਾਲ ਤੁਹਾਡਾ conection ਨਹੀਂ ਜੁੜਿਆ। ਕਿਉਂਕਿ ਜਿਹਨੇ ਨਮਾਜ਼ ਪੜ੍ਹਨੀ ਸੀ ਉਹ ਘੋੜੇ ਖਰੀਦਦਾ ਫਿਰਦਾ ਸੀ। ਵਛੇਰੀ ਮੋੜਦਾ ਸੀ। ਅਨੇਕਾਂ ਫੁਰਨੇ ਹੁੰਦੇ ਨੇ ਸਾਡੇ। ਜੇ ਗੁਰੂ ਨਾਨਕ ਜਾਣ ਗਿਆ ਤਾਂ ਵਾਹਿਗੁਰੂ ਤਾਂ ਜਾਣਦਾ ਹੀ ਹੈ ਸਭ ਕੁਛ। ਜੇ ਭਲਾ ਅਸੀਂ ਥੋੜ੍ਹੀ ਦੇਰ ਵਾਸਤੇ ਮੰਨ ਲਈਏ ਕਿ ਹੁਣ ਤਾਂ ਗੁਰੂ ਨਾਨਕ ਸਾਹਿਬ ਇੱਥੇ ਹੈ ਨਹੀਂ, ਜਿਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ 'ਤੇ ਵਿਸ਼ਵਾਸ਼ ਘੱਟ ਹੈ, ਤਾਂ ਫੇਰ ਉਹ ਨਮਾਜ਼ ਨੂੰ, ਸਾਡੇ ਜਪੁਜੀ ਸਾਹਿਬ ਨੂੰ ਕੌਣ watch ਕਰ ਰਿਹਾ ਹੈ। ਪੜ੍ਹੀ ਜਾਂਦੇ ਹਾਂ, ਪੜ੍ਹੀ ਜਾਂਦੇ ਹਾਂ, ਮਨ ਕਿਤੇ ਵੀ ਨਹੀਂ ਟਿਕਦਾ, ਡਰ ਨਹੀਂ ਲਗਦਾ ਕਿ ਇਹ ਗੱਲ ਤਾਂ ਗੁਰੂ ਸਾਹਿਬ ਨੇ ਪਹਿਲਾਂ ਹੀ ਮਨ੍ਹਾਂ ਕਰ ਦਿੱਤੀ, ਇਹ ਤਾਂ ਕਜ਼ਾ ਹੋ ਰਿਹਾ ਹੈ ਸਾਡਾ ਪਾਠ, ਕਿਸੇ ਲੇਖੇ 'ਚ ਨਹੀਂ ਪੈ ਰਿਹਾ। ਕਿਉਂਕਿ ਅਸੀਂ ਆਪਣੇ ਆਪ ਨੂੰ ਤਿਆਰ ਨਹੀਂ ਕਰਿਆ ਜਪੁਜੀ ਸਾਹਿਬ ਪੜ੍ਹਨ ਵਾਸਤੇ, ਕੇਵਲ ਨਮਾਜ਼ ਤੋਂ ਅੱਗੇ ਨਹੀਂ ਅਸੀਂ ਲੰਘ ਸਕੇ। ਉਹਦੀ ਪ੍ਰਸੰਸਾ ਕਰਦੇ ਹਾਂ, ਆਪਣੇ ਵਾਸਤੇ ਕੁਛ ਨਹੀਂ ਹੈ। ਸੋ ਇਸੇ ਤਰ੍ਹਾਂ ਦੇ ਨਾਲ ਬੇਅੰਤ ਸਿੱਖ ਇਤਿਹਾਸ ਦੇ ਅੰਦਰ, ਗੁਰੂਆਂ ਦੇ ਇਤਿਹਾਸ ਦੇ ਅੰਦਰ ਦੁਨੀਆਂ ਦੇ ਵਾਸਤੇ, ਬੇਅੰਤ ਐਸੀਆਂ ਮਿਸਾਲਾਂ ਕਾਇਮ ਕੀਤੀਆਂ ਨੇ ਕਿ ਜਿਨ੍ਹਾਂ ਨੂੰ ਜੇ ਅਸੀਂ ਅਪਣਾਅ ਲਈਏ ਤਾਂ ਅਸੀਂ universal ਬੰਦੇ ਬਣ ਜਾਂਦੇ ਹਾਂ। ਸਾਰੇ ਸੰਸਾਰ ਦੇ ਸਾਂਝੇ। ਸਾਰਾ ਹੀ ਸੰਸਾਰ ਸਾਡਾ ਹੋ ਜਾਂਦਾ ਹੈ। ਬਹੁਤ ਵੱਡੀ approach ਸੀ ਗੁਰੂ ਨਾਨਕ ਪਾਤਸ਼ਾਹ ਦੀ। ਅਸੀਂ ਰੋਲ ਦਿੱਤੀ, ਕਿਉਂਕਿ ਸਾਡੇ ਕਮਲਿਆਂ ਦੇ ਹੱਥ ਵਿਚ ਆ ਗਈ। ਆਪਣੀ ਜੋ ਸਾਡੀ ਸੋਚ ਸੀ, ਉਹਦਾ ਜਿਹੜਾ narrow circel ਸੀ ਉਸ ਤੋਂ ਬਾਹਰ ਨਹੀਂ ਅਸੀਂ ਕੱਢ ਸਕੇ। ਇਥੇ ਤੱਕ ਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਤੇ ਵੀ ਅਸੀਂ ਪਾਬੰਦੀ ਲਾ ਲਈ ਕਿ ਸਿਰਫ ਜਿਹਨੇ ਅੰਮ੍ਰਿਤ ਛਕਿਆ ਉਹ ਪੜ੍ਹ ਸਕਦਾ ਹੈ, ਦੂਸਰਾ ਨਹੀਂ ਪੜ੍ਹ ਸਕਦਾ। ਇੱਕ ਵਿਚਾਰ ਦੇ ਨਾਲ ਦੇਖੋ ਗੁਰੂ ਨਾਨਕ ਪਾਤਸ਼ਾਹ ਨੇ ਅੰਮ੍ਰਿਤ ਛਕਣ ਵਾਲਿਆਂ ਦੇ ਸਾਮ੍ਹਣੇ ਬਾਣੀ ਉਚਾਰੀ ਸੀ, ਕਿ ਦੂਜਿਆਂ ਦੇ ਸਾਮ੍ਹਣੇ ਉਚਾਰੀ ਸੀ। ਆਪੇ ਹੀ ਦੇਖੋ ਸੋਚ ਕੇ। ਉਹ ਤਾਂ ਯਾਦ ਨਹੀਂ ਰਹਿੰਦੀ, ਜੇ ਉਨ੍ਹਾਂ ਨੇ ਲਿਖ ਲਈ ਹੋਵੇ ਉਹ ਪੜ੍ਹਦੇ ਹੋਣ ਫੇਰ ਅਸੀਂ ਉਨ੍ਹਾਂ ਦੇ ਹੱਥ 'ਚੋਂ ਗੁਟਕਾ ਖੋਹ ਲਵਾਂਗੇ, ਤੂੰ ਅਜੇ ਅੰਮ੍ਰਿਤ ਨਹੀਂ ਛਕਿਆ, ਤੂੰ ਨਹੀਂ ਪੜ੍ਹ ਸਕਦਾ ਇਹਨੂੰ। ਕਿੱਡੀ ਤੰਗਦਿਲੀ ਹੈ ਸਾਡੀ ਹਰ ਗੱਲ 'ਚ ਤੰਗਦਿਲੀ ਚਲਦੀ ਹੈ। ਉਹ ਗੁਰੂ ਗ੍ਰੰਥ ਸਾਹਿਬ ਦੀ ਜਿਹੜੀ ਤਾਲੀਮ ਸੀ ਉਸ ਤੋਂ ਵਿਪਰੀਤ ਹੋ ਗਏ ਅਸੀਂ 100%, ਟੁੱਟ ਗਏ ਉਹਦੇ ਨਾਲੋਂ, ਸਾਨੂੰ ਸੋਝੀ ਨਹੀਂ ਆਉਂਦੀ। ਹੋਰ ਹੀ ਕੁਛ ਬਣ ਗਿਆ ਧਰਮ ਦਾ। ਉਹ ਰੋਸ਼ਨੀ ਨਹੀਂ ਰਹੀ ਉਹ ਚੀਜ਼ ਨਹੀਂ ਰਹੀ ਸਾਡੇ ਅੰਦਰ। ਪ੍ਰਕਾਸ਼ ਨਹੀਂ ਰਿਹਾ, ਸਾਡੀ Universal approach ਨਹੀਂ ਰਹੀ। ਨਿੱਕੀ ਜਿਹੀ approach ਹੋ ਗਈ ਸਾਡੀ। ਬਹੁਤ ਵੱਡਾ ਜੋ ਗਿਆਨ ਸੀ ਦੁਨੀਆਂ ਨੂੰ ਦੇਣ ਵਾਲਾ, ਗੁਰੂ ਨੇ ਸਾਡੇ ਬਹੁਤ ਵੱਡਾ ਵਿਸ਼ਵਾਸ਼ ਕਰਿਆ ਸੀ, ਪੁਜਾਰੀ ਕਲਾਸ ਵਿਚੋਂ ਉਡਾ ਦਿਤੀ ਸੀ, ਕਿਉਂਕਿ ਉਹ ਦੂਸ਼ਿਤ ਹੋ ਜਾਂਦੀ ਹੈ। ਪਹਿਲਾਂ ਸਾਡੇ ਜਿਹੜੇ ਬਜ਼ੁਰਗ ਸੀ, ਸਾਡੇ ਹੀ ਮਾਂ-ਬਾਪ, ਉਹ ਬੜੇ ਸਿਆਣੇ ਸੀ ਸਾਡੇ ਤੋਂ। ਬੜੀ ਦੇਰ ਤੋਂ ਤੱਕ ਉਨ੍ਹਾਂ ਨੇ ਇੱਕ ਵਰਗ ਬਣਾ ਰੱਖਿਆ ਕਿ ਤੁਸੀਂ ਭਾਈ ਕੰਮ ਨਾ ਕਰੋ, ਕੁਛ ਨਾ ਕਰੋ। ਤੁਹਾਡੇ ਕੱਪੜੇ ਦਾ ਫਿਕਰ, ਤੁਹਾਡੇ ਰਹਿਣ ਦਾ ਫਿਕਰ, ਅਸੀਂ ਕਰਾਂਗੇ। ਤੁਸੀਂ ਕੀ ਕਰਨਾ ਹੈ, ਤੁਸੀਂ ਭਾਈ research ਕਰੋ, ਅੰਦਰਲੀਆਂ ਖੋਜਾਂ ਖੋਜੋ ਤੇ ਅਟੱਲ ਸਚਾਈਆਂ ਨੂੰ ਤੁਸੀਂ ਅੰਕਿਤ ਕਰੋ ਤੇ ਅਸਾਨੂੰ ਸੁਣਾਓ ਫੇਰ ਤੁਸੀਂ ਕਿਉਂਕਿ ਤੁਸੀਂ ਰੋਟੀ ਪਾਣੀ 'ਚ ਰੁਲ ਜਾਓਗੇ। ਉਸ ਕਲਾਸ ਨੂੰ ਬ੍ਰਾਹਮਣ ਕਲਾਸ ਬਣਾ ਦਿੱਤਾ। ਜੇ ਤਾਂ ਬੰਦਾ ਚਲਦਾ ਸੀ ਤਾਂ, ਤਾਂ ਰਹਿੰਦਾ ਸੀ, ਜੇ ਗਿਰ ਜਾਂਦਾ ਸੀ, ਹੇਠਲੀਆਂ ਸ਼੍ਰੇਣੀਆਂ 'ਚ ਉਹਨੂੰ ਦਾਖਲ ਕਰ ਦਿੱਤਾ ਜਾਂਦਾ ਸੀ। ਫੇਰ ਉਹ ਬ੍ਰਾਹਮਣ ਨਹੀਂ ਸੀ ਰਹਿੰਦਾ। ਵੱਡੇ-ਵੱਡੇ ਜਿਹੜੇ ਬ੍ਰਾਹਮਣ ਹੋਏ ਨੇ, ਜਿਸ ਤਰ੍ਹਾਂ ਦੇ ਨਾਲ ਸ੍ਰੀ ਰਾਮ ਚੰਦਰ ਜੀ ਦੇ ਗੁਰੂ ਸੀ, ਵਸ਼ਿਸ਼ਟ ਜੀ,

ਉਹ ਬ੍ਰਾਹਮਣ ਨਹੀਂ ਸੀਗੇ, ਉਨ੍ਹਾਂ ਨੂੰ ਬ੍ਰਾਹਮਣ ਦੀ ਪਦਵੀ ਮਿਲੀ, ਉਹ ਆਪ ਅਛੂਤ ਸੀਗੇ। ਛੋਟੀਆ-ਛੋਟੀਆਂ ਜਾਤਾਂ 'ਚੋਂ ਉਠ ਕੇ ਵੱਡੇ-ਵੱਡੇ ਰੁਤਬੇ ਉਨ੍ਹਾਂ ਨੇ ਪ੍ਰਾਪਤ ਕਰੇ। ਜਿਵੇਂ ਡਿਗਰੀ ਹੁੰਦੀ ਹੈ ਪੀ.ਐਚ.ਡੀ। ਇਨ੍ਹਾਂ ਨੂੰ ਮਹਾਰਾਜ ਕਹਿੰਦੇ ਵੀ ਰਹੇ ਕਿ ਸਾਡੇ ਤਾਂ ਬ੍ਰਾਹਮਣ ਉਹਨੂੰ ਕਹਿੰਦੇ ਨੇ ਜਿਹੜਾ ਬ੍ਰਹਮ ਦੀ ਵਿਚਾਰ ਕਰਦਾ ਹੈ, ਜਾਤ ਨੂੰ ਨਹੀਂ ਅਸੀਂ ਮੰਨਦੇ। ਲੇਕਿਨ ਅੱਗੇ ਜਾ ਕੇ ਕਲਾਸ ਬਣ ਗਈ, ਕਲਾਸ ਬਣ ਕੇ ਇਹ ਪੁਜਾਰੀ ਕਲਾਸ ਬਣ ਗਈ। ਤਰੱਕੀ ਰੁਕ ਗਈ।

ਗੁਰੂਆਂ ਨੇ ਵੀ ਗੱਦੀ ਸ੍ਰੀ ਚੰਦ ਨੂੰ ਨਹੀਂ ਸੀ ਦਿੱਤੀ ਕਿ ਇਹ ਖਾਨਦਾਨੀ ਬਣ ਜਾਏਗੀ। ਦਾਤੂ, ਦਾਸੂ ਜੀ ਨੂੰ ਨਹੀਂ ਸੀ ਦਿੱਤੀ ਕਿ ਖਾਨਦਾਨੀ ਬਣ ਜਾਏਗੀ। ਜੇ ਚੌਥੇ ਪਾਤਸ਼ਾਹ ਤੋਂ ਬਾਅਦ ਚੱਲਿਆ ਹੈ, ਉਹ ਉਤਰਾਅਧਿਕਾਰੀ ਐਨੇ ਜ਼ਬਰਦਸਤ ਹੋਏ ਉਨ੍ਹਾਂ ਦੇ ਮੁਕਾਬਲੇ ਦਾ ਹੋਰ ਕੋਈ ਹੈ ਨਹੀਂ ਸੀ। ਅਖੀਰ ਗੁਰੂ ਦਸਵੇਂ ਪਾਤਸ਼ਾਹ ਜੋ ਕੁਰਬਾਨੀ ਕਰ ਗਏ, ਹੋਰ ਕੋਈ ਹੈ ਨਹੀਂ ਸੀ ਕੁਰਬਾਨੀ ਕਰਨ ਵਾਲਾ, ਇਸ ਵਾਸਤੇ ਉਹ ਚੋਣ ਗਲਤ ਨਹੀਂ ਸੀ। ਗੁਰੂ ਮਹਾਰਾਜ ਨੇ ਫੇਰ ਪਰਿਵਾਰ 'ਚੋਂ ਕੱਢ ਦਿਤੀ, ਜੇ ਚਾਹੁੰਦੇ ਸਾਹਿਜ਼ਾਦਿਆਂ ਨੂੰ ਬਚਾ ਲੈਂਦੇ। ਕੋਈ ਔਖੀ ਬਾਤ ਨਹੀਂ ਸੀ ਉਨ੍ਹਾਂ ਨੂੰ। ਉਨ੍ਹਾਂ ਨੇ ਸਾਡੇ ਉਤੇ ਵਿਸ਼ਵਾਸ਼ ਕਰਿਆ ਕਿ ਹੁਣ ਇਹ ਦੋ ਸੌ ਸਾਲ ਦੀ ਤਾਲੀਮ ਤੋਂ ਬਾਅਦ ਸਭ ਕੁਝ ਸਮਝ ਗਏ। 235-੩੬ ਸਾਲ ਰਹੇ ਨੇ ਗੁਰੂ। ਬਹੁਤ ਵੱਡਾ ਸਮਾਂ ਹੈ ਜਿਹਦੇ ਵਿਚ ਰਹੇ ਤੇ ਸਾਨੂੰ ਸਮਝਾਇਆ। ਲੇਕਿਨ ਸਮੇਂ ਦੇ ਫੇਰ ਨਾਲ ਅਸੀਂ ਫੇਰ ਉਥੇ ਹੀ ਗਿਰ ਗਏ ਜਿੱਥੋਂ ਕੱਢੇ ਸੀਗੇ, ਉਸ ਤੋਂ ਵੀ ਥੱਲੇ ਜਾ ਗਿਰੇ, ਸੋ ਅੱਜ ਦਾ ਜੋ ਦਿਨ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਹੈ, ਇਹਦੇ ਵਿਚ ਜੋ ਅਸਲੀ ਚੀਜ਼ ਹੈ ਉਹਨੂੰ ਸਮਝਣ ਦਾ ਯਤਨ ਕਰੋ, ਉਹਦੀ ਗੌਰਵਤਾ ਨਾ ਕਰੋ ਕਿ ਹਾਂ ਬਹੁਤ ਵੱਡਾ ਹੈ। ਉਹਦੇ ਵਿਚ ਦੇਖੋ ਕਿ ਸਾਡਾ ਕਿਰਦਾਰ ਕੀ ਹੈ। ਗੁਰੂ ਨੇ ਤਾਂ ਇੱਕ ਲੀਹ ਖਿੱਚ ਦਿੱਤੀ ਅਸੀਂ ਉਸ ਲੀਹ 'ਤੇ ਚਲਦੇ ਹਾਂ ਕਿ ਅਸੀਂ ਅੱਡ ਹੋ ਰਹੇ ਹਾਂ। ਗੁਰੂ ਨੇ ਲਕੀਰ ਖਿੱਚੀ ਸੀ ਕਿ ਇੱਕ ਤਾਂ ਕਿਸੇ ਨੂੰ ਭੈ ਨਹੀਂ ਦੇਣੀ ਤੇ ਇੱਕ ਕਿਸੇ ਦੀ ਮੰਨਣੀ ਨਹੀਂ ਹੈ ਜੇ ਸੱਚ ਦੇ ਉਤੇ ਅਸੀਂ ਚੱਲ ਰਹੇ ਹਾਂ। ਦੂਸਰਾ ਇਹ ਸੀ ਕਿ ਧੱਕਾ ਜਿੱਥੇ ਵੀ ਹੁੰਦਾ ਹੈ, ਗਰੀਬ 'ਤੇ ਧੱਕਾ ਹੁੰਦਾ ਹੈ ਉਹਦੇ ਨਾਲ ਤੁਸੀਂ ਓਸ ਪਾਸੇ ਖੜ੍ਹੋ ਜੇ ਤਾਂ ਤੁਹਾਡੇ 'ਚ ਤਾਕਤ ਹੈ ਤਾਂ, ਤਾਂ ਬਰਾਬਰ ਖੜ੍ਹ ਜਾਓ। ਜੇ ਐਨੀ ਤਾਕਤ ਨਹੀਂ ਹੈ ਤਾਂ ਤੁਸੀਂ ਭਾਈ ਫੇਰ ਉਹਦੇ ਨਾਲ ਹਮਦਰਦੀ ਰੱਖੋ। ਜੇ ਜ਼ਾਹਰਾ ਤੌਰ 'ਤੇ ਹਮਦਰਦੀ ਨਹੀਂ ਰੱਖ ਸਕਦੇ ਤਾਂ ਮਨ ਵਿਚ ਤਾਂ ਚਿਤਵਨੀ ਚਿਤੋ ਤੇ ਅਰਦਾਸ ਕਰੋ ਕਿ ਗਰੀਬ ਮਾਰ ਹੋ ਰਹੀ ਹੈ -

ਜੈਸਾ ਬਿਤੁ ਤੈਸਾ ਹੋਇ ਵਰਤੈ
ਅਪੁਨਾ ਬਲੁ ਨਹੀ ਹਾਰੈ ॥ ਅੰਗ - ੬੭੯

ਜਿੰਨੀ ਕੁ ਤਾਕਤ ਵਰਤੀ ਹੈ ਓਨੀ ਕੁ ਵਰਤੋ, ਆਪਣਾ ਬਲ ਨਾ ਹਾਰੋ। ਲੇਕਿਨ ਸੱਚ ਦੀ ਮਦਦ ਕਰੋ। ਝੂਠ ਦੀ ਮਦਦ ਨਾ ਕਰੋ। ਓਸ ਨੂੰ ਘਟਾਉਣ ਦਾ ਯਤਨ ਕਰੋ। ਇਹ ਬਹੁਤ ਵੱਡਾ ਉਪਦੇਸ਼ ਸੀ। ਗੁਰੂ ਮਹਾਰਾਜ ਨਾ ਤਿਲਕ ਦੇ ਵਿਚ ਵਿਸ਼ਵਾਸ਼ ਕਰਦੇ ਸੀ। ਨਾ ਜੰਞੂ 'ਚ ਕਰਦੇ ਸੀ, ਨਾ ਉਹ ਸੁੰਨਤਾਂ 'ਚ ਕਰਦੇ ਸੀ। ਨਾ ਕਿਸੇ ਰੂਪ ਰੇਖਾ 'ਚ ਕਰਦੇ ਸੀ ਕਿ ਆਹ ਭੇਖ ਧਾਰ ਲਓ, ਆਹ ਧਾਰ ਲਓ। ਕਿਤਾਬਾਂ ਵਿਚ ਪਿਆ ਲਿਖਿਆ ਮਿਲੇ, ਪਰ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਉਂਦਾ। ਜੋ ਚੌਰ ਤੇ ਤਖਤ ਦਾ ਮਾਲਕ ਹੁੰਦਾ ਹੈ ਓਹਦੀ ਬਾਤ ਚੱਲਿਆ ਕਰਦੀ ਹੈ। ਜਦੋਂ ਕਹਿੰਦੇ ਓਂ ਰੋਜ਼ ਅਰਦਾਸ ਦੇ ਵਿਚ ਕਿ ਚੌਰ ਤਖਤ ਦੇ ਮਾਲਕ, ਤਖਤ ਦਾ ਮਾਲਕ ਹੋਏਗਾ ਉਹਦਾ ਹੁਕਮ ਚੱਲੇਗਾ। ਇਹ ਤਾਂ ਨਹੀਂ ਹੈ ਕਿ ਫਲਾਣੇ ਦਾ ਹੁਕਮ ਚੱਲਿਆ ਜੀ, ਫਲਾਣੇ ਦਾ ਚੱਲਿਆ, ਫਲਾਣੇ ਨੇ ਐਉਂ ਕਿਹਾ। ਗੁਰੂਆਂ ਦੀ ਕੋਈ ਗੱਲ ਐਸੀ ਨਹੀਂ, ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਅਨਕੂਲ ਹੋਵੇ। ਜਿਹੜੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਨਾ ਰਲਦੀ ਹੋਵੇ, ਉਹ ਬਾਤ ਨਹੀਂ ਹੈ। ਕਿਉਂਕਿ ਕਰਨੀ ਤੇ ਕਥਨੀ ਦਾ ਸੁਮੇਲ ਸੀ। ਇਹ ਨਹੀਂ ਸੀ ਕਿ ਆਪ ਕੁਛ ਹੋਰ ਕਰਦੇ ਨੇ, ਕਵੀਆਂ ਵਾਂਗੂੰ ਕਵਿਤਾ ਬਣਾ ਕੇ ਦੇ ਦਿੱਤੀ, ਲਿਖਾਰੀਆਂ ਵਾਂਗਣ ਕਿਤਾਬ ਬਣਾ ਕੇ ਦੇ ਦਿਤੀ। ਜਦੋਂ ਕਿਤਾਬ ਪੜ੍ਹਦੇ ਹਾਂ ਅਸੀਂ ਤਾਂ ਕਹਿੰਦੇ ਹਾਂ ਕਿ ਇਹ ਤਾਂ ਬੰਦਾ ਹੀ ਬਹੁਤ ਉੱਚਾ ਹੈ। ਐਡੇ ਉਚੇ ਖਿਆਲ, ਜਦੋਂ ਉਹਦੇ ਕੋਲ ਜਾ ਕੇ ਦੇਖਾਂਗੇ ਫੇਰ ਪਤਾ ਲੱਗੇਗਾ ਕਿ ਆਮ ਆਦਮੀ ਹੈ ਇਹਨੇ ਤਾਂ ਚੋਰੀ ਕਰੀ ਹੋਈ ਹੈ। ਹਜ਼ਾਰਾਂ ਕਿਤਾਬਾਂ ਰੱਖ ਕੇ ਵਿਚੋਂ ਇੱਕ ਚੁਣ-ਚੁਣ ਕੇ ਗੁਲਦਸਤਾ ਬਣਾ ਦਿੱਤਾ। ਗੁਲਦਸਤਾ ਖੂਬਸੂਰਤ ਹੈ ਪਰ ਇਹ ਬਣਾਉਣ ਵਾਲੇ ਦਾ ਜੀਵਨ ਖੂਬਸੂਰਤ ਨਹੀਂ ਹੈ। ਭੁਲੇਖਾ ਪੈ ਜਾਂਦਾ ਹੈ ਇਹ ਜ਼ਬਰਦਸਤ। ਗੁਰੂਆਂ ਦਾ ਹੀ ਨਹੀਂ ਸੀ, ਗੁਰੂ ਮਹਾਰਾਜ ਨੇ ਜੋ ਗੁਰੂ ਗ੍ਰੰਥ ਸਾਹਿਬ 'ਚ ਕਿਹਾ ਹੈ, ਉਸ ਤੋਂ ਬਿਪਰੀਤ ਨਹੀਂ ਸੀਗੇ ਉਹ। ਉਹੀ ਉਨ੍ਹਾਂ ਦਾ ਜੀਵਨ ਸੀ, ਜੇ ਲਿਖਾਰੀ ਦਾ ਮਨ ਵਿਪਰੀਤ ਹੈ, ਲਿਖਾਰੀ ਨੇ ਆਪਣੇ ਮਨ ਦੀ ਗੱਲ ਲਿਖ ਦਿੱਤੀ, ਆਪਣਾ ਖਿਆਲ ਲਿਖ ਦਿੱਤਾ, ਉਹ ਸਾਨੂੰ ਨਹੀਂ ਮੰਨਣਾ ਚਾਹੀਦਾ। ਬੰਦੇ ਨੂੰ, ਜਿਹੋ ਜਿਹਾ ਪੈਦਾ ਹੋਇਆ ਹੈ, ਉਹਦੇ ਉਤੇ ਕੋਈ ਬੰਧਸ਼ ਨਹੀਂ ਸੀ ਲਾਉਂਦੇ, ਜੇ ਲਾਉਂਦੇ ਸੀ ਤਾਂ self character ਦੀ ਲਾਉਂਦੇ ਸੀ। ਜੇ ਕੇਸ ਨੇ ਸਾਡੇ ਤਾਂ ਕੇਸ ਦਰਗਾਹ ਦੇ ਵਿਚੋਂ ਆਏ ਹੋਏ ਨੇ। ਕੋਈ ਚੀਜ਼ ਐਸੀ ਤਾਂ ਨਹੀਂ ਹੈ ਕਿ ਤੁਸੀਂ ਕੇਸ ਉਗਾਓ ਦਵਾਈਆਂ ਲਾ-ਲਾ ਕੇ। ਹਾਂ, ਇਹਦੇ ਵਿਪਰੀਤ ਕਰਨਾ ਜਿਹੜਾ ਹੈਗਾ, ਉਹਨੂੰ ਹਟਾ ਦਿੱਤਾ ਮਹਾਰਾਜ ਨੇ ਕਿ ਜਿਹੋ ਜਿਹੇ ਕੁਦਰਤੀ ਤੁਸੀਂ ਆਏ ਹੋਂ, ਉਹੋ ਜਿਹੇ ਰਹੋ। ਕੁਦਰਤ ਨੇ ਦਿੱਤੇ ਨੇ, ਕਦੇ ਖੋਜ ਹੋ ਜਾਏਗੀ, ਪਤਾ ਲੱਗ ਜਾਏਗਾ ਕਿ ਇਹ ਕਿੰਨੇ ਜ਼ਰੂਰੀ ਨੇ।

ਗੁਰੂ ਗ੍ਰੰਥ ਸਾਹਿਬ ਕਹਿੰਦੇ ਨੇ ਕਿ ਤਮੋ ਗੁਣੀ ਭੋਜਨ ਨਹੀਂ ਖਾਣਾ।

ਕਬੀਰ ਖੂਬੁ ਖਾਨਾ ਖੀਚਰੀ ਜਾ ਮਹਿ ਅੰਮ੍ਰਿਤੁ ਲੋਨੁ ॥
ਅੰਗ - ੧੩੭੪

ਸਾਦੀ ਰੋਟੀ ਖਾਓ -

ਹੇਰਾ ਰੋਟੀ ਕਾਰਨੇ ਗਲਾ ਕਟਾਵੈ ਕਉਨੁ ॥
ਅੰਗ- ੧੩੭੪

ਪਹਿਲਾਂ ਜਾਨਵਰ ਮਾਰ ਕੇ ਖਾਓ, 'ਹੇਰਾ' ਕਹਿੰਦੇ ਨੇ ਸ਼ਿਕਾਰ ਕਰਕੇ ਖਾਣਾ। ਹੇਰ, ਬਿਰਤੀ ਹੁੰਦੀ ਹੈ, ਸ਼ਿਕਾਰ ਵਾਲੀ ਬਿਰਤੀ। ਉਹਦੇ ਵਾਸਤੇ ਪਹਿਲਾਂ ਖਾਓ ਤੇ ਫੇਰ ਬਦਲੇ ਦੇ ਕੇ ਆਪਣੇ ਸਿਰ ਕਟਾਓ। ਇਸ ਤਰ੍ਹਾਂ ਦੇ ਨਾਲ ਦੂਸ਼ਿਤ ਹੋ ਜਾਂਦਾ ਹੈ ਪ੍ਰਚਾਰ। ਗਲਤ ਹੋ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਤੋਂ ਬਾਹਰਲੀ ਗੱਲ ਨਾ

ਮੰਨੋ ਸਾਧਸੰਗਤ ਜੀ, ਕੋਈ ਕਹਿੰਦਾ ਹੈ ਚਾਹੇ, ਕੁਛ ਕਹੀ ਜਾਵੇ। ਜੇ ਹਿੰਮਤ ਹੈ ਤਾਂ ਪੁੱਛ ਲਓ, ਗੁਰਬਾਣੀ 'ਚ ਪੁੱਛ ਲਓ ਕਿ ਕਿਤੇ ਆਉਂਦੀ ਹੈ ਇਹ ਗੱਲ, ਜਿਹੜੀ ਤੂੰ ਕਹੀ ਹੈ। ਰਲਦੀ ਗੱਲ ਕਹਿ ਰਿਹਾ ਹੈ ਕਿਉਂਕਿ ਬੋਲਣਾ ਹੈ, ਬੋਲਣ ਵਿੱਚ ਬਾਣੀ ਤਾਂ ਆਉਂਦੀ ਨਹੀਂ, ਵਿਆਖਿਆ ਹੁੰਦੀ ਹੈ। ਖਿਆਲਾਂ ਦੀ ਚੋਣ ਹੁੰਦੀ ਹੈ, ਉਹ ਜੇ ਗੁਰੂ ਸਾਹਿਬ ਦੇ ਨਾਲ ਚਲਦੇ ਨੇ, ਉਹਦੇ ਵਿਚ ਸਮਾਉਂਦੇ ਨੇ ਤਾਂ ਠੀਕ, ਜਦੋਂ ਉਸ ਤੋਂ ਉਲਟ ਕਹੇ ਤਾਂ ਫੇਰ ਗੱਲ ਸਾਨੂੰ ਮੰਨਣੀ ਨਹੀਂ ਚਾਹੀਦੀ। ਪਰ ਸਾਨੂੰ ਪਤਾ ਨਹੀਂ ਲਗਦਾ ਕਿ ਇਹ ਉਲਟ ਕਹਿ ਰਿਹਾ ਹੈ ਕਿ ਸਹੀ ਕਹਿ ਰਿਹਾ ਹੈ। ਕਿਉਂਕਿ ਸ਼ਬਦ ਦਾ ਬਲ ਬਹੁਤ ਜ਼ਬਰਦਸਤ ਹੈ। ਇਸ ਤਰ੍ਹਾਂ ਜੋ ਉਹ ਸਮਾਂ ਸੀ ਜਿਸ ਸਮੇਂ ਦੇ ਵਿਚ ਗੁਰੂ ਤੇਗ ਬਹਾਦਰ ਸਾਹਿਬ ਨੂੰ ਬੜੀ ਭਾਰੀ ਕੁਰਬਾਨੀ ਕਰਨੀ ਪਈ। ਉਹਦੇ ਨਾਲ ਚੁੱਪ-ਚਾਪ ਪੌਣੇ ਦੋ ਸੌ ਸਾਲ ਤੋਂ ਇੱਕ ਸੰਘਰਸ਼ ਚਲਿਆ ਆਉਂਦਾ ਸੀ ਕਿ ਸਭ ਨੂੰ ਆਜ਼ਾਦੀ ਚਾਹੀਦੀ ਹੈ, ਜਿਹਨੂੰ ਮਨੁੱਖੀ ਅਧਿਕਾਰ ਕਹਿ ਕੇ ਬੜਾ ਵਾ-ਵੇਲਾ ਕੀਤਾ ਜਾ ਰਿਹਾ ਹੈ। ਉਹ ਮਨੁੱਖੀ ਅਧਿਕਾਰ ਭਾਰਤ ਵਰਸ਼ ਵਿਚ ਹੈ ਨਹੀਂ ਸੀ ਓਸ ਸਮੇਂ। ਉਸ ਵੇਲੇ ਧੱਕੇ ਦਾ ਰਾਜ ਸੀ, ਮੂਰਖਾਂ ਦਾ ਰਾਜ ਸੀ। ਐਉਂ ਕਹਿ ਲਓ ਇਨਸਾਨੀਅਤ ਤੋਂ ਪਾਗਲ ਹੋਏ ਬੰਦਿਆਂ ਦਾ ਰਾਜ ਸੀ। ਜਿਨ੍ਹਾਂ ਦੇ ਮਨ ਦੇ ਵਿਚ ਨਾ ਪ੍ਰਮੇਸ਼ਰ ਦਾ ਭੈ, ਸਭ ਤੋਂ ਵੱਡੀ ਗੱਲ ਇਹ ਸੀ ਕਿ ਜਿਹੜਾ ਉਹ ਕੰਮ ਕਰਦੇ ਸੀ, ਉਹ ਕਹਿੰਦੇ ਸੀ ਅਸੀਂ ਪੁੰਨ ਕਰ ਰਹੇ ਹਾਂ। ਜਿਵੇਂ ਪੁੰਨ ਕਰ ਰਹੇ ਹਾਂ ਜਿਵੇਂ ਭੂਮੀਆਂ ਡਾਕੇ ਮਾਰ ਕੇ ਦਾਨ ਕਰ ਰਿਹਾ ਸੀ, ਦਾਨੀ ਬਣਿਆ ਹੋਇਆ ਸੀ, ਇਸੇ ਤਰ੍ਹਾਂ ਦੇ ਨਾਲ ਉਹ ਵੀ ਪੁੰਨ ਕਰ ਰਹੇ ਸੀ। ਪਾਪ ਨਹੀਂ ਸੀ ਕਰ ਰਹੇ। ਵਿਸ਼ਟਾ ਦੇ ਭਾਗੀ ਹੋ ਰਹੇ ਸੀ। ਕਿੰਨਾ ਜ਼ੁਲਮ ਕਰਦੇ ਸੀ। ਹਮਲਾ ਹੋਇਆ ਸੀ ਪਾਲਪੋਰਸ? ਦੇ ਉਤੇ, ਪੰਜ ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰਾ ਦਿੱਤਾ। ਅਯੁੱਧਿਆ 'ਤੇ ਹਮਲਾ ਹੁੰਦਾ ਹੈ, ਚੌਦਾ ਹਜ਼ਾਰ ਬੰਦਾ ਫੜ ਲਿਆ ਤੇ ਲਾਇਨ ਲਾ ਲਈ ਤੇ ਚੌਦਾ ਹਜ਼ਾਰ ਦਾ ਸਿਰ ਕੱਟ ਦਿੱਤਾ। ਬਨਾਰਸ 'ਤੇ ਹਮਲਾ ਹੋਇਆ, ਉਥੇ ਜ਼ਿਆਦਾ ਪੜ੍ਹੇ ਲਿਖੇ ਵਿਦਵਾਨ ਸੀ ਜਿਹਨੂੰ ਕਾਸ਼ੀ ਕਹਿੰਦੇ ਨੇ, ਇੱਕ ਵਾਰੀ ਪੁੱਛਿਆ ਗਿਆ ਕਿ ਜੇ ਜਾਨ ਚਾਹੀਦੀ ਹੈ, ਇਸ ਲਾਇਨ 'ਤੇ ਹੋ ਜਾਓ, ਇਸਲਾਮ ਧਾਰਨ ਕਰ ਲਓ। ਜੇ ਆਪਣਾ ਨਿਜ ਧਰਮ ਰੱਖਣਾ ਹੈ, ਇਹ ਤਿਲਕ 'ਤੇ ਜੰਞੂ ਨਹੀਂ ਅਸੀਂ ਨਹੀਂ ਰਹਿਣ ਦੇਣਾ ਭਾਰਤ ਵਰਸ਼ 'ਚ। ੩੩ ਹਜ਼ਾਰ ਬੰਦਾ ਲਾਈਨ 'ਚ ਖੜ੍ਹਾ ਕੇ ਕਤਲ ਕਰ ਦਿੱਤਾ। ਉਨ੍ਹਾਂ ਦੀਆਂ ਕਿਤਾਬਾਂ 'ਚ ਲਿਖਿਆ ਹੋਇਆ ਹੈ ਜਿਹੜਾ ਮੈਂ ਬੋਲ ਰਿਹਾ ਹਾਂ, ਇਤਿਹਾਸਾਂ 'ਚ ਲਿਖੀ ਹੋਈ ਉਨ੍ਹਾਂ ਹੀ ਲੋਕਾਂ ਨੇ। ਉਹਦੇ ਅੱਗੇ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਉਸ ਨੇ ਬੜਾ ਸਬਾਬ ਦਾ ਕੰਮ ਕੀਤਾ, ਪੁੰਨ ਦਾ ਕੰਮ ਕੀਤਾ ਕਿ ਐਨੇ ਕਾਫਰ ਰੱਬ ਦੀ ਦੁਨੀਆਂ 'ਚੋਂ ਚੁਣ ਕੇ ਮਾਰ ਦਿੱਤੇ ਤੇ ਐਨੇ ਮੋਮਨ ਬਣਾ ਲਏ। ਭਟਨੇਰ ਦੇ ਉਤੇ ਹਮਲਾ ਕੀਤਾ, 29000 ਬੰਦਾ ਖੜ੍ਹਾ ਕਰ ਲਿਆ, ਥੋੜ੍ਹਾ ਬਹੁਤਾ ਨਹੀਂ, ਰੂੰ ਲਪੇਟ ਦਿੱਤੀ ਉਨ੍ਹਾਂ ਦੇ ਆਲੇ ਦੁਆਲੇ। ਦਰਖਤਾਂ ਨਾਲ ਬੰਨ੍ਹ ਦਿੱਤੇ, ਰੱਸਿਆ ਨਾਲ ਬੰਨ੍ਹ ਦਿੱਤੇ। ਲੱਕੜੀਆਂ ਗੱਡ ਦਿੱਤੀਆਂ, 29000 ਬੰਦੇ ਜਿਵੇਂ ਬੱਲੀਆਂ ਗੱਡ ਦੇਈਏ, ਸਭ ਨੂੰ ਬੰਨ੍ਹ ਦੇਈਏ ਬੱਲੀਆਂ ਦੇ ਨਾਲ। ਬਾਹਾਂ ਬੰਨ੍ਹ ਦਿੱਤੀਆਂ ਪਿੱਛੇ। ਹਿੱਲਣ ਜੁੱਲਣ ਤੋਂ ਹਟਾ ਦਿੱਤੇ, ਰੂੰ ਵਲੇਟ ਦਿੱਤੀ ਆਲੇ-ਦੁਆਲੇ। ਇਕ ਦਮ ਇੱਕ ਪਾਸਿਓਂ ਅੱਗ ਲੱਗਣੀ ਸ਼ੁਰੂ ਹੋਈ, 29000 ਬੰਦਾ ਜਲ ਰਿਹਾ ਹੈ, ਕਿੰਨੀਆਂ ਚੀਕਾਂ ਮਾਰ ਰਿਹਾ ਹੈ, ਕਿੰਨੇ ਪ੍ਰਮੇਸ਼ਰ ਨੂੰ ਯਾਦ ਕਰਦੇ ਹੋਣੇ ਨੇ। ਜਾਲਣ ਤੋਂ ਬਾਅਦ ਉਹਨੇ ਲਿਖਿਆ ਹੈ ਕਿ ਅੱਜ ਮੈਂ ਬੜਾ ਭਾਰਾ ਪੁੰਨ ਕਰਿਆ ਹੈ ਤੇ ਬਹਿਸ਼ਤ ਦੇ ਦਰਵਾਜ਼ੇ ਜ਼ਰੂਰ ਖੁਲ੍ਹ ਜਾਣਗੇ ਤੇ ਇੱਕ ਲੱਖ 25000 ਬੰਦਾ, ਤੁਰਕੀ ਦੇ ਤੈਮੂਰ ਆਇਆ, ਉਸਨੇ ਇੱਕ ਲੱਖ ਪੱਚੀ ਹਜ਼ਾਰ ਬੰਦਾ ਕਤਲ ਕਰਾ ਦਿੱਤਾ। ਉਹਦੀ ਫੌਜ ਸੀ ਡੇਢ ਲੱਖ ਦੀ, ਉਹ ਕਹਿੰਦਾ ਦੇਖੋ ਭਾਰਤ ਵਰਸ਼ ਵਿੱਚ ਤੁਸੀਂ ਆਏ, ਇਨ੍ਹਾਂ ਕੋਲ ਕੋਈ ਦੌਲਤ ਨਹੀਂ ਚਾਹੀਦੀ, ਕੋਈ ਚੰਗਾ ਬੱਚਾ ਨਹੀਂ, ਕੋਈ ਲੜਕੀ ਨਹੀਂ ਇਨ੍ਹਾਂ ਕੋਲ ਚੰਗੀ ਰਹਿਣੀ ਚਾਹੀਦੀ। ਸਭ ਲੈ ਜਾਓ ਤੁਹਾਨੂੰ ਖੁਲ੍ਹ ਹੈ, ਡੇਢ ਲੱਖ ਬੰਦਾ ਲੁੱਟਣ ਲੱਗਿਆ ਹੈ, ਲੁਟੇਰਾ ਲੁੱਟਣ ਲੱਗਿਆ ਸੀ। ਕਿੰਨੀ ਕੁ ਦੌਲਤ ਲੈ ਗਏ ਇਹਦਾ ਕਿਸੇ ਨੇ ਹਿਸਾਬ ਨਹੀਂ ਲਾਇਆ। ਸੋ ਇਸ ਤਰ੍ਹਾਂ ਦੇ ਨਾਲ ਤੈਮੂਰ ਆਉਂਦਾ ਹੈ ਹਿੰਦੋਸਤਾਨ ਦੇ ਅੰਦਰ, ਉਹਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਮੈਂ ਭਾਰਤ ਵਰਸ਼ ਦੇ ਵਿਚ ਜਾ ਕੇ ਇੱਕ ਵੱਡਾ ਪੁੰਨ ਦਾ ਕੰਮ ਕੀਤਾ ਕਿ ਮੈਂ ਸੱਤ ਲੱਖ ਕਾਫਰਾਂ ਨੂੰ ਕਤਲ ਕਰਵਾ ਦਿੱਤਾ ਤੇ ਢਾਈ ਲੱਖ ਮੈਂ ਮੋਮਨ ਬਣਾ ਲਏ। ਇਸੇ ਤਰ੍ਹਾਂ ਦੇ ਨਾਲ ਜ਼ੁਲਮ ਹੁੰਦਾ ਚਲਿਆ ਗਿਆ, ਮਹਿਮੂਦ ਆਇਆ, ਬਹੁਤ ਹੀ ਸ਼ਾਨਦਾਰ ਮੰਦਰ ਬਣਿਆ ਸੀ ਉਥੇ। ਦੁਨੀਆਂ ਦੇ ਵਿੱਚ ਉਸ ਤਰ੍ਹਾਂ ਦੀ ਬਿਲਡਿੰਗ ਨਾ ਕਿਤੇ ਦੇਖਣ ਨੂੰ ਆਉਂਦੀ ਸੀ ਨਾ ਸੁਣਨ ਨੂੰ ਆਉਂਦੀ ਸੀ। ਉਹ ਮੰਦਰ ਦੇ ਬਣਾਉਣ ਵਾਸਤੇ 80 ਕਰੋੜ ਮੋਹਰ ਲੱਗੀ ਸੀ, ਉਸ ਸਮੇਂ ਦੀ। ਜਦੋਂ ਇੱਕ ਰੁਪਏ ਦੇ ਨੌਂ ਮਣ ਛੋਲੇ ਆਉਂਦੇ ਹੁੰਦੇ ਸੀ। 80 ਕਰੋੜ ਦਾ ਮਤਲਬ ਹੈ ਕਿ ਖਰਬਾਂ ਰੁਪਿਆ ਲੱਗਿਆ ਸੀ ਉਹਨੂੰ ਬਣਾਉਣ ਵਾਸਤੇ, ਪੰਜ ਸੌ ਰਾਜ ਲੱਗੇ ਰਹੇ, ਸੌ ਸਾਲ 'ਚ ਬਣਿਆ। ਮਿੰਟਾਂ 'ਚ ਹੀ ਉਹਨੇ ਬਾਰੂਦ ਪਾ-ਪਾ ਕੇ, ਜੜ੍ਹਾਂ ਤੋਂ ਹਟਾ ਕੇ ਮਸਜਿਦ ਬਣਾ ਦਿੱਤੀ ਇਹਦੇ ਥਾਂ 'ਤੇ। 1266 'ਚ ਇੱਕ ਬਹੁਤ ਵੱਡਾ ਮੰਦਰ ਸੀ, ਭਿਲਸਾ ਦਾ ਦੱਖਣ ਵਿਚ ਤੇ ਸਮਸ਼ਦੀਨ ਗੌਰੀ ਨੇ ਉਥੇ ਚੜ੍ਹਾਈ ਕੀਤੀ, 72 ਕਰੋੜ ਦੇ ਹੀਰੇ ਇਸ ਮੰਦਰ 'ਚੋਂ ਇਹਦੇ ਹੱਥ ਲੱਗੇ ਢਾਹੁੰਣ ਵੇਲੇ। 315 ਫੁੱਟ ਉੱਚਾ ਮੰਦਰ ਅੱਧੇ ਕੋਹ ਲੰਬਾ, ਤਿੰਨ ਸੌ ਸਾਲ ਵਿੱਚ ਬਣਿਆ ਸੀ। ਪੰਜਾਹ ਹਜ਼ਾਰ ਹਿੰਦੂਆਂ ਨੂੰ ਉਥੇ ਖੜ੍ਹੇ ਕਰਕੇ ਸਾਰੇ ਮੰਦਰ ਦੀਆਂ ਮੂਰਤੀਆਂ ਇਕੱਠੀਆਂ ਕਰਕੇ ਪੰਜਾਹ ਹਜ਼ਾਰ ਬੰਦਾ ਮੂਰਤੀਆਂ ਦੇ ਉਤੇ ਖੜ੍ਹਾ ਕੇ ਕਤਲ ਕਰਿਆ। ਮੂਰਤੀਆਂ ਖੂਨ ਵਿੱਚ ਡੁੱਬ ਗਈਆਂ। ਉਹਦੇ ਉਤੇ 25000 ਬੰਦਿਆਂ ਨੇ ਖੜ੍ਹੇ ਹੋ ਕੇ ਨਮਾਜ਼ ਪੜ੍ਹੀ ਤੇ ਅੱਲਾਹ ਤਾਲਾਹ ਨੂੰ ਕਿਹਾ ਕਿ ਹੇ ਅੱਲਾਹ ਤਾਲਾ! ਅੱਜ ਜਿੰਨਾਂ ਨੇਕ ਕੰਮ ਅਸੀਂ ਕਰਿਆ ਹੈ, ਇਹ ਸਾਡਾ ਗਿਣਤੀ 'ਚ ਪਾ ਲੈ। ਮੁਹੰਮਦ ਕਾਸਮ ਆਇਆ, ਉਹਨੇ 11000 ਬੰਦਾ ਬਗਦਾਦ ਭੇਜਿਆ, ਖਲੀਫਾ ਹਰਨਸ਼ੀਦ ਦੇ ਗੁਲਾਮ ਬਣਾ ਕੇ। ਬਹਿਮਨਾਬਾਦ 'ਚ ਗਿਆ, 16000 ਕਤਲ ਕਰਾਏ, ਅਬਦੁੱਲ ਰਜ਼ਾਕ ਆਇਆ 700 ਸੰਮਤ 'ਚ, ਉਹਨੇ ਜਾ ਕੇ ਦੱਸਿਆ ਤੁਰਕੀ ਦੇ ਅੰਦਰ ਕਿ ਮੈਂ ਬਹਿਸ਼ਤ ਦੇਖ ਕੇ ਆਇਆ ਹਾਂ। ਭਾਰਤ ਵਰਸ਼ ਬਹਿਸ਼ਤ ਹੈ, ਕਹਿੰਦੇ ਉਹ ਕਿਹੜੀ ਗੱਲ ਹੈ? ਕਹਿੰਦੇ ਉਥੇ ਲੋਕ ਐਨੇ ਨੇ ਨਾ ਕੋਈ ਝੂਠ ਬੋਲਦਾ ਹੈ, ਨਾ ਕੋਈ ਸ਼ਰਾਬ ਪੀਂਦਾ ਹੈ, ਨਾ ਕੋਈ ਵਿਭਚਾਰ ਕਰਦਾ ਹੈ, ਨਾ ਕੋਈ ਉਥੇ ਚੋਰੀ ਕਰਦਾ ਹੈ, ਰਾਜ ਵਲੋਂ ਹੁਕਮ

ਹੈ ਕਿ ਦਰਵਾਜ਼ੇ ਨਹੀਂ ਬੰਦ ਕਰਨੇ, ਜੌਹਰੀਆਂ ਦੇ ਦਰਵਾਜ਼ੇ ਖੁੱਲ੍ਹ ਪਏ ਨੇ। ਉਨ੍ਹਾਂ ਦੇ ਹੀਰੇ-ਮੋਤੀਆਂ ਦੇ ਢੇਰ ਲੱਗੇ ਹੋਏ ਨੇ, ਜਿਵੇਂ ਆਪਣੇ ਦਾਣਿਆਂ ਦੇ ਢੇਰ ਲੱਗੇ ਹੁੰਦੇ ਨੇ। ਉਸੇ ਤਰ੍ਹਾਂ ਛੱਡ ਕੇ ਚਲੇ ਜਾਂਦੇ ਨੇ, ਕਿ ਦੀ ਕੋਈ ਚੋਰੀ ਨਹੀਂ ਹੁੰਦੀ, ਐਸਾ ਧਰਮ ਦਾ ਦੇਸ਼ ਹੈ ਉਹ ਉਹਨੇ ਤਾਰੀਫਾਂ ਲਿਖੀਆਂ ਜਿੰਨੀਆਂ ਜੀਅ ਭਰ ਕੇ ਲਿਖਦਾ ਸੀ। ਇੱਥੇ ਦੇ ਸਾਧੂਆਂ ਦੇ ਬਚਨ ਲਿਖੇ ਨੇ। ਇਸ ਤਰ੍ਹਾਂ ਸਿਕੰਦਰ ਲੋਧੀ ਆਇਆ ਜਿਹਨੇ ਨਾਮਦੇਵ ਦੇ ਕੋਲ ਗਊ ਮਾਰ ਕੇ ਰੱਖ ਦਿੱਤੀ। ਜਿਹਨੇ ਕਬੀਰ ਸਾਹਿਬ ਨੂੰ ਫੜ ਕੇ ਅੱਗ 'ਚ ਬਿਠਾ ਦਿੱਤਾ, ਪਾਣੀ ਦੇ ਵਿੱਚ ਡੋਬਣ ਦਾ ਯਤਨ ਕਰਿਆ-

ਗੰਗਾ ਕੀ ਲਹਰਿ ਮੇਰੀ ਟੁਟੀ ਜੰਜੀਰ ॥

ਅੰਗ - ੧੧੬੨

ਉਹ ਕਹਿੰਦਾ ਮੈਂ 4 ਲੱਖ 32 ਹਜ਼ਾਰ ਮੋਮਨ ਬਣਾਏ। ਜਿਵੇਂ ਅਸੀਂ ਕਹਿੰਦੇ ਹਾਂ ਕਿ ਐਨਿਆਂ ਨੂੰ ਅੰਮ੍ਰਿਤ ਛਕਾਇਆ ਤੇ ਦੋ ਲੱਖ ਪੜ ਹਜ਼ਾਰ ਮੈਂ ਕਤਲ ਕਰਾਏ। ਇਸ ਨੂੰ ਮਹਾਰਾਜ ਕਹਿੰਦੇ ਨੇ ਕਿ ਐਸਾ ਯੁੱਗ ਚੱਲ ਰਿਹਾ ਸੀ। ਨਾਮ ਧਰਮ ਦਾ ਸੀ, ਹੋ ਰਿਹਾ ਸੀ ਅਧਰਮ। ਉਨ੍ਹਾਂ ਨੂੰ ਕਿਵੇਂ ਸਮਝਾਇਆ ਜਾਵੇ, ਜਦ ਬੰਦਾ ਕਹਿ ਰਿਹਾ ਹੈ ਮੈਂ ਧਰਮ ਕਰ ਰਿਹਾ ਹਾਂ। ਸਾਡੇ ਮਨਾਂ 'ਚ ਖਿਆਲ ਹੈ ਜੇ ਕਹਿੰਦੇ ਹਾਂ ਕਿ ਭਾਈ ਪ੍ਰੇਮੀਆਂ! ਤੂੰ ਕਾਹਨੂੰ ਬੱਕਰਾ ਮਾਰਦਾ ਹੈਂ? ਕਹਿੰਦਾ ਮੈਂ ਬੱਕਰਾ ਮਰਦਾ ਹਾਂ, ਮੈਂ ਤਾਂ ਇਹਦੀ ਮੁਕਤੀ ਕਰਦਾ ਹਾਂ? ਭਾਈ ਮੁਕਤੀ ਤਾਂ ਅਜੇ ਤੇਰੀ ਵੀ ਨਹੀਂ ਹੋਈ ਹੈ, ਤੂੰ ਬਾਕੀਆਂ ਦੀ ਮੁਕਤੀ ਕੀ ਕਰ ਦਏਂਗਾ? ਕਿਉਂਕਿ ਮਨ ਵਿੱਚ ਗਲਤ ਧਾਰਨਾ ਧਾਰ ਲਈ। ਉਹਦੇ ਨਾਲ ਭਾਈ ਗੁਰਦਾਸ ਨੂੰ ਲਿਖਣਾ ਪਿਆ। ਇਹ ਹਨ੍ਹੇਰਾ ਨਹੀਂ ਸੀ ਪ੍ਰੇਮੀਓਂ! ਗਲਤਫਹਿਮੀ 'ਚ ਨਾ ਰਹਿਓ। ਧੁੰਦ ਸੀ ਉਸ ਵੇਲੇ। ਧੁੰਦ ਦੇ ਵਿਚ ਨਹੀਂ ਦਿਸਦਾ। ਅੱਜ ਅਸੀਂ ਸਵੇਰੇ ਗਏ, ਵੀਹ ਗਜ਼ 'ਤੇ ਵੀ ਨਾ ਨਜ਼ਰ ਆਵੇ। ਤਿੰਨ ਲੱਗੇ ਹੋਏ ਬਲਬ, ਤਿੰਨੋਂ ਜਾਲੇ ਹੋਏ, ਰੋਸ਼ਨੀ ਸਾਨੂੰ ਹੀ ਵਾਪਸ ਆਵੇ, ਬਦਲ ਦੇ ਵਿਚ ਰਲ ਕੇ। ਧੁੰਦ ਦੇ ਵਿਚ ਪ੍ਰਕਾਸ਼ ਨਹੀਂ ਹੁੰਦਾ, ਲੇਕਿਨ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਧੁੰਦ ਨੂੰ ਹੱਥ ਪਾਇਆ।

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧੁ ਜਗਿ ਚਾਨਣੁ ਹੋਆ।

ਭਾਈ ਗੁਰਦਾਸ ਜੀ, ਵਾਰ ੨੭/੧

ਚਾਨਣਾ ਲਿਆਂਦਾ ਮਹਾਰਾਜ ਜੀ ਨੇ। ਸੋ ਉਸ ਵੇਲੇ ਦੀ ਹਾਲਤ ਜੋ ਦਸਦੇ ਨੇ ਕਿ ਦੁਖੀ ਰੋ ਰਹੇ ਸੀ, ਕੋਈ ਉਨ੍ਹਾਂ ਦੀ ਫਰਿਆਦ ਨਹੀਂ ਸੀ ਸੁਣਦਾ। ਇਨਸਾਨੀਅਤ ਨਾਮ ਦੇ ਉਤੇ ਵਾਸਤੇ ਪਾ ਰਹੇ ਸੀ। ਕੋਈ ਸਮਝਣ ਦਾ ਯਤਨ ਨਹੀਂ ਸੀ ਕਰਦਾ। ਕਿਉਂਕਿ ਸਮਝਣਾ ਕੀਹਨੇ ਸੀ ਸ਼ਾਸਕ ਵਰਗ ਨੇ। ਜਿਹੜਾ ਰਾਜ ਕਰਦਾ ਹੈ, ਉਹਨੇ ਸਮਝਣਾ ਹੁੰਦਾ ਹੈ। ਦੂਜੇ ਤਾਂ ਵਿਚਾਰੇ ਬੇਬਸ ਹੁੰਦੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਉਹ ਵੀ ਮਾਰੇ ਜਾ ਰਹੇ ਨੇ, ਭਾਈ ਗੁਰਦਾਸ ਜੀ ਉਸ ਵੇਲੇ ਦਾ ਜੋ ਵਾਤਾਵਰਣ ਸੀ, ਉਹਦੇ ਬਾਰੇ ਇਸ ਤਰ੍ਹਾਂ ਨਾਲ ਫੁਰਮਾਨ ਕਰਦੇ ਨੇ ਪੜ੍ਹੋ ਪਿਆਰ ਨਾਲ-

ਧਾਰਨਾ - ਸਾਰੇ ਜਗ 'ਤੇ ਪਸਾਰਾ ਹੋ ਗਿਆ ਪਾਪ ਦਾ,
ਰੋਣਾ ਕੌਣ ਸੁਣੇ ਦੁਖੀ ਦਾ।

ਜਦੋਂ ਕੋਈ ਕਾਨੂੰਨ ਹੀ ਨਾ ਰਿਹਾ ਹੋਵੇ, ਰਾਜ ਦਾ ਕੋਈ ਅਸੂਲ ਹੀ ਨਾ ਹੋਵੇ, ਫੇਰ ਕੌਣ ਸੁਣਦਾ ਹੈ ਗਰੀਬ ਦੀ ਗੱਲ। ਨਾ ਕੋਈ ਕਚਹਿਰੀ ਸੁਣ ਸਕਦੀ ਹੈ, ਥੋੜ੍ਹਾ ਚਿਰ ਪਹਿਲਾਂ ਐਮਰਜੈਂਸੀ ਦੇ ਵਿਚ ਕਾਨੂੰਨ ਹਟ ਗਏ ਸੀ। ਸਾਡੀਆਂ ਜ਼ਮੀਨਾਂ ਖੋਹ ਲਈਆਂ। ਜਦੋਂ ਕੋਰਟ ਜਾਈਏ, ਕਹਿੰਦੇ ਜੀ ਕੋਈ ਰੱਖ ਹੀ ਨਹੀਂ ਸਕਦਾ ਤੁਹਾਨੂੰ। ਕਿਉਂਕਿ ਉਨ੍ਹਾਂ ਨੇ ਕਾਨੂੰਨ ਹੀ ਐਸੇ ਬਣਾ ਦਿੱਤੇ। ਅਰਬਾਂ ਰੁਪਏ ਦੀਆਂ ਜ਼ਮੀਨਾਂ ਸੀਲਿੰਗ 'ਚ ਲਿਆ ਦਿੱਤੀਆਂ। ਉਸ ਵੇਲੇ ਜੇ ਕੋਈ ਆ ਕੇ ਫਰਿਆਦ ਕਰਦਾ ਹੈ, ਕਹਿੰਦੇ ਨਾ ਜੀ ਕਾਨੂੰਨ ਤਾਂ ਬੰਦ ਹੋ ਗਿਆ। ਹੁਣ ਤਾਂ ਅਖਤਿਆਰ ਹੋਰ ਚਲਦੇ ਨੇ। ਅੱਜ ਦੇ ਜ਼ਮਾਨੇ 'ਚ ਵੀ ਇਹ ਗੱਲਾਂ ਹੋ ਜਾਂਦੀਆਂ ਨੇ, ਜਿਹਨੂੰ ਮਨੁੱਖੀ ਅਧਿਕਾਰ ਕਹਿੰਦੇ ਨੇ, ਉਹ ਬਹੁਤ ਸੁਲਝੇ ਹੋਏ ਬੰਦੇ ਨੇ ਜਿਹੜੇ ਇਹਦੀ ਗੱਲ ਕਰਦੇ ਨੇ। ਪਰ ਧੱਕਾ-ਧੋੜਾ ਹੀ ਚਲਦਾ ਹੈ। ਅਣਜਾਣਪੁਣਾ ਹੀ ਚਲਦਾ ਹੈ, ਭਾਈ ਗੁਰਦਾਸ ਜੀ ਲਿਖਦੇ ਨੇ ਕਿ ਉਹ ਸਮਾਂ ਐਸਾ ਸੀ, ਧਰਮ ਦੇ ਉਤੇ ਕਿਸੇ ਦਾ ਅਕੀਦਾ ਨਹੀਂ ਸੀ, ਜਿੰਨੇ ਬੰਦੇ ਸੀ ਓਨੇ ਧਰਮ। ਇੱਕ ਘਰ 'ਚ ਦਸ ਬੰਦੇ ਰਹਿੰਦੇ ਨੇ ਕੋਈ ਸੂਰਜ ਨੂੰ ਮੰਨਦਾ ਹੈ, ਕੋਈ ਚੰਦ ਨੂੰ ਮੰਨਦਾ ਹੈ, ਕੋਈ ਦਰਖਤਾਂ ਨੂੰ ਮੰਨਦਾ ਹੈ, ਕੋਈ ਕਬਰ ਨੂੰ ਮੰਨਦਾ ਹੈ। ਕੋਈ ਰਾਮਚੰਦਰ ਜੀ ਨੂੰ ਮੰਨਦਾ ਹੈ, ਕੋਈ ਕ੍ਰਿਸ਼ਨ ਮਹਾਰਾਜ ਜੀ ਨੂੰ ਮੰਨਦਾ ਹੈ। ਕੋਈ ਕਿਸੇ ਚੀਜ਼ ਨੂੰ, ਕੋਈ ਧਰਮਰਾਜ ਨੂੰ ਮੰਨਦਾ ਹੈ, ਕੋਈ ਕਿਸੇ ਦੇਵਤੇ ਨੂੰ ਮੰਨਦਾ ਹੈ, ਇੱਕ ਨੂੰ ਕੋਈ ਮੰਨਣ ਵਾਲਾ ਹੀ ਨਹੀਂ ਸੀਗਾ। ਕਹਿੰਦੇ, ਐਸੀ ਸੰਸਾਰ ਦੇ ਉਤੇ ਗੱਲਬਾਤ ਚੱਲ ਪਈ। ਉਸ ਸਮੇਂ ਦੇ ਵਿੱਚ ਇੱਕ ਮਹਾਨ ਵਿਅਕਤੀ ਆਈ ਜਿਸਨੂੰ ਮੁਹੰਮਦ ਸਾਹਿਬ ਕਹਿੰਦੇ ਨੇ। ਬਹੁਤ ਸੁਲਝੇ ਹੋਏ, ਬਹੁਤ ਹੀ ਜਾਗੇ ਹੋਏ ਪੁਰਸ਼ ਸੀਗੇ ਆਪ। ਤਪਸਿਆ, ਤਤਕਿਸ਼ਾ, ਤਿਆਗ ਬਹੁਤ ਜ਼ਿਆਦਾ ਸੀ ਉਨ੍ਹਾਂ ਦੇ ਅੰਦਰ। ਲਿਖਣ ਵਾਲੇ ਕੁਛ ਲਿਖੀ ਜਾਣ। ਪ੍ਰਮੇਸ਼ਰ ਦਾ ਗਿਆਨ ਨਹੀਂ ਸੀ ਹੋ ਸਕਦਾ ਜੇ ਉਚੇ ਨਾ ਹੁੰਦੇ। 40 ਸਾਲ ਦੀ ਉਮਰ ਦੇ ਵਿਚ ਉਨ੍ਹਾਂ ਨੂੰ ਗਿਆਨ ਦਾ ਪ੍ਰਕਾਸ਼ ਹੋਇਆ, ਉਸ ਤੋਂ ਬਾਅਦ ਉਨ੍ਹਾਂ ਨੇ ਸੰਸਾਰ ਨੂੰ ਹੋਕਾ ਦੇਣਾ ਸ਼ੁਰੂ ਕਰਿਆ। ਇੱਕ ਧਰਮ ਚਲਾਇਆ ਜਿਸਨੂੰ ਪਿਆਰ ਤੇ ਮੁਹੱਬਤ ਦਾ ਧਰਮ, ਇਸਲਾਮ ਕਹਿੰਦੇ ਨੇ। ਲੇਕਿਨ ਉਹਦੇ ਵਿਚ ਛੇਤੀ ਨਾਲ ਬਦਲਾਵ ਆ ਗਿਆ। ਲੋਕਾਂ ਨੇ ਉਹਨੂੰ ਚੱਲਣ ਨਾ ਦਿੱਤਾ। ਮੁਹੰਮਦ ਸਾਹਿਬ ਨੂੰ ਵੀ ਮਾਰ ਕੇ ਸੁੱਟ ਦਿਤਾ, ਦੂਜੇ ਵੀ ਮਾਰ ਦਿੱਤੇ। ਮੁਰਦਿਆਂ 'ਚੋਂ ਉਠ ਕੇ ਮਦੀਨੇ ਚਲਿਆ ਗਿਆ, ਉਥੇ ਜਾ ਕੇ ਇਹਨੇ ਕਿਹਾ, ਕਿ ਇਹ ਖਿਆਲਾਂ ਦੀ ਰਾਖੀ ਕਰਨ ਵਾਸਤੇ, ਨੇਕੀ ਨੂੰ ਉਗਾਉਣ ਵਾਸਤੇ ਜੱਥੇਬੰਦੀ ਦੀ ਲੋੜ ਹੈ। ਜੱਥੇਬੰਦੀ ਹੋ ਗਈ, ਜਿਸ ਵਕਤ ਕਿਸੇ ਵੀ ਧਰਮ ਦੇ ਵਿਚ ਕਰਮਕਾਂਡ ਸ਼ਾਮਿਲ ਹੋ ਜਾਏਗਾ। ਉਸ ਵੇਲੇ ਉਹਦੀਆਂ ਬਹੁਤ ਸਾਰੀਆਂ ਕਦਰਾਂ ਕੀਮਤਾਂ ਜਿਹੜੀਆਂ ਨੇ, ਉਨ੍ਹਾਂ ਦੇ ਮਤਲਬ ਬਦਲ ਜਾਂਦੇ ਨੇ। ਸੋ ਉਹਦੇ ਨਾਲ ਬੰਦੇ ਤਕੜੇ ਹੋ ਗਏ, ਦੂਜੇ ਹਾਰਨ ਲੱਗ ਗਏ, ਰਾਜ ਕਰਨ ਲਗ ਗਏ। ਬੰਦੇ ਓਹੀ ਸੀ, ਇਸਲਾਮ ਧਾਰਨ ਕਰ ਲਿਆ। ਲੇਕਿਨ ਕੁਰਾਨ ਸ਼ਰੀਫ ਦੀ ਜੋ ਤਸ਼ਰੀਹ ਸੀ, ਉਹਦੇ ਮਾਇਅਨੇ ਸੀ ਉਹ ਬਦਲ ਦਿੱਤੇ। ਕਾਫਰ ਉਹਨੂੰ ਕਹਿਣ ਲੱਗ ਗਏ ਜਿਹੜਾ ਇਸਲਾਮ ਵਿੱਚ ਨਹੀਂ ਸੀ ਆਇਆ। ਕਾਫਰ ਉਹ ਹੁੰਦਾ ਹੈ ਜਿਹਨੂੰ ਅਸੀਂ ਮਨਮੁੱਖ ਤੇ ਬੇਮੁਖ ਕਹਿੰਦੇ ਹਾਂ। ਅਸੀਂ ਵੀ ਮਨਮੁੱਖ ਨੂੰ ਕਹਿੰਦੇ ਹਾਂ -

ਮਨਮੁਖੁ ਦੁਖ ਕਾ ਖੇਤੁ ਹੈ ਦੁਖੁ ਬੀਜੇ ਦੁਖੁ ਖਾਇ ॥

ਦੁਖ ਵਿਚਿ ਜੰਮੈ ਦੁਖਿ ਮਰੈ ਹਉਮੈ ਕਰਤ ਵਿਹਾਇ ॥
ਅੰਗ - ੯੪੭

ਮਨ ਦੇ ਪਿੱਛੇ ਲਗਣ ਵਾਲਾ ਬੰਦਾ ਚਾਹੇ ਕਿਸੇ ਧਰਮ ਦਾ ਹੈ, ਉਹ ਮਨਮੁਖ ਹੋਏਗਾ। ਪ੍ਰਮੇਸ਼ਰ ਦੇ ਉਤੇ ਯਕੀਨ ਨਾ ਲਿਆਉਣ ਵਾਲਾ ਬੰਦਾ, ਕਾਫਰ ਹੋਏਗਾ। ਸੋ ਪਰਿਭਾਸ਼ਾ ਗਲਤ ਹੋ ਗਈ, ਦੂਸਰਿਆਂ ਨੂੰ ਇਨ੍ਹਾਂ ਨੇ ਜ਼ੋਰ ਜ਼ਬਰ ਨਾਲ ਬਣਾਉਣਾ ਸ਼ੁਰੂ ਕਰ ਦਿੱਤਾ। ਮੁਹੰਮਦ ਸਾਹਿਬ ਹੋਏ ਤੇ ਚਾਰ ਯਾਰ ਹੋਏ ਉਨ੍ਹਾਂ ਦੇ - ਅੱਬੂਬਕਰ ਸਦੀਕ, ਉਮਰਫਾਰੂਕ, ਉਸਮਾਨ ਗਨੀ ਤੇ ਹਜ਼ਰਤ ਅਲੀ; ਇਨ੍ਹਾਂ ਨੂੰ ਮੰਨਣ ਵਾਲੇ ਚਾਰ ਹਿੱਸਿਆਂ 'ਚ ਵੰਡੇ ਗਏ ਫੇਰ 72 ਖਿਆਲ ਹੋ ਗਏ ਜਿਵੇਂ ਹੁਣ ਗੁਰੂ ਗ੍ਰੰਥ ਸਾਹਿਬ ਨੂੰ ਤਾਂ ਮੰਨਦੇ ਨੇ, ਸਾਡੇ ਵੀ ਬੇਅੰਤ ਮੰਨਦੇ ਜਾਂਦੇ ਨੇ, ਹੌਲੀ-ਹੌਲੀ। ਕੋਈ circle ਜਿਹੇ ਬਣਦੇ ਜਾਂਦੇ ਨੇ। ਉਨ੍ਹਾਂ ਦੀ ਆਪਣੀ ਪਰਿਭਾਸ਼ਾ ਹੁੰਦੀ ਹੈ, ਆਪਣੇ ਖਿਆਲ ਹੁੰਦੇ ਨੇ, ਇੱਕ ਦੂਜੇ ਦਾ ਖਿਆਲ ਇੱਕ ਦੂਜੇ ਨਾਲ ਰਲਦਾ ਨਹੀਂ। ਫੇਰ ਸੁੰਨੀ ਹੋ ਗਏ, ਹੋਰ ਦੂਸਰੇ ਹੋ ਗਏ। ਇਸ ਤਰ੍ਹਾਂ ਦੇ ਨਾਲ ਕਹਿੰਦੇ ਆਪਸ ਵਿਚ ਹੀ ਰੌਲਾ ਪੈ ਗਿਆ।

ਕਉਮਿ ਬਹਤਰਿ ਸੰਗਿ ਕਰਿ
ਬਹੁਤ ਬਿਧਿ ਵੈਰੁ ਵਿਰੋਧ ਪਸਾਰਾ।
ਰੋਜੇ, ਈਦ, ਨਿਮਾਜਿ ਕਰਿ
ਕਰਮੀ ਬੰਦਿ ਕੀਆ ਸੰਸਾਰਾ॥
ਭਾਈ ਗੁਰਦਾਸ ਜੀ, ਵਾਰ ੧/੨●

ਕਰਮਾਂ 'ਚ ਬੰਨ੍ਹ ਦਿੱਤਾ ਕਿ ਤੀਹ ਰੋਜ਼ੇ ਰੱਖੋ। ਕਹਿੰਦੇ, ਰੋਜ਼ੇ ਰੱਖਣੇ ਮਾੜੇ ਨੇ? ਨਹੀਂ ਮਾੜੇ ਨਹੀਂ। ਵਰਤ ਰਖਣੇ ਮਾੜੇ ਨੇ? ਕਹਿੰਦੇ ਨਹੀਂ ਮਾੜੇ ਨਹੀਂ, ਜੇ ਕੋਈ ਜ਼ੋਰ ਨਾਲ ਰਖਵੇ ਉਹ ਗੱਲ ਮਾੜੀ ਹੁੰਦੀ ਹੈ।

ਜਦੋਂ ਭਾਈ ਮਨਸੁਖ ਜੀ ਜਾਂਦੇ ਨੇ ਲੰਕਾ 'ਚ, ਉਨ੍ਹਾਂ ਨੂੰ ਬਹੁਤ ਵੱਡੀ ਸਜ਼ਾ ਦੇ ਦਿੱਤੀ ਸੀ ਰਾਜੇ ਸ਼ਿਵਨਾਭ ਨੇ ਕਿ ਇਸਨੇ ਵਰਤ ਨਹੀਂ ਰੱਖਿਆ। ਇਸੇ ਤਰ੍ਹਾਂ ਹੋਰ ਵੀ ਅਨੇਕਾਂ ਨੇ। ਕਹਿੰਦੇ ਵਰਤ ਤਾਂ ਅਸੀਂ ਰੱਖਦੇ ਹਾਂ, ਰੋਜ਼ ਵਰਤ ਰਖਦੇ ਹਾਂ। ਚਾਰ ਰੋਟੀਆਂ ਦੀ ਥਾਂ 'ਤੇ ਅਸੀਂ ਤਿੰਨ ਖਾਂਦੇ ਹਾਂ। ਭੁੱਖ ਸਾਨੂੰ ਚਾਰ ਦੀ ਹੁੰਦੀ ਹੈ, ਅਸੀਂ ਤਾਂ ਰੋਜ਼ ਦੇ ਵਰਤ ਰੱਖਣ ਵਾਲੇ ਹਾਂ -

ਅਲਪ ਅਹਾਰ ਸੁਲਪ ਸੀ ਨਿੰਦ੍ਰਾ
ਦਇਆ ਛਿਮਾ ਤਨ ਪ੍ਰੀਤ।

ਤੁਸੀਂ 30 ਦਿਨ ਰਖਦੇ ਓਂ, ਅਸੀਂ ਸਾਰ ਸਾਲ ਹੀ ਰਖਦੇ ਹਾਂ। ਬੰਧਨ ਪਾ ਦਿੱਤਾ, ਦੋ ਈਦਾਂ ਹੋ ਗਈਆਂ, ਪੰਜ ਨਮਾਜ਼ਾਂ ਹੋ ਗਈਆਂ। ਪੰਜ ਵੇਲੇ ਰੱਬ ਯਾਦ ਕਰਨਾ ਹੈ। ਬਾਕੀ ਚਾਹੇ ਭੁੱਲੇ ਰਹੋ ਸਾਰਾ ਦਿਨ। ਉਹ ਪੰਜ ਜ਼ਰੂਰ ਕਰ ਲੈਣੀਆਂ ਨੇ। ਕਰਿਆ ਤਾਂ ਮੋਮਨ, ਨਾ ਕਰਿਆ ਤਾਂ ਕਾਫਰ। ਕਹਿੰਦੇ ਬੰਨ੍ਹ ਦਿੱਤੇ ਬੰਦੇ, ਸੰਗਲ ਨਾਲ ਬੰਨ੍ਹ ਦਿਤੇ।

..........ਕਰਨੀ ਬੰਦ ਕੀਆ ਸੰਸਾਰਾ।
ਪੀਰ ਪੈਕੰਬਰ, ਅਉਲੀਏ,
ਗਉਸ, ਕੁਤਬ ਬਹੁਤ ਭੇਖ ਸਵਾਰਾ।
ਭਾਈ ਗੁਰਦਾਸ ਜੀ, ਵਾਰ ੧/੨●

ਬੇਅੰਤ ਭੇਖ ਬਣ ਗਏ। ਪੀਰਾਂ ਦਾ ਹੋਰ ਭੇਖ, ਪੈਕੰਬਰਾਂ ਦਾ ਹੋਰ, ਗਉਸ ਦਾ ਹੋਰ, ਕੁਤਬਾਂ ਦਾ ਹੋਰ, ਅੱਡ-ਅੱਡ ਭੇਖ ਧਾਰ ਲਏ ਤੇ ਕੰਮ ਕੀ ਕਰਨ ਲੱਗ ਗਏ।

ਠਾਕੁਰ ਦੁਆਰੇ ਢਾਹਿਕੈ
ਤਿਹਿ ਠਉੜੀ ਮਾਸੀਤ ਉਸਾਰਾ।
ਭਾਈ ਗੁਰਦਾਸ ਜੀ, ਵਾਰ ੧/੨●

ਇੱਕ ਰੱਬ ਦਾ ਮੰਦਰ ਢਾਹ ਦਿੱਤਾ, ਦੂਜਾ ਰੱਬ ਦਾ ਮੰਦਰ ਉਸਾਰ ਲਿਆ। ਕਿੰਨੇ ਦਿਲ ਟੁੱਟੇ, ਉਹਨੂੰ ਕਾਹਨੂੰ ਢਾਹੁੰਣਾ ਸੀ, ਤੁਸੀਂ ਆਪਣਾ ਬਰਾਬਰ ਹੋਰ ਬਣਾ ਲੈਂਦੇ। ਰੌਲਾ ਪੈਂਦਾ ਹੈ ਇੱਥੇ ਕਿਤੇ। ਉਹਨੂੰ ਢਾਹੋ, ਢਾਹੁੰਣ ਤੇ ਹੀ ਉਨ੍ਹਾਂ ਦਾ ਦਿਲ ਟੁੱਟਦਾ ਹੈ। ਉਥੇ ਹੀ ਗਲਤੀ ਕਰ ਲਈ ਕਹਿੰਦੇ ਆਹ ਗਲਤੀ ਕਰ ਰਹੇ ਸੀ, ਤਿੰਨ ਹਜ਼ਾਰ ਮੰਦਰ ਢਾਹ ਦਿੱਤਾ ਸੀ, ਵੱਡੇ-ਵੱਡੇ ਜਿਹੜੇ ਸੀ, ਜਿਹਨੂੰ ਦੇਖਣ ਵਾਸਤੇ ਦੁਨੀਆਂ ਆਇਆ ਕਰਦੀ ਸੀ। seven wonders ਦੁਨੀਆਂ 'ਚ ਮਸ਼ਹੂਰ ਨੇ ਇੱਥੇ ਤਾਂ ਪਤਾ ਨਹੀਂ ਕਿੰਨੇ ਸੀ ਜਿਹੜੇ ਢਾਹ ਕੇ ਖਤਮ ਕਰ ਦਿੱਤੇ। ਗਰੀਬ ਨੂੰ ਮਾਰਨਾ ਸ਼ੁਰੂ ਕਰ ਦਿੱਤਾ।

ਮਾਰਨਿ ਗਊ ਗਰੀਬ ਨੋ ਧਰਤੀ ਉਪਰਿ ਪਾਪੁ ਬਿਥਾਰਾ।
ਭਾਈ ਗੁਰਦਾਸ ਜੀ, ਵਾਰ ੧/੨●

ਜਦੋਂ ਗਰੀਬ ਮਾਰਿਆ ਜਾਂਦਾ ਹੈ, ਉਸ ਵੇਲੇ ਪ੍ਰਮੇਸ਼ਰ ਦਾ ਦਿਲ ਦੁੱਖ ਜਾਂਦਾ ਹੈ। ਹੈ ਤਾਂ ਵਾਹਿਗੁਰੂ ਦੁੱਖਾਂ-ਸੁੱਖਾਂ ਤੋਂ ਬਾਹਰ, ਪਰ ਉਹ ਰਹਿੰਦਾ ਹਰੇਕ ਹਿਰਦੇ 'ਚ ਹੈ।

ਸੰਤਨ ਦੁਖ ਪਾਏ ਤੇ ਦੁਖੀ
ਸੁਖ ਪਾਏ ਸਾਧਨ ਕੇ ਸੁਖੀ (ਕਬਯੋ ਬਾਚ ਬੇਨਤੀ ਚੌਪਈ)
ਕਾਫਰ ਮੁਲਹਿਦ ਇਰਮਨੀ ਰੂਮੀ ਜੰਗੀ ਦੁਸਮਣਿ ਦਾਰਾ।
ਭਾਈ ਗੁਰਦਾਸ ਜੀ ਵਾਰ ੧/੨●

ਇਹ ਸਾਰੀਆਂ ਕੌਮਾਂ ਜਿਹੜੀਆਂ ਸੀ ਇਹ ਸਾਰੇ ਲੜਨ ਲਗ ਗਏ। ਕੋਈ ਮੰਤਵ ਨਹੀਂ ਸੀ ਇਨ੍ਹਾਂ ਦੇ ਸਾਮ੍ਹਣੇ। ਔਰਤਾਂ ਦੇ ਪਿੱਛੇ ਲੜਨ ਲਗ ਗਏ। ਰਾਜ ਪਿੱਛੇ ਤਾਂ ਰਾਜੇ ਲੜਦੇ ਆਏ ਨੇ, ਔਰਤ ਪਿੱਛੇ ਦੋ ਲੜਾਈਆਂ ਹੋਈਆਂ ਸੀ ਭਾਰਤ ਵਰਸ਼ 'ਚ, ਹੁਣ ਤੱਕ ਯਾਦ ਨੇ। ਇੱਕ ਤਾਂ ਦਰੋਪਤੀ ਵਾਲੀ ਹੋਈ ਸੀ, ਮਹਾਂਭਾਰਤ ਦਾ ਯੁੱਧ ਉਹਦੇ 'ਚ 45 ਲੱਖ ਬੰਦੇ ਨੂੰ ਮਰਨਾ ਪਿਆ। ਬੜੀ ਮਾੜੀ ਗੱਲ ਉਹ ਕਰ ਰਹੇ ਸੀ। ਦੂਸਰੀ ਰਾਵਣ ਨਾਲ ਹੋਈ ਸੀ, ਸੀਤਾ ਜੀ ਜਾਣ ਨਾਲ। ਉਹ ਵੀ ਅੱਜ ਤੱਕ ਮਸ਼ਹੂਰ ਹੈ, ਲੰਕਾ ਗਵਾਉਣੀ ਪਈ ਉਸਨੂੰ, ਫੌਜ ਮਰਵਾਉਣੀ ਪਈ ਓਸਨੂੰ। ਲੇਕਿਨ ਏਧਰ ਆ ਕੇ ਹੁਣੇ ਹੀ ਥੋੜ੍ਹਾਂ ਸਮਾਂ ਪਹਿਲਾਂ, ਅੱਠ-ਸੱਤ ਸੌ ਸਾਲ ਪਹਿਲਾਂ ਔਰਤਾਂ ਦੇ ਪਿੱਛੇ ਲੜਾਈ ਲੜੀ, ਪਦਮਨੀ ਸੀ ਚਿਤੌੜਗੜ੍ਹ ਦੀ, ਭੀਮ ਸਿੰਘ ਦੀ ਔਰਤ, ਹਜ਼ਾਰਾ ਬੰਦਾ ਮਾਰਿਆ ਗਿਆ ਓਸ ਲੜਾਈ 'ਚ। ਬਾਰ੍ਹਾਂ ਪੰਦਰਾਂ ਹਜ਼ਾਰ ਰਾਜਪੂਤ ਮਰਿਆ, ਬਾਰ੍ਹਾਂ-ਪੰਦਰਾਂ ਹਜ਼ਾਰ ਜਾਂ ਵੀਹ ਹਜ਼ਾਰ ਮਰਿਆ ਮੁਹੰਮਦ ਗੌਰੀ ਦਾ ਤੇ ਸਾਰੀਆਂ ਹੀ ਔਰਤਾਂ ਜਿੰਨੀਆਂ ਸੀ ਉਹ ਸਾਰੀਆਂ ਹੀ ਅੱਗ 'ਚ ਜਾਲ ਕੇ ਵਿੱਚ ਮਰ ਗਈਆਂ। ਇੱਕ ਮਾਈ ਜਿਸ ਨੂੰ ਅੱਖਾਂ ਤੋਂ ਦਿਸਦਾ ਨਹੀਂ ਸੀ, ਸਿਰਫ ਉਹ ਜੀਉਂਦੀ ਰਹਿ ਗਈ, ਘੋੜੇ ਸਾਰੇ ਅੰਨ੍ਹੇ ਕਰ ਦਿੱਤੇ ਉਨ੍ਹਾਂ ਨੇ ਕਿ ਦੁਸ਼ਮਣ ਦੇ ਹੱਥ ਨਾ ਆਵੇ। ਹੀਰੇ-ਜਵਾਰਾਤ ਸਭ ਜਲਾ ਦਿੱਤੇ। ਜਦੋਂ ਆ ਕੇ ਮੁਹੰਮਦ ਗੌਰੀ ਨੇ ਪੁੱਛਿਆ ਕਿ ਪਦਮਨੀ ਕਿੱਥੇ ਹੈ? ਉਸ ਨੇ ਢੇਰ

ਵਲ ਹੱਥ ਕਰ ਦਿੱਤਾ ਕਿ ਇਹਦੇ 'ਚੋਂ ਟੋਲ੍ਹ ਲੈ, ਪਦਮਨੀ ਨੂੰ। ਇਸੇ ਤਰ੍ਹਾਂ ਚੰਚਲ ਕੁਮਾਰੀ ਸੀ ਰਾਜੇ ਭੱਟੀ ਦੀ, ਭਟਨੇਰ ਵਾਲੇ ਦੀ ਲੜਕੀ; ਉਹਦੇ ਪਿਛੇ ਬੜਾ ਯੁੱਧ ਹੋਇਆ। ਯੁੱਧ ਇਹੀ ਹੁੰਦੇ ਸੀ, ਕਹਿੰਦੇ ਕੋਈ ਗੱਲ ਨਹੀਂ ਸੀ ਕਰਦਾ ਧਰਮ ਦੀ –

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ।
ਆਪੇ ਪਟੀ ਕਲਮਿ ਆਪਿ ਆਪੇ ਲਿਖਣਿਹਾਰਾ ਹੋਆ।
ਬਾਝੁ ਗੁਰੂ ਅੰਧੇਰੁ ਹੈ
ਖਹਿ ਖਹਿ ਮਰਦੇ ਬਹੁ ਬਿਧਿ ਲੋਆ।
ਵਰਤਿਆ ਪਾਪੁ ਜਗਤੁ ਤੇ
ਧਉਲ ਉਡੀਣਾ ਨਿਸਦਿਨੁ ਹੋਆ।

ਭਾਈ ਗੁਰਦਾਸ ਜੀ, ਵਾਰ ੧/੨੨

ਜਦੋਂ ਪਾਪ ਵਰਤ ਜਾਂਦਾ ਹੈ ਸੰਸਾਰ ਦੇ ਉਤੇ, ਉਸ ਵੇਲੇ ਧਰਤੀ ਦਾ ਜਿਹੜਾ ਸੰਤੁਲਨ ਹੈ, ਹਿੱਲਣ ਲਗ ਜਾਂਦਾ ਹੈ। ਕਿਉਂਕਿ ਮਹਾਰਾਜ ਕਹਿੰਦੇ ਧਰਤੀ ਦੇ ਥੱਲੇ ਬੈਲ ਨਹੀਂ ਹੈ ਭਾਈ, ਧਰਤੀ ਤਾਂ ਧਰਮ ਨਾਲ ਖੜ੍ਹੀ ਹੈ। ਧਰਮ ਵਧੇਗਾ ਸੁੱਖ ਸ਼ਾਂਤੀ ਰਹੇਗੀ, ਧਰਮ ਘਟੇਗਾ, ਸੰਤੁਲਨ ਵਿਗੜੇਗਾ, ਮੌਸਮ ਦਾ ਵੀ ਸੰਤੁਲਨ ਵਿਗੜੇਗਾ। ਬੇਮਤਲਬੇ ਮੀਂਹ ਪੈਣਗੇ, ਭੁਚਾਲ ਆਉਣਗੇ। ਅਨੇਕਾਂ ਆਫਤਾਂ ਆਉਣਗੀਆਂ। ਕਿਉਂਕਿ ਧਰਮ ਦਾ ਸੰਤੁਲਨ ਵਿਗੜ ਗਿਆ। ਸੂਖਸ਼ਮ ਲਹਿਰਾਂ ਉਠਦੀਆਂ ਨੇ ਆਦਮੀ ਦੇ ਮਨ 'ਚੋਂ। ਜੇ ਪ੍ਰਮੇਸ਼ਰ ਵਲ ਦੀਆਂ ਲਹਿਰਾਂ ਉਠਦੀਆਂ ਨੇ, ਸੰਸਾਰ ਸੁਖੀ ਵਸਦਾ ਹੈ। ਦੁੱਖ ਨਿਕਲ ਜਾਂਦਾ ਹੈ, ਜੇ ਇਹਦੇ ਵਿਪਰੀਤ ਉਠਦੀਆਂ ਨੇ ਤਾਂ ਧਰਤੀ ਡੋਲਣ ਲਗ ਜਾਂਦੀ ਹੈ। ਹਿੱਲਣ ਲਗ ਜਾਂਦੀ ਹੈ। ਇੱਕ ਸੂਤ ਜਿੰਨਾਂ ਹਿੱਲ ਜਾਵੇ, ਉਸੇ ਵੇਲੇ ਐਕਸੀਡੈਂਟ ਹੋ ਜਾਂਦਾ ਹੈ, ਕਿਸੇ ਹੋਰ ਹੀ ਸਤਾਰੇ ਨਾਲ ਜਾ ਕੇ ਜੁੜ ਜਾਏਗੀ। ਕਹਿੰਦੇ ਇਸ ਤਰ੍ਹਾਂ ਹੋ ਗਿਆ ਧਉਲ, ਧਉਲ ਤੋਂ ਹੁਣ ਬੋਝ ਨਹੀਂ ਸਹਿ ਹੁੰਦਾ –

ਵਰਤਿਆ ਪਾਪੁ ਜਗਤ੍ਰ ਤੇ
ਧਉਲ ਉਡੀਣਾ ਨਿਸਦਿਨੁ ਰੋਆ।
ਬਾਝੁ ਦਇਆ ਬਲਹੀਣ
ਹੋਇ ਨਿਘਰ ਚਲੋ ਰਸਾਤਲਿ ਟੋਆ।

(ਭਾਈ ਗੁਰਦਾਸ ਜੀ, ਵਾਰ ੧/੨੨)

ਦਇਆ ਉਡ ਗਈ। ਮਾਂ ਸੀ ਦਇਆ ਧਰਮ ਦੀ, ਜੇ ਮਾਂ ਚਲੀ ਗਈ, ਬੱਚੇ ਨੂੰ ਕਿਹੜਾ ਥਾਉਂ ਹੈ, ਬੱਚਾ ਤਾਂ ਨਿਆਣਾ ਸੀ।

ਧੌਲੁ ਧਰਮੁ ਦਇਆ ਕਾ ਪੂਤੁ ॥ ***ਅੰਗ – ੩***

ਕਹਿੰਦੇ ਮਾਂ ਚਲੀ ਗਈ ਤੇ ਧੌਲੁ ਜਿਹੜਾ ਸੀ ਮਾਂ ਦੀ ਗੈਰ-ਹਾਜ਼ਰੀ ਦੇ ਵਿਚ ਨਿਗਰਣ ਲਗ ਗਿਆ ਹੇਠਾਂ ਨੂੰ।

ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ।

ਭਾਈ ਗੁਰਦਾਸ ਜੀ, ਵਾਰ ੧/੨੨

ਭਾਰਾ ਹੋ ਗਿਆ, ਸੰਤੁਲਨ ਆਉਂਦਾ ਨਹੀਂ ਸਹੀ। ਪਾਪ ਵਰਤ ਗਿਆ। ਹੁਣ ਇਸ ਪਾਪ ਨੂੰ ਕੋਈ ਸਾਧੂ ਰੋਕ ਸਕਦਾ ਹੈ। ਸਾਧੂ ਰਿਹਾ ਨਾ ਸੰਸਾਰ ਦੇ ਅੰਦਰ।

ਥੰਮੇ ਕੋਇ ਨ ਸਾਧ ਬਿਨੁ
ਸਾਧੁ ਨ ਦਿਸੇ ਜਗਿ ਵਿਚਿ ਕੋਆ।

(ਭਾਈ ਗੁਰਦਾਸ ਜੀ, ਵਾਰ ੧/੨੨)

ਸਾਧਾਂ ਦੀ ਅਣਹੋਂਦ ਹੋ ਗਈ –

ਧਰਮ ਧਉਲੁ ਪੁਕਾਰੇ ਤਲੈ ਖੜੋਆ॥

ਭਾਈ ਗੁਰਦਾਸ ਜੀ, ਵਾਰ ੧/੨੨

ਧਰਮ ਜਿਹੜਾ ਹੈ ਉਹ ਪੁਕਾਰਾਂ ਕਰਦਾ ਹੈ। ਕਿਉਂਕਿ ਸਾਧੂ ਨਾ ਰਿਹਾ ਸੰਸਾਰ ਤੇ ਕੋਈ। ਭਾਈ ਗੁਰਦਾਸ ਜੀ ਨੇ ਬਹੁਤ ਵੱਡੀ ਗੱਲ ਲਿਖੀ ਹੈ ਕਿ ਸਾਧ ਤੋਂ ਬਿਨਾਂ ਸੰਸਾਰ ਨਹੀਂ ਥੰਮ ਹੁੰਦਾ। ਸਾਧੂ ਘਟ ਜਾਣਗੇ ਸੰਸਾਰ ਦੇ ਅੰਦਰ, ਚੋਰ ਡਾਕੂਆਂ ਵਾਲੀ ਬਿਰਤੀ ਆ ਜਾਏਗੀ, ਖੋਹ ਖਿੰਝ ਆ ਜਾਏਗੀ। ਚੋਰੀ ਕਰਨੀ ਹੈ ਕਰੋ, ਖੋਹੋ, ਜੋ ਕਰਨਾ ਹੈ ਕਰੋ, ਧਰਮ ਕੋਈ ਚੀਜ਼ ਨਹੀਂ ਹੈ। ਐਸਾ ਹੀ ਸਮਾਂ ਚੱਲ ਰਿਹਾ ਹੈ। ਰਿਸ਼ਵਤਾਂ ਚਲਦੀਆਂ ਨੇ, ਧੋਖੇ ਚੱਲਦੇ ਨੇ, ਮਿਲਾਵਟਾਂ ਚਲਦੀਆਂ ਨੇ। ਪੀ.ਜੀ.ਆਈ ਇੱਕ ਨਹੀਂ, ਚਾਹੇ ਪੰਜਾਹ ਪੀ.ਜੀ.ਆਈ ਵਰਗੇ ਹਸਪਤਾਲ ਬਣਾ ਦਿਓ, ਤਾਂ ਵੀ ਬਿਮਾਰੀਆਂ ਨਹੀਂ ਹਟਣੀਆਂ। ਕਿਉਂਕਿ ਧਰਮ ਹਿੱਲ ਗਿਆ, ਖਾਣ ਨੂੰ ਕੋਈ ਚੀਜ਼ ਸਹੀ ਨਹੀਂ ਮਿਲਦੀ। ਜਿੰਨਾਂ ਜੀਅ ਕਰਦਾ ਹੈ ਪੈਸਾ ਖਰਚ ਲਓ, ਕੱਪੜਾ ਲੈਣ ਜਾਓ, ਕੀ ਪਤਾ ਕੀ ਦਿੱਤਾ ਸਰੀਰ ਨਾਲ ਹੀ ਚਿੰਬੜੇ ਜਾਂਦੇ ਨੇ। ਹਰੇਕ ਕਹਿੰਦਾ ਹੈ ਕਿ ਪਤਾ ਨਹੀਂ ਜੀ ਮੇਰੀ ਚਮੜੀ ਨੂੰ ਕੀ ਹੋ ਗਿਆ, ਕੱਪੜੇ ਵਾਲਿਆਂ ਨੇ ਕਰ ਦਿੱਤਾ। ਇੰਡਸਟਰੀਆਂ ਲਗ ਗਈਆਂ ਗਲਤ। ਆਦਮੀ ਨੂੰ ਨੁਕਸਾਨ ਪਹੁੰਚਾਉਂਦੀਆਂ ਨੇ। ਸੋ ਇਸ ਤਰ੍ਹਾਂ ਦੇ ਨਾਲ ਸਾਰਾ ਕੁਛ ਹੀ ਗਲਤ ਹੋ ਗਿਆ ਸਾਧ ਸੰਗਤ ਜੀ। ਉਹਦੇ ਨਾਲ ਕਹਿੰਦੇ ਸਾਧ ਨਹੀਂ ਰਿਹਾ ਕੋਈ। ਸਾਧ ਨਹੀਂ ਹੈ ਤਾਂ ਥੰਮ ਨਹੀਂ ਹੁੰਦਾ ਇਹ। ਸਾਧੂ ਥੰਮ ਕੇ ਰਖਦੇ ਨੇ, ਲਾਈਟ ਹਾਊਸ ਹੁੰਦੇ ਨੇ ਸਾਧੂ। ਜਿੰਨੇ ਏਰੀਏ 'ਚ ਰਹਿੰਦੇ ਨੇ ਓਨੇ ਏਰੀਏ ਨੂੰ ਸੁਧਾਰਦੇ ਰਹਿੰਦੇ ਨੇ। ਦਿਨ ਰਾਤ ਇੱਕ ਕਰਕੇ ਦਸਦੇ ਨੇ, ਲੇਕਿਨ ਸਾਧੂ ਕਹਿੰਦੇ ਕੀਹਨੂੰ ਨੇ ਜਿਹਦੇ ਵਿਚ ਪ੍ਰਮੇਸ਼ਰ ਦਾ ਗਿਆਨ ਪ੍ਰਗਟ ਹੋਵੇ। ਐਵੇਂ ਭੇਖ ਧਾਰ ਕੇ ਸਾਧੂ ਨਹੀਂ ਹੁੰਦਾ। ਕਿਸੇ ਸਥਾਨ ਦਾ ਮਾਲਕ ਹੋ ਕੇ ਸਾਧੂ ਨਹੀਂ ਹੁੰਦਾ। ਕਿਸੇ ਡੇਰੇ ਦਾ ਵੱਡਾ ਮਹੰਤ ਹੋ ਕੇ ਸਾਧੂ ਨਹੀਂ ਹੁੰਦਾ। ਸਾਧੂ ਹੁੰਦਾ ਹੈ –

ਜਿਨਾ ਸਾਸਿ ਗਿਰਾਸਿ ਨ ਵਿਸਰੈ
ਹਰਿ ਨਾਮਾਂ ਮਨਿ ਮੰਤੁ ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥

ਅੰਗ – ੩੧੯

ਜਿਹਦੇ ਹਿਰਦੇ 'ਚੋਂ ਪੰਜਾਂ ਭਰਮਾਂ ਦਾ ਪੂਰਨ ਤੌਰ 'ਤੇ ਨਾਸ਼ ਹੋ ਜਾਵੇ, ਜਿਹਨੂੰ ਇਹ ਸਾਰਾ ਸੰਸਾਰ ਪ੍ਰਮੇਸ਼ਰ ਦਾ ਰੂਪ ਦਿੱਸਣ ਲਗ ਜਾਵੇ। ਜਦੋਂ ਅੱਖਾਂ ਨਾਲ ਦੇਖਦਾ ਹੈ ਤਾਂ ਵੀ ਪ੍ਰਮੇਸ਼ਰ, ਕੰਨਾਂ ਨਾਲ ਸੁਣਦਾ ਹੈ ਤਾਂ ਵੀ ਪ੍ਰਮੇਸ਼ਰ। ਉਹਨੂੰ ਹੋਰ ਕੁਛ ਸੁਣਿਆ ਨਹੀਂ ਕਰਦਾ।

ਹਰਹਟ ਭੀ ਤੂੰ ਤੂੰ ਕਰਹਿ ਬੋਲਹਿ ਭਲੀ ਬਾਣਿ ॥

ਅੰਗ – ੧੪੨●

ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ
ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥

ਅੰਗ – ੧੨੬੫

ਜਿਹਦੀ ਐਸੀ ਦ੍ਰਿਸ਼ਟੀ ਹੋ ਜਾਂਦੀ ਹੈ, ਉਹ ਕਿਸੇ ਇੱਕ ਧਰਮ ਦਾ ਬੰਦਾ ਨਹੀਂ ਹੁੰਦਾ। ਇਹ ਭੁਲੇਖਾ ਬੜਾ ਹੈ। ਸਾਧੂ ਦਾ

ਧਰਮ ਤਾਂ ਪ੍ਰਮੇਸ਼ਰ ਹੁੰਦਾ ਹੈ, ਹੋਰ ਕੋਈ ਨਹੀਂ ਹੁੰਦਾ। ਕਿਉਂਕਿ ਧਰਮ ਸਭ ਇੱਕੋ ਹੀ ਹੈ, ਦੋ ਨਹੀਂ ਹੁੰਦੇ। ਮਹਾਰਾਜ ਨੇ ਆਪ ਬਾਣੀ 'ਚ ਲਿਖਿਆ ਹੈ -

ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਅੰਗ - ੨੭੪

ਸਾਰਿਆਂ ਦਾ ਗਿਆਨ ਬੀਜ ਮੰਤ੍ਰ ਹੈ। ਜਿਹੜਾ ਬੀਜ ਮੰਤ੍ਰ ਤੱਕ ਪਹੁੰਚ ਗਿਆ। ਉਹਨੂੰ ਸਾਰੀ ਸ੍ਰਿਸ਼ਟੀ ਇੱਕ ਹੋ ਗਈ ਦੋ ਨਾ ਰਹੀ। ਭਾਈ ਘਨਈਏ ਨੂੰ ਦੂਜਾ ਦਿਸਿਆ? ਪਾਣੀ ਪਿਲਾਈ ਗਿਆ, ਗੁਰੂ ਦਸਵੇਂ ਪਾਤਸ਼ਾਹ ਦੇ ਪੇਸ਼ੀ ਹੋਈ।

ਭਾਈ ਘਨਈਆ! ਤੂੰ ਮੁਗਲਾਂ ਨੂੰ ਪਾਣੀ ਪਿਲਾਉਂਦਾ ਹੈਂ?

ਕਹਿੰਦੇ ਨਾ ਸਤਿਗੁਰੂ!

ਪਹਾੜੀਆਂ ਨੂੰ ਪਾਣੀ ਪਿਲਾਇਆ ਹੈ ਫੇਰ?

ਨਾ ਸਤਿਗੁਰੂ!

ਫੇਰ ਖਾਲਸੇ ਨੂੰ ਪਾਣੀ ਪਿਲਾਇਆ ਹੈ?

ਨਹੀਂ ਮਹਾਰਾਜ!

ਕਹਿੰਦੇ, ਫੇਰ ਪਾਣੀ ਪਿਲਾਇਆ ਕੀਹਨੂੰ ਹੈ ਤੂੰ?

ਕਹਿੰਦਾ, ਸੱਚੇ ਪਾਤਸ਼ਾਹ! ਪੁਰਾਣੀ ਗੱਲ ਹੈ ਜਦੋਂ ਮੈਨੂੰ ਕੋਈ ਨਜ਼ਰ ਆਉਂਦੇ ਸੀ। ਲੇਕਿਨ ਹੁਣ ਤਾਂ ਤੂੰ ਮੇਰੇ ਨੇਤਰਾਂ ਦੇ ਵਿੱਚ ਗਿਆਨ ਦਾ ਸੁਰਮਾ ਪਾ ਦਿੱਤਾ। ਮੈਨੂੰ ਤਾਂ ਹੁਣ ਤੇਰੇ ਬਗੈਰ ਕਿਤੇ ਦੂਜਾ ਨਜ਼ਰ ਹੀ ਨਹੀਂ ਆਉਂਦਾ। ਜਿਧਰ ਦੇਖਦਾ ਹਾਂ ਤੂੰ ਹੀ ਤੂੰ ਹੈਂ। ਦੂਸਰਾ ਨਹੀਂ ਨਜ਼ਰ ਆਉਂਦਾ -

ਧਾਰਨਾ - ਤੂੰਹੀਂ ਤੂੰਹੀਂ ਮੋਹਿਨਾ - ੨

ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥
ਈਤਹਿ ਊਤਹਿ ਘਟਿ ਘਟਿ ਘਟਿ ਘਟਿ
ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭

ਗੁਰੂ ਦਸ਼ਮੇਸ਼ ਪਿਤਾ ਨੇ ਉਠ ਕੇ ਬੁੱਕਲ 'ਚ ਲੈ ਲਿਆ, ਕਹਿੰਦੇ ਘਨਈਆ! ਨਿਹਾਲ! ਨਿਹਾਲ! ਨਿਹਾਲ। ਦੇਖ, ਹੁਣ ਤੂੰ ਮੈਨੂੰ ਪਾਣੀ ਪਿਲਾਉਂਦਾ ਹੈਂ। ਆਹ ਫੜ ਡੱਬੀ ਮਲ੍ਹਮ ਦੀ ਤੇ ਆਹ ਫੜ ਪੱਟੀਆਂ, ਅੱਜ ਤੋਂ ਬਾਅਦ ਮੇਰੇ ਜ਼ਖਮ ਨੂੰ ਸਾਫ ਕਰਕੇ ਪਹਿਲਾਂ ਮਲ੍ਹਮ ਭਰੀਂ ਫੇਰ ਪੱਟੀਆਂ ਕਰੀ। ਕਿਉਂਕਿ ਸਾਧ ਹੋ ਗਿਆ ਉਹ। ਖੁਸ਼ੀ ਹੋ ਗਿਆ ਕਿ ਇੱਕ ਸਾਧ ਬਣ ਗਿਆ ਸਾਡੇ। ਇਹਨੂੰ ਸਾਧ ਕਹਿੰਦੇ ਨੇ, ਸਾਧ ਹੈ ਨਹੀਂ ਸੀ -

ਥੰਮੇ ਕੋਈ ਨ ਸਾਧੁ ਬਿਨੁ
ਸਾਧੁ ਨ ਦਿਸੈ ਜਗਿ ਵਿਚਿ ਕੋਆ।
ਭਾਈ ਗੁਰਦਾਸ ਜੀ, ਵਾਰ ੧/੨੨

ਅਕਾਲ ਪੁਰਖ ਦਾ ਹੁਕਮ ਹੋਇਆ, ਆਪ ਗੁਰੂ ਪ੍ਰਮੇਸ਼ਰ ਰੂਪ ਧਾਰ ਕੇ, ਗੁਰੂ ਨਾਨਕ ਦੇ ਰੂਪ ਵਿਚ ਪ੍ਰਗਟਿਆ। ਬਾਕੀ ਕੌਣ ਸੀਗੇ, ਨੌਂ ਜੋਤਾਂ ਬਾਅਦ ਵਿਚ, ਨੌਂ ਸਰੀਰ ਬਦਲੇ, ਕੋਈ ਵੀ ਨਹੀਂ ਸੀ, ਹੁਣ ਵੀ ਕੋਈ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਜੀ ਵੀ ਗੁਰੂ ਨਾਨਕ ਨੇ। ਉਹ ਵੀ ਗੁਰੂ ਨਾਨਕ ਸੀ, ਗੱਲ ਕਰਨ ਵਾਸਤੇ ਫਰਕ ਪੈ ਜਾਂਦਾ ਹੈ, ਗੁਰੂ ਤੇਗ ਬਹਾਦਰ ਸਾਹਿਬ। ਜੇ ਅਸੀਂ ਕਹੀਏ ਕਿ ਗੁਰੂ ਨਾਨਕ ਸਾਹਿਬ ਨੇ ਸੀਸ ਦਿੱਤਾ, ਸਾਰੇ ਗੱਲਾਂ ਕਰਨਗੇ ਮੈਨੂੰ ਕਿ ਇਹ, ਇਹ ਕੀ ਕਹਿਣ ਲੱਗ ਗਿਆ। ਸਾਡੀ ਸਮਝ ਤੋਂ ਉਪਰਲੀਆਂ ਗੱਲਾਂ ਕਰਦਾ ਹੈ ਜਾਂ ਇਹਨੂੰ ਗੱਲ ਦਾ ਨਹੀਂ ਪਤਾ। ਗੁਰੂ ਤੇਗ ਬਹਾਦਰ ਸਾਹਿਬ ਨੇ ਸ਼ਹੀਦੀ ਦਿੱਤੀ ਹੈ, ਇਹ ਕਹਿੰਦਾ ਹੈ ਗੁਰੂ ਨਾਨਕ ਸਾਹਿਬ ਨੇ ਦਿੱਤੀ ਹੈ। ਫੇਰ ਇਹ ਹੁੰਦਾ ਹੈ ਕਿ ਉਨ੍ਹਾਂ ਦਾ ਨਾਉਂ ਸੀਗਾ। ਨਾਉਂ ਤਾਂ ਸੀਗਾ, ਲੇਕਿਨ ਗੁਰੂ ਗ੍ਰੰਥ ਸਾਹਿਬ ਵਿੱਚ ਉਨ੍ਹਾਂ ਦਾ ਨਾਉਂ ਹੀ ਕੋਈ। ਉਥੇ ਤਾਂ ਨਾਨਕ ਹੀ ਨਾਉਂ ਹੈ। ਪੰਜਵਾਂ ਨਾਨਕ, ਚੌਥਾ ਨਾਨਕ, ਨੌਂਵਾਂ ਨਾਨਕ। ਕਿਤੇ ਨਹੀਂ ਲਿਖਿਆ ਹੋਇਆ ਗੁਰੂ ਤੇਗ ਬਹਾਦਰ ਸਾਹਿਬ, ਜਿਹਦੇ ਵਿੱਚ ਅਸੀਂ ਪੜ੍ਹਦੇ ਹਾਂ ਉਹ ਗੁਰੂ ਗ੍ਰੰਥ ਸਾਹਿਬ 'ਚ ਨਹੀਂ ਆਇਆ।

ਬਾਂਹਿ ਜਿਨਾ ਦੀ ਪਕੜੀਐ
ਸਿਰ ਦੀਜੈ ਬਾਹਿ ਨ ਛੋਡੀਐ।
ਤੇਗ ਬਹਾਦਰ ਬੋਲਿਆ,
ਧਰਿ ਪਈਐ ਧਰਮ ਨ ਛੋਡੀਐ।

ਉਹ ਆਇਆ ਨਹੀਂ ਹੈ। ਸੋ ਇਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਜੋਤ ਹੀ ਸੀ। ਨਿਗਰ ਚੁੱਕਿਆ ਸੀ, 236 ਸਾਲ ਦੇ ਕਰੀਬ ਉਨ੍ਹਾਂ ਨੂੰ ਸੰਸਾਰ 'ਤੇ ਰਹਿਣਾ ਪਿਆ, ਸਾਧ ਬਣਾਉਣ ਵਾਸਤੇ ਕਿ ਸਾਧੂ ਬਣਾ ਦਿਓ, ਫੇਰ ਇਹ ਥੰਮ ਲੈਣਗੇ, ਇਕੱਠੇ ਹੋ ਕੇ। ਜੇ ਵਲੀ ਕੰਧਾਰੀ ਕੋਲ ਗਏ ਨੇ, ਉਹਦੇ 'ਚੋਂ ਤਕੱਬਰ ਕੱਢ ਦਿੱਤਾ, ਗਰੂਰ ਹੰਕਾਰ; ਸ਼ੈਤਾਨ ਕੱਢ ਕੇ ਸਰੀਰ ਓਹੀ ਰਹਿਣ ਦਿੱਤਾ। ਲੇਕਿਨ ਸਾਧ ਦਾ ਟੀਕਾ ਲਾ ਦਿੱਤਾ। ਜੇ ਕੌਡੇ ਰਾਕਸ਼ ਕੋਲ ਗਏ ਨੇ, ਉਹਦੇ 'ਚੋਂ ਰਾਕਸ਼ਪੁਣਾ ਕੱਢ ਦਿੱਤਾ ਤੇ ਸਾਧੂ ਬਣਾ ਦਿੱਤਾ, ਮੰਜੀ 'ਤੇ ਬਿਠਾ ਦਿੱਤਾ। ਜੇ ਸੱਜਣ ਠੱਗ ਕੋਲ ਗਏ ਨੇ ਠੱਗਪੁਣਾ ਉਹਦੇ 'ਚੋਂ ਕੱਢ ਦਿੱਤਾ, ਸਾਧੂ ਬਣਾ ਕੇ ਬਿਠਾ ਦਿੱਤਾ। ਕਹਿੰਦੇ ਸੱਜਣਾ! ਆਹ ਜਿਹੜਾ ਤੈਨੂੰ ਆਨੰਦ ਆਇਆ ਹੈ ਨਾ ਇਹ ਤਾਂ ਰਹਿਣਾ ਹੈ ਜੇ ਆਹ ਪਾਪ ਦੀ ਕਮਾਈ ਵੰਡ ਦੇਵੇਂ ਸਾਰੀ। ਇੱਕ ਸਕਿੰਟ ਨਹੀਂ ਲਾਇਆ, ਉਜਰ ਨਹੀਂ ਕਰਿਆ। ਬਚਨ ਹੋ ਗਿਆ, ਉਸੇ ਵੇਲੇ ਜਾ ਕੇ 100-50 ਰਾਜ ਲੈ ਆਇਆ, ਗੈਂਤੀਆਂ ਲੈ ਆਂਦੀਆਂ, ਮਜ਼ਦੂਰ ਲੈ ਆਇਆ ਕਹਿੰਦਾ ਢਾਹ ਦਿਓ, ਇੱਟ-ਇੱਟ ਕਰ ਦਿਓ ਇਹਦੀ ਸਾਰੇ ਦੀ। ਹੋਕਾ ਫਿਰਾ ਦਿੱਤਾ ਦੁਨੀਆਂ ਭਰ 'ਚ, ਦੂਰ ਤਕ ਕਿ ਸੱਜਣ ਨੇ ਮਹੱਲ ਢਾਹੇ ਨੇ ਆਪਣੇ, ਜਿਨ੍ਹਾਂ ਨੇ ਮਲਵਾ ਚੁੱਕਣਾ ਹੈ ਆ ਜਾਓ, ਇੱਟਾਂ ਵੱਟੇ ਸਭ ਫਰੀ ਮਿਲਦਾ ਹੈ। ਬੇਅੰਤ ਮਾਲ ਹੈ ਉਹਦੇ 'ਚ, ਭਰੇ ਪਏ ਨੇ ਭੰਡਾਰੇ। ਤਿੰਨ ਦਿਨਾਂ ਦੇ ਅੰਦਰ ਸਾਰੀਆਂ ਇੱਟਾਂ ਚੁਕਵਾ ਦਿੱਤੀਆਂ। ਸਾਰਾ ਜਿੰਨਾਂ ਮਾਲ ਮੱਤਾ ਸੀ, ਉਠਾ ਦਿੱਤਾ। ਦਰਖਤ ਦੇ ਥੱਲੇ ਬਹਿ ਗਿਆ, ਤੀਜੇ ਦਿਨ। ਜਿਹੜੇ ਨਾਲ ਕਹਿੰਦਾ ਹੁਣ ਜਾਓ, ਹੁਣ ਤੁਹਾਡਾ ਮੇਰਾ ਸਾਥ ਨਹੀਂ ਰਿਹਾ। ਜੇ ਰਹਿਣਾ ਹੈ ਤਾਂ ਇਵੇਂ ਜਿਵੇਂ ਰਹੋ ਜਿਵੇਂ ਮੈਂ ਹਾਂ। ਝੌਂਪੜੀ ਪੈ ਗਈ, ਮੰਜੇ ਦੇ ਉਤੇ ਗੁਰੂ ਮਹਾਰਾਜ ਬੈਠੇ ਨੇ, ਬਾਣ ਦੇ ਮੰਜੇ 'ਤੇ। ਕਿਉਂਕਿ ਬਾਕੀ ਤਾਂ ਰਿਹਾ ਹੀ ਨਹੀਂ ਕੁਛ, ਮੰਜਾ ਆ ਗਿਆ ਕਿਤੋਂ। ਕਹਿੰਦੇ, ਸੱਜਣਾ! ਇੱਕ ਮੰਜੀ ਹੋਰ ਮੰਗਾ। ਮੰਜੀ ਮੰਗਾ ਲਈ, ਕਹਿੰਦੇ ਲੈ ਬਈ ਸੱਜਣਾ! ਆਹ ਮੰਜੀ ਦੇ ਉਤੇ ਅਸੀਂ ਤੈਨੂੰ ਬਿਠਾਉਂਦੇ ਹਾਂ। ਆਹ ਜਿਹੜਾ ਤੇਰੇ ਅੰਦਰ ਨਾਮ ਦਾ ਨਿਵਾਸ ਹੋਇਆ ਹੈ ਨਾ, ਹੁਣੇ ਸੰਸਾਰ ਨੂੰ ਵੰਡ ਦੇ। ਤੈਨੂੰ ਅਸੀਂ ਸਾਧ ਬਣਾ ਦਿੱਤਾ, ਠੱਗ ਨਹੀਂ ਰਿਹਾ ਤੂੰ। ਸਾਧ ਬਣਾਉਣ ਵਾਸਤੇ ਗੁਰੂ ਸਾਹਿਬ ਆਏ ਸੀ ਕਿਉਂਕਿ ਸੰਸਾਰ ਰਹਿੰਦਾ

ਨਹੀਂ ਸਾਧ ਬਿਨਾਂ। ਇੱਕ ਬੰਦਾ ਤਾਂ ਕਰ ਹੀ ਨਹੀਂ ਸਕਦਾ। ਥਾਂ-ਥਾਂ 'ਤੇ ਲਾਈਟ ਹਾਊਸ ਹੋਣ ਤਾਂ ਹਨ੍ਹੇਰਾ ਥੋੜ੍ਹਾ ਜਿਹਾ ਦੂਰ ਹੁੰਦਾ ਹੈ। ਇੱਕ ਬੰਦਾ ਤਾਂ ਸਾਰੀ ਦੁਨੀਆਂ ਨੂੰ ਸਾਂਭ ਨਹੀਂ ਸਕਦਾ। ਪ੍ਰਮੇਸ਼ਰ ਨੇ ਥਾਂ-ਥਾਂ ਦੇ ਉਤੇ ਡਿਊਟੀਆਂ ਲਾਈਆਂ ਹੋਈਆਂ ਨੇ। ਆਪਣੀ-ਆਪਣੀ ਡਿਊਟੀ ਦੇ ਮੁਤਾਬਿਕ ਪ੍ਰਮੇਸ਼ਰ ਕੰਮ ਕਰਾ ਰਿਹਾ ਹੈ ਸਾਰਿਆਂ ਤੋਂ। ਸੋ ਐਸੀ ਹਾਲਤ ਦੇ ਵਿਚ ਮਹਾਰਾਜ ਕਹਿੰਦੇ ਸਮਾਂ ਸੀ -

ਕਲਿ ਕਾਤੀ ਰਾਜੇ ਕਾਸਾਈ
ਧਰਮੁ ਪੰਖ ਕਰਿ ਉਡਰਿਆ ॥ ਅੰਗ - ੧੪੫

ਧਰਮ ਰਿਹਾ ਹੀ ਨਾ, ਉਡ ਕੇ ਚਲਿਆ ਗਿਆ। ਜਿਹੜੇ ਸਮਾਜ 'ਚੋਂ ਧਰਮ ਨਿਕਲ ਜਾਵੇ, ਉਸ ਸਮਾਜ ਕੀ ਹੁੰਦਾ ਹੈ? ਅਧਰਮੀਆਂ ਦਾ ਸਮਾਜ, ਚੋਰਾਂ ਦਾ, ਡਾਕੂਆਂ ਦਾ, ਕਾਤਲਾਂ ਦਾ, ਬੇਰਹਿਮਾਂ ਦਾ। ਕਹਿੰਦੇ, ਜੀ ਰਾਜਨੀਤੀ ਵਿਚ ਧਰਮ ਨਾ ਰਲਾਓ। ਧਰਮ ਤਾਂ ਚਰਿੱਤਰ ਨੂੰ ਕਹਿੰਦੇ ਨੇ, ਮਜ਼ੁਬ ਨੂੰ ਨਹੀਂ ਕਹਿੰਦੇ, ਕਿੱਡੀ ਵੱਡੀ ਗੱਲ ਕਹਿੰਦੇ ਨੇ। ਉਹ ਇਹ ਕਹਿਣ ਕਿ ਮਜ਼ੁਬ ਨਾ ਰਲਾਓ, ਕਿਉਂਕਿ ਮਜ਼ੁਬ ਰਲਿਆ ਬੁਰੀ ਕਰਦਾ ਹੈ। ਸਾਰੇ ਮਜ਼ੁਬਾਂ ਦੇ ਚੰਗੇ ਅਸੂਲ ਛਾਂਟ ਕੇ, ਸੰਵਿਧਾਨ ਬਣਾ ਦਿਓ ਦਿੱਲੀ ਦਾ, ਜੇ ਕਦੇ ਰੌਲਾ ਪੈ ਜਾਵੇ। ਅਸੂਲ ਬਣਾ ਦਿਓ ਕਿ ਆਹ ਗੱਲਾਂ ਨਹੀਂ ਕਰਨੀਆਂ। ਜਦੋਂ ਧਰਮ ਵਾਲੇ ਹੋਣਗੇ ਸਾਡੇ ਮੁਖੀ। ਫੇਰ ਇੱਥੇ ਤਾਂ ਮੀਂਹ ਵੀ ਸਮੇਂ ਨਾਲ ਪੈਣਗੇ, ਨਾ ਕੋਈ ਰੌਲਾ ਪਵੇ ਨਾ ਹੜਤਾਲਾਂ ਹੋਣ। ਕੁਛ ਨਹੀਂ ਹੁੰਦਾ, ਕਰਮਚਾਰੀ ਵੀ ਕੰਮ ਕਰਨਗੇ, ਕਿਉਂਕਿ ਧਰਮ ਨੇ ਆ ਕੇ ਰਾਜ ਕਰ ਲਿਆ। 'ਯਥਾ ਰਾਜਾ ਤਥਾ ਪਰਜਾ' ਅਧਰਮ ਜਦੋਂ ਕਰ ਲਏਗਾ, ਫੇਰ ਖੋਹ ਖਿੰਝ ਵਧ ਜਾਏਗੀ। ਸੋ ਧਰਮ ਉਡ ਗਿਆ, ਸਮਾਜ ਦੇ ਵਿਚੋਂ ਨਾ ਸਮਾਜ ਦਾ ਧਰਮ ਰਿਹਾ ਨਾ ਰਾਜੇ ਦਾ ਰਿਹਾ। ਰਾਜੇ ਤਾਂ ਬਣ ਗਏ ਕਸਾਈ, ਕਲਜੁਗ ਦੀ ਕੈਂਚੀ ਹੱਥ 'ਚ ਫੜ ਲਈ ਉਨ੍ਹਾਂ ਨੇ।

ਕੂੜੁ ਅਮਾਵਸ ਸਚੁ ਚੰਦ੍ਰਮਾ
ਦੀਸੈ ਨਾਹੀ ਕਹ ਚੜਿਆ ॥ ਅੰਗ - ੧੪੫

ਕੂੜ ਦੀ ਹੋ ਗਈ ਮੱਸਿਆ, ਸਚਾਈ ਦਾ ਜੋ ਚੰਦਰਮਾ ਸੀ ਉਹ ਛੁਪ ਗਿਆ। ਮੱਸਿਆ ਇੱਕ ਦਿਨ ਰਹਿੰਦੀ ਹੈ, ਦੂਜੇ ਦਿਨ ਪਹਿਲੀ ਦਾ ਚੰਦ ਆ ਜਾਂਦਾ ਹੈ, ਅਸੀਂ ਮੱਥੇ ਟੇਕਦੇ ਹਾਂ ਕਿ ਸੱਚੇ ਪਾਤਸ਼ਾਹ! ਫੇਰ ਚਾਨਣ ਆ ਗਿਆ। ਦੂਜ ਨੂੰ ਬਹੁਤੇ ਟੇਕਦੇ ਨੇ, ਉਹ ਪ੍ਰਕਾਸ਼ ਨੂੰ ਮੱਥਾ ਟੇਕਦੇ ਹਾਂ। ਮੱਸਿਆ ਮਨਾਉਂਦੇ ਹਾਂ ਕਿ ਹੁਣ ਅੱਜ ਖਤਮ ਹੋ ਜਾਣਾ ਹੈ ਹਨ੍ਹੇਰਾ, ਮਨਾ ਲਓ ਅੱਜ, ਕੱਲ੍ਹ ਤੋਂ ਚਾਨਣਾ ਸ਼ੁਰੂ ਹੋ ਜਾਏਗਾ। ਇਹ ਜ਼ਿੰਦਗੀ ਦੀ ਮੱਸਿਆ ਜਦੋਂ ਮਨਾ ਲਈ ਜਾਵੇ ਫੇਰ ਪ੍ਰਕਾਸ਼ ਹੋਣਾ ਸ਼ੁਰੂ ਹੋ ਜਾਂਦਾ ਹੈ। ਕਹਿੰਦੇ, ਮੱਸਿਆ ਛਾ ਗਈ, ਦਿਸਦਾ ਨਹੀਂ ਹੈ ਪ੍ਰਕਾਸ਼। ਕਹਿੰਦੇ-

ਹਉ ਭਾਲਿ ਵਿਕੁੰਨੀ ਹੋਈ ॥ ਅੰਗ - ੧੪੫

ਬੇਤਾਬ ਹੋ ਕੇ, ਸਾਹੋ-ਸਾਹ ਹੋ ਕੇ, ਅਸੀਂ ਕਹਿੰਦੇ ਸੱਚ ਨੂੰ ਭਾਲਦੇ ਫਿਰਦੇ ਹਾਂ। ਕਿਤੇ ਲੱਭਦਾ ਹੀ ਨਹੀਂ ਹੈ -

ਆਧੇਰੈ ਰਾਹੁ ਨ ਕੋਈ ॥ ਅੰਗ - ੧੪੫

ਅਸੀਂ ਸਾਰਿਆਂ 'ਚ ਦੇਖਿਆ ਹੈ, ਜੋਗੀਆਂ 'ਚ ਗਏ, ਮੱਠਾਂ ਵਾਲਿਆ 'ਚ ਗਏ, ਵੱਡੇ-ਵੱਡੇ ਪੀਰਾਂ ਦੇ ਆਸ਼ਰਮਾਂ 'ਚ ਗਏ, ਸਭ ਤੋਂ ਵੱਡਾ ਪੀਰ ਜਿਹੜਾ ਓਸ ਵੇਲੇ ਦਾ ਸੀ, ਬਗਦਾਦ ਦਾ ਦਸਤਗੀਰ ਸੀ, ਆਪ ਨੇ ਉਹਦੇ ਅੰਦਰ ਪਿਆ ਝੂਠ ਦਾ ਪਰਦਾ ਲਾਹਿਆ ਤੇ ਗਿਆਨ ਦਾ ਪ੍ਰਕਾਸ਼ ਕਰਾਇਆ। ਬਹਿਲੋਲ ਸੀ ਉਸ ਦੇ ਪੁੱਤਰ ਦਾ ਨਾਉਂ। ਉਥੇ ਪੱਥਰ ਲੱਗਿਆ ਹੋਇਆ ਹੈ। ਗੁਰੂ ਨਾਨਕ ਲਿਖਦੇ ਨੇ - ਬਹਿਲੋਲ! ਤੈਨੂੰ ਖੋਜਦਾ ਮੈਂ ਇੱਥੇ ਪਹੁੰਚਿਆ ਸੀ, ਕਿਉਂਕਿ ਪਿਆਰ ਵਾਲੀ ਰੂਹ ਸੀ ਉਹ। ਨਿਰਛਲ ਸੀ, ਰੌਸ਼ਨੀ ਵਾਲੀ ਰੂਹ ਸੀ। ਗੁਰੂ ਨਾਨਕ ਆ ਜਾਂਦੇ ਨੇ, ਥੜ੍ਹਾ ਬਣਾਉਂਦਾ ਹੈ ਉਥੇ, ਸਾਮ੍ਹਣੇ ਦੇਖੀ ਜਾਂਦਾ ਹੈ, ਜਿਥੇ ਗੁਰੂ ਨਾਨਕ ਨੇ ਚੌਂਕੜਾ ਮਾਰ ਕੇ, ਨੌਂ ਮਹੀਨੇ ਬੈਠੇ ਗੁਰੂ ਨਾਨਕ ਬਗਦਾਦ 'ਚ। ਹੁਣ ਕਈ ਕਹਿੰਦੇ ਨੇ ਜੀ, ਗੁਰੂ ਨਾਨਕ ਹਿੰਦੂਆਂ ਦੇ ਘਰੋਂ ਮੰਗਾ ਕੇ ਖਾਂਦੇ ਸੀ। ਗੁਰੂ ਨਾਨਕ ਦੀ ਨਿਗ੍ਹਾਂ 'ਚ ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ। ਇਹ ਤਾਂ ਸਾਡੇ ਵਾਸਤੇ ਨੇ। ਕਈਆਂ ਨੂੰ ਇਹ ਗੱਲ ਔਖੀ ਲੱਗੇਗੀ ਕਿ ਹੈਂ ਜੀ! ਫੇਰ ਗੁਰੂ ਨਾਨਕ ਸਾਹਿਬ ਮੁਸਲਮਾਨਾਂ ਦਾ ਖਾਂਦੇ ਰਹੇ, ਮੁਸਲਮਾਨ ਹਿੰਦੂ ਗੁਰੂ ਨਾਨਕ ਸਾਹਿਬ ਦੇ ਸਾਮ੍ਹਣੇ ਇਨਸਾਨ ਸੀ। ਕਹਿੰਦੇ ਜੇ ਸਾਡੇ 'ਚ ਲਹੂ ਹੈ ਤਾਂ ਕੀ ਤੇਰੇ 'ਚ ਦੁੱਧ ਹੈ? ਜਿਹੋ ਜਿਹੇ ਪੰਜ ਤੱਤ ਤੇਰੇ ਓਹੋ ਜਿਹੇ ਸਾਡੇ। ਉਥੇ ਹੀ ਬਹਿ ਗਿਆ, ਛੱਤੀ ਸਾਲ ਕੰਧ ਦੇ ਵਲ ਮੂੰਹ ਕਰਕੇ ਬੈਠਾ ਰਿਹਾ। ਧੰਨ ਸੀ ਉਹ ਪ੍ਰੇਮੀ, ਜਿਹਨੇ ਇਕ ਵਾਰ ਗੁਰੂ ਨਾਨਕ ਦੇਖ ਲਿਆ, ਫੇਰ ਪਿਆਰ 'ਚ ਐਨਾ ਮਸਤ ਹੋ ਗਿਆ, ਮੁੜ ਨਹੀਂ ਫੇਰ ਉਹਨੇ ਕਿਸੇ ਹੋਰ ਨੂੰ ਦੇਖਿਆ। ਉਹਨੇ ਲਿਖ ਦਿੱਤਾ, ਕੰਧ ਦੇ ਉਤੇ ਕਿ ਮੈਂ ਅੱਲਾਹ ਪਾਕ ਦੀ ਜ਼ਾਤ ਦੇਖੀ ਤੇ ਮੈਂ ਹੁਣ ਕੋਈ ਨਹੀਂ ਦੇਖਣਾ ਚਾਹੁੰਦਾ ਉਸ ਤੋਂ ਬਗੈਰ। ਧਿਆਨ ਐਨਾ ਪਰਪੱਕ ਹੋ ਗਿਆ, ਗੁਰੂ ਨਾਨਕ ਚੌਂਤਰੇ 'ਤੇ ਬੈਠੇ ਹੀ ਉਹਨੂੰ ਦਿਸੀ ਜਾਣ। ਉਹਨੇ ਲਿਖ ਕੇ ਲਾ ਦਿੱਤਾ ਕਿ 36 ਸਾਲ ਮੈਂ ਇਸ ਥਾਂ ਦੇ ਉਤੇ ਗੁਰੂ ਨਾਨਕ ਦੇ ਦਰਸ਼ਨ ਕਰਦਾ ਰਿਹਾ ਬੈਠ ਕੇ, ਮੈਂ ਹੋਰ ਕਿਸੇ ਨੂੰ ਨਹੀਂ ਦੇਖਿਆ। ਪਿਆਰ ਵਾਲਾ ਸੀ, ਗੁਰੂ ਨਾਨਕ ਗਏ ਐਸੇ ਸਖਤ ਬੰਦੇ ਕੋਲ, ਸਾਧ ਬਣਾ ਆਏ ਉਹਨੂੰ। ਕਪੜੇ ਨਹੀਂ ਬਦਲਾਏ, ਕੁਛ ਨਹੀਂ ਬਦਲਾਇਆ, ਅੰਦਰ ਸਾਧ ਦਾ ਟੀਕਾ ਭਰ ਦਿੱਤਾ। ਸੋ ਕਹਿੰਦੇ, ਸਾਧ ਤੋਂ ਬਿਨਾਂ ਕੋਈ ਥੰਮ ਨਹੀਂ ਸਕਦਾ। ਲੱਭਿਆ ਨਹੀਂ ਕੋਈ ਅੰਧੇਰੇ 'ਚ ਰਾਹ -

ਹਉ ਭਾਲਿ ਵਿਕੁੰਨੀ ਹੋਈ ॥
ਆਧੇਰੈ ਰਾਹੁ ਨ ਕੋਈ ॥
ਵਿਚਿ ਹਉਮੈ ਕਰਿ ਦੁਖੁ ਰੋਈ ॥
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ ॥ ਅੰਗ - ੧੪੫

ਸੰਸਾਰ ਤਾਂ ਹਉਮੈ 'ਚ ਪੈ ਗਿਆ, ਹੁਣ ਗਤੀ ਕਿਵੇਂ ਹੋਵੇ ਸੰਸਾਰ ਦੀ। ਸੋ ਮੱਸਿਆ ਛਾ ਗਈ ਇੱਥੇ, ਕਿੰਨੇ ਅਧਰਮ ਹੁੰਦਾ ਸੀ। ਇਕ ਦੋ ਮਿਸਾਲਾਂ ਨਾਲ ਸਮਝ ਆ ਜਾਏਗੀ।

ਜਦੋਂ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਸੀ, ਔਰੰਗਜ਼ੇਬ ਦਾ ਰਾਜ ਹੋ ਗਿਆ। ਔਰੰਗਜ਼ੇਬ ਨੇ ਮੀਟਿੰਗ ਬੁਲਾਈ, ਸਾਰੇ ਸੂਬੇਦਾਰ, ਸਾਰੇ ਕਾਜ਼ੀ, ਸਾਰੇ ਮੁਲਾਣੇ; ਉਹਦੇ ਵਿਚ ਫੈਸਲਾ ਹੋਇਆ ਕਿ ਹਿੰਦੁਸਤਾਨ ਨੂੰ ਇਸਲਾਮ ਦੇ ਵਿਚ ਲਿਆਂਦਾ ਜਾਵੇ। ਇਸਲਾਮੀ ਝੰਡਾ ਰਹੇ। ਕਿਸੇ ਮੰਦਰ 'ਤੇ ਕਿਸੇ ਹੋਰ ਠਾਕੁਰ ਦੁਆਰੇ 'ਤੇ ਹੋਰ ਝੰਡਾ ਨਾ ਝੁਲੇ। ਤਾਰੇ ਵਾਲਾ ਝੰਡਾ ਹਰ ਥਾਂ 'ਤੇ ਹੋਣਾ ਚਾਹੀਦਾ ਹੈ। ਇਹ ਵਿਚਾਰ ਕਰੋ ਕਿਵੇਂ ਹੋਵੇ, ਕਿਉਂਕਿ ਆਬਾਦੀ ਬਹੁਤ ਜ਼ਿਆਦਾ ਹੈ। ਉਸ ਵੇਲੇ ਮੁਸਲਮਾਨ ਥੋੜ੍ਹੇ ਸੀਗੇ ਤੇ ਰਾਜ ਪੱਕਾ ਹੋ ਸਕਦਾ ਹੈ ਇਸਲਾਮ ਦਾ। ਜਿਵੇਂ ਅਫਗਾਨਿਸਤਾਨ ਹੋ

ਗਿਆ, ਇਰਾਨ ਹੋ ਗਿਆ, ਇਸੇ ਤਰ੍ਹਾਂ ਹਿੰਦੋਸਤਾਨ ਨੂੰ ਵੀ ਜੇ ਮੈਂ ਕਰ ਲਵਾਂ ਤਾਂ ਮੈਂ ਬਹੁਤ ਵੱਡਾ ਪੁੰਨ ਖੱਟਾਂਗਾ। ਉਹਦੇ 'ਚ ਸਕੀਮਾਂ ਬਣਾਈਆਂ। ਕਹਿਣ ਲੱਗੇ, ਰਿਆਇਤਾਂ ਦੇਵੋ ਇਸਲਾਮ ਵਾਲਿਆਂ ਨੂੰ, ਦੂਸਰਿਆਂ ਦੇ ਡੰਨ ਲਾਏ, ਜੇਜ਼ੀਏ ਲਾ ਦਿੱਤੇ। ਹੁਕਮ ਹੋ ਗਿਆ ਕਿ ਛੇ ਮਹੀਨੇ ਖਾਣ ਤੋਂ ਬਾਅਦ ਅਨਾਜ ਨਹੀਂ ਤੁਸੀਂ ਘਰ 'ਚ ਰੱਖ ਸਕਦੇ। ਘੋੜੇ ਦੀ ਸਵਾਰੀ ਨਹੀਂ ਕਰ ਸਕਦੇ। ਪਜਾਮਾ ਪਾਉਣਾ ਹੈ ਗਿੱਟੇ ਨਹੀਂ ਢੱਕ ਸਕਦੇ। ਕੋਠੇ 'ਤੇ ਨਹੀਂ ਚੜ੍ਹ ਸਕਦੇ ਜੇ ਗਲੀ ਪੈ ਜਾਵੇ ਤਾਂ ਨਾਲ ਦੇ ਪੜੋਸੀ ਜੇ ਚਾਰ ਬੰਦੇ ਰਹਿੰਦੇ ਨੇ, ਉਨ੍ਹਾਂ ਦੇ ਘਰ ਜਾ ਕੇ ਸੁਨੇਹਾ ਭੇਜੋ ਕਿ ਸਾਡੇ ਕੋਠੇ 'ਤੇ ਗਲੀ ਪੈ ਗਈ, ਅਸੀਂ ਬੰਦ ਕਰਨੀ ਹੈ ਤੇ ਤੁਸੀਂ ਆ ਕੇ ਕਰੋ। ਆਪਣੇ ਮਕਾਨ ਦੇ ਉੱਤੇ ਨਹੀਂ ਸੀ ਚੜ੍ਹ ਸਕਦੇ। ਜੇ ਚੜ੍ਹਨਾ ਹੈ ਤਾਂ ਪਹਿਲਾਂ ਖਬਰ ਕਰੋ ਉਨ੍ਹਾਂ ਨੂੰ। ਫੇਰ ਘੋੜੇ 'ਤੇ ਨਹੀਂ ਸੀ ਚੜ੍ਹ ਸਕਦੇ। ਵੱਡੇ-ਵੱਡੇ ਅਮੀਰ ਦੇਖੇ ਨੇ ਮੈਂ ਸਿੰਧ ਵਿਚ। ਮੈਂ ਚਲਿਆ ਗਿਆ ਇੱਕ ਦੇ ਘਰ। ਮੈਂ ਪੁੱਛਿਆ ਕਿ ਕਿਵੇਂ ਤੁਸੀਂ ਰਹਿੰਦੇ ਓਂ? ਮੈਨੂੰ ਸਾਰੀ ਗੱਲ ਦੱਸੀ ਕਿ ਅਸੀਂ ਸਾਰੇ ਇਸ ਤਰ੍ਹਾਂ ਰਹਿੰਦੇ ਹਾਂ। ਮੈਂ ਕਿਹਾ ਕਿ ਤੁਸੀਂ ਸਾਰੇ ਪਿੰਡ ਦੇ ਤਾਂ ਸ਼ਾਹ ਓਂ। ਕਹਿੰਦੇ ਸ਼ਾਹ ਤਾਂ ਹੈਗੇ ਪਰ ਕਾਨੂੰਨ ਐਹੋ ਜਿਹਾ ਹੈ। ਘਟੀਆ ਅਨਾਜ ਸਾਨੂੰ ਖਾਣ ਨੂੰ ਦਿੰਦੇ ਨੇ। ਸ਼ਰ੍ਹਾ ਦੇ ਨਾਲ ਸਾਡੇ ਮੁਕੱਦਮੇ ਹੁੰਦੇ ਨੇ। ਇਥੇ ਸ਼ਰ੍ਹਾ ਚਲਦੀ ਹੈ ਸਾਡੇ। ਹਾਲਾਂਕਿ ਅੰਗਰੇਜ਼ਾਂ ਦਾ ਰਾਜ ਸੀ। ਸੋ ਇਸ ਤਰ੍ਹਾਂ ਦੁਨੀਆਂ ਬੰਨ੍ਹੀ ਗਈ ਸਾਰੀ ਤੇ ਉਸ ਵੇਲੇ ਵਿਚਾਰਾਂ ਹੋਈਆਂ ਕਿ ਅੱਧੇ ਤਾਂ ਲੋਕ ਪਿੰਡਾਂ ਦੇ ਅਸੀਂ ਮੁਸਲਮਾਨ ਬਣਾ ਹੀ ਲਏ, ਕਿਉਂਕਿ ਜਿਹੜੇ ਸਾਡੇ ਪੀਰ ਨੇ ਨਗਾਹੇ ਵਾਲਾ, ਲਾਲਾਂ ਵਾਲਾ ਪੀਰ ਹੈ, ਅਹਿਮਦ ਪੀਰ ਉਹਨੂੰ ਸਾਰੇ ਹੀ ਮੰਨਣ ਲੱਗ ਗਏ ਸੀ। ਕਰਾਮਾਤੀ ਸੀਗਾ ਉਹ, ਭਾਈਆਂ ਨੇ ਹੀ ਮਾਰ ਦਿੱਤਾ ਸੀ, ਨੱਠ ਗਿਆ ਸੀ ਭਾਈਆਂ ਨਾਲ ਲੜ ਕੇ। ਉਨ੍ਹਾ ਨੇ ਜਾ ਕੇ ਮਾਰ ਦਿੱਤਾ। ਸਾਰਿਆਂ ਦਾ ਉਥੇ ਸੰਗ ਜਾਂਦਾ ਹੁੰਦਾ, ਪੰਜਾਬ ਦੇ ਜੱਟ ਤਾਂ ਅੱਧੇ ਮੁਸਲਮਾਨ ਬਣ ਗਏ ਸੀ। ਉਵੇਂ ਜਿਵੇਂ ਕਰਨ ਲੱਗ ਗਏ ਸੀ। ਕਹਿੰਦੇ ਭੱਟੀਆਂ ਨੂੰ ਬਣਾ ਲਓ, ਜਦੋਂ ਭੱਟੀ ਬਣ ਜਾਣਗੇ ਰਾਜਪੂਤ ਫੇਰ ਸਾਰੇ ਹੀ ਇਨ੍ਹਾਂ ਤੋਂ ਹੇਠਾਂ ਨੇ, ਦੋ ਨੰਬਰ, ਫੇ ਅੱਗੇ ਚੱਲਾਂਗੇ। ਪਹਿਲਾਂ ਜਿਹੜੇ hard core ਨੇ ਉਨ੍ਹਾਂ ਨੂੰ ਬਣਾਓ ਦੂਸਰਾ ਜਿਹੜੇ ਕਸ਼ਮੀਰ ਦੇ ਪੰਡਤ ਨੇ ਇਹ ਬਹੁਤ ਵਿਦਵਾਨ ਨੇ, ਇਹ ਵੇਦਾਂ ਦੇ ਗਿਆਤਾ ਨੇ। ਮਹਾਨ ਵਿਦਵਾਨ ਨੇ, ਜੇ ਵਿਦਵਾਨ ਬਣ ਜਾਣਗੇ, ਫੇਰ ਆਪੇ ਹੀ ਆਪਣੇ ਧਰਮ ਦਾ ਪ੍ਰਚਾਰ ਕਰਨਗੇ, ਬਾਕੀ ਸਾਰੇ ਬਣ ਜਾਣਗੇ। ਉਥੇ ਦਮਨ ਚੱਕਰ ਚੱਲਿਆ, ਇੱਕ ਤਾਂ ਇਹ ਕਿ ਸਵਾ ਮਣ ਜਨੇਊ ਰੋਜ਼ ਲਹਿਣਾ ਚਾਹੀਦਾ ਹੈ। ਦੂਸਰਾ ਇਹ ਹੈ ਕਿ ਸਾਡੇ ਹਮਾਮ ਦੇ ਅੰਦਰ ਤਿੰਨ ਬਾਦਸ਼ਾਹ ਐਸੇ ਹੋਏ ਨੇ, ਲਗਾਤਾਰ ਜਿਨ੍ਹਾਂ ਦਾ ਹਮਾਮ, ਜਿਹਨੂੰ ਗਰਮ ਪਾਣੀ ਕਹਿੰਦੇ ਨੇ, ਗਰਮ ਪਾਣੀ ਕਰਕੇ ਇਸ਼ਨਾਨ ਵਗੈਰਾ ਕਰਨਾ। ਉਹ ਸਾਰਾ ਭਾਰਤ ਵਰਸ਼ ਦੇ ਵੇਦ, ਪੋਥੀਆਂ, ਪੁਰਾਨ, ਕੁਰਾਨ, ਧਾਰਮਿਕ ਪੋਥੀਆਂ ਉਹਦੇ ਚੁਲ੍ਹੇ 'ਚ ਜਲਣਗੀਆਂ ਤਾਂ ਪਾਣੀ ਦੇ ਨਾਲ ਨਾਹੁੰਣਾ ਹੈ। ਕਿੰਨੇ ਸਾਲ ਪੁਸਤਕਾਂ ਦੀ ਅੱਗ ਮੱਚਦੀ ਰਹੀ, ਹੱਥ ਲਿਖਤ ਕਿਤਾਬਾਂ ਹੁੰਦੀਆਂ ਸੀ। ਕਿਤਾਬਾਂ ਖਤਮ ਕਰ ਦਿਓ, ਆਪਣੇ ਆਪ ਹੀ ਖਤਮ ਹੋ ਜਾਣਗੇ। ਵਿਦਿਆ ਖਤਮ ਕਰ ਦਿਓ, ਆਪਣੇ ਆਪ ਹੀ ਅਗਲੀਆਂ ਪੀੜ੍ਹੀਆਂ ਅਣਜਾਣ ਬਣ ਜਾਣਗੀਆਂ। ਸੋ ਕਸ਼ਮੀਰ ਦੇ ਉਤੇ, ਉਸ ਥਾਂ ਦੇ ਉਤੇ ਇਫਤਖਾਰ ਖਾਨ ਨੂੰ 1674 'ਚ ਗਵਰਨਰ ਬਣਾ ਦਿੱਤਾ। ਹਦਾਇਤਾਂ ਦੇ ਦਿੱਤੀਆਂ ਕਿ ਕਸ਼ਮੀਰ ਨੂੰ ਹਰ ਹਾਲਤ ਦੇ ਵਿਚ, ਇਸਲਾਮ 'ਚ ਲੈ ਆਓ। ਉਹਨੇ ਸਾਰਾ ਇਕੱਠ ਕਰ ਲੈਣਾ, ਸ੍ਰੀ ਨਗਰ ਦੇ ਅੰਦਰ। ਹੁਕਮ ਸੀ ਕਿ ਸ਼ਹਿਰ 'ਚ ਕੋਈ ਨਾ ਰਹੇ। ਸਾਰੇ ਜੇਹਲਮ ਦੇ ਕੰਢੇ ਆਓ। ਉਥੇ ਸੌ ਬੰਦਿਆਂ ਨੂੰ ਬੰਡਲ 'ਚ ਬੰਨ੍ਹ ਦੇਣਾ, ਸੰਗਲਾਂ ਨਾਲ ਤੇ ਦਰਿਆ ਦੇ ਵਿੱਚ ਰੋੜ੍ਹ ਦੇਣਾ। ਉਨ੍ਹਾਂ ਸਾਰਿਆਂ ਨੂੰ ਡੁਬਦਿਆਂ ਨੂੰ ਸਾਰਿਆਂ ਨੇ ਦੇਖਣਾ। ਚੀਕਾਂ ਮਾਰਨੀਆਂ, ਬਥੇਰੇ ਹੱਥ ਪੈਰ ਮਾਰਨੇ, ਸੰਗਲਾਂ ਨਾਲ ਬੰਨ੍ਹੇ ਹੁੰਦੇ, ਅਖੀਰ ਜਦੋਂ ਡੁੱਬ ਜਾਣੇ, ਅੱਗੇ ਜਾ ਕੇ ਜਾਲ ਲੱਗੇ ਹੋਏ ਸੀ ਸੰਗਲ ਖੋਲ੍ਹ ਲਿਆਉਣੇ ਤੇ ਉਹ ਦਰਿਆ 'ਚ ਰੁੜ੍ਹ ਜਾਂਦੇ ਸੀ। ਰੋਜ਼ ਦਾ ਹੀ ਸੀ, ਬੰਦੇ ਬੇਅੰਤ ਮਰਨੇ ਸ਼ੁਰੂ ਹੋ ਗਏ। ਉਸ ਵੇਲੇ ਸਿਆਣੇ ਬੰਦਿਆਂ ਨੇ ਗੁਪਤ ਰੂਪ ਦੇ ਅੰਦਰ ਇੱਕ ਮੀਟਿੰਗ ਕਰੀ, ਸਾਰੇ ਭਾਰਤ ਵਰਸ਼ ਦੇ ਬ੍ਰਾਹਮਣਾਂ ਨਾਲ ਕਿ ਆਪਾਂ ਕੋਈ ਉਪਾਅ ਕਰੋ, ਆਪਾਂ ਇਸ ਤਰ੍ਹਾਂ ਤਾਂ ਖਤਮ ਹੋ ਜਾਵਾਂਗੇ, ਰਾਜਪੂਤ ਰਾਜਿਆਂ ਦੇ ਕੋਲ ਗਏ। ਰਾਜਪੂਤ ਰਾਜੇ ਕਹਿਣ ਲੱਗੇ, ਸਾਡੀ ਤਾਂ ਅਣਖ ਗਈ ਆਈ, ਅਸੀਂ ਤਾਂ ਲੜਕੀਆਂ ਹੀ ਉਨ੍ਹਾਂ ਨੂੰ ਵਿਆਹੁਣ ਲਗ ਗਏ। ਇੱਕ ਰਾਣਾ ਪ੍ਰਤਾਪ ਤੋਂ ਬਗੈਰ ਸਾਰੇ ਰਾਜਪੂਤ ਰਾਜਿਆਂ ਦੀਆਂ ਲੜਕੀਆਂ ਮੁਗਲਾਂ ਦੇ ਅਫਸਰਾਂ ਦੇ ਨਾਲ ਵਿਆਹੀਆਂ ਗਈਆਂ ਸੀ। ਜਵਾਬ ਮਿਲ ਗਿਆ, ਸ਼ਿਵਾ ਜੀ ਮਰਹੱਟਾ ਹੇਠਾਂ ਦੱਖਣ ਵੱਲ ਹੱਥ ਪੈਰ ਮਾਰ ਰਿਹਾ ਸੀ। ਪੰਜਾਬ ਨੂੰ, ਉਤਰੀ ਹਿੰਦੋਸਤਾਨ ਨੂੰ ਉਹਦਾ ਕੋਈ ਫਾਇਦਾ ਨਹੀਂ ਸੀਗਾ। ਕਿਉਂਕਿ ਇੱਥੇ ਦਮਨ ਚੱਕਰ ਚੱਲ ਰਿਹਾ ਸੀ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਹੁਣ ਐਸ ਵੇਲੇ ਸ਼ਿਵ ਜੀ ਮਹਾਰਾਜ ਨੂੰ ਜਾਗ੍ਰਤ ਕਰੀਏ, ਉਹਦਾ ਅਵਾਹਨ ਕਰੀਏ, ਤੀਸਰੀ ਅੱਖ ਖੋਲ੍ਹ ਕੇ ਸਾਰਿਆਂ ਨੂੰ ਭ੍ਰਿਸ਼ਟ ਕਰ ਦਿੰਦੇ ਸੀ, ਸੁਆਹ ਬਣਾ ਦਿੰਦੇ ਨੇ, ਅੱਗੇ ਵੀ ਬਣਾਉਂਦਾ ਆਇਆ ਹੈ ਤੇ ਚਲੋ ਸਾਰੇ। ਮਤਾ ਪਕਾਇਆ ਗਿਆ, ਮਤੇ ਦੇ ਵਿਚ ਜਿਹੜੇ ਚੰਗੀਆਂ-ਚੰਗੀਆਂ ਕਰਨੀਆਂ ਕਮਾਈਆਂ ਵਾਲੇ ਬੰਦੇ ਸੀ ਛਾਂਟੇ ਗਏ, ਕਿਉਂਕਿ ਇਸ ਦੇਸ਼ ਦੇ ਅੰਦਰ ਅਵਾਹਨ ਕਰਕੇ ਬ੍ਰਹਮਾ ਨੂੰ ਵੀ ਬੁਲਾ ਲੈਂਦੇ ਸੀ, ਦੇਵਤਿਆਂ ਨੂੰ ਬੁਲਾ ਲੈਂਦੇ ਸੀ, ਦੇਵੀਆਂ ਪ੍ਰਗਟ ਕਰ ਲੈਂਦੇ ਸੀ, ਪਰ ਹੁਣ ਬਹੁਤ ਦੇਰ ਤੋਂ ਕੋਈ ਨਹੀਂ ਸੀ ਦੇਵਤਾ ਪ੍ਰਗਟ ਹੋਇਆ। ਆਉਂਦੇ ਹੀ ਨਹੀਂ ਸੀ, ਹਟ ਗਏ। ਉਸ ਵੇਲੇ ਸਾਰਿਆਂ ਨੇ ਕਿਹਾ ਕਿ ਐਸ ਵੇਲੇ ਅਮਰਨਾਥ ਦੀ ਗੁਫਾ ਪਵਿੱਤਰ ਹੈ, ਜਿੱਥੇ ਦੇਵਤਾ ਪ੍ਰਗਟ ਹੋ ਸਕਦਾ ਹੈ। ਸੋ ਉਥੇ ਚੱਲੀਏ, ਬਰਫਾਂ 'ਚੋਂ ਲੰਘ ਕੇ ਅਮਰਨਾਥ ਦੀ ਗੁਫਾ 'ਚ ਜਾਂਦੇ ਨੇ। ਉਥੇ ਸ਼ਿਵਜੀ ਮਹਾਰਾਜ ਦਾ ਅਵਾਹਨ ਕੀਤਾ ਕਿ ਉਨ੍ਹਾਂ ਨੂੰ ਪ੍ਰਗਟ ਕਰੀਏ, ਉਸ ਵੇਲੇ ਤ੍ਰਿਸ਼ੂਲ ਦੇ ਨਾਲ, ਇਨ੍ਹਾਂ ਦਾ ਨਾਸ਼ ਕਰਨਗੇ ਉਹ। ਤੀਸਰਾ ਨੇਤਰ ਖੋਲ੍ਹ ਕੇ ਇਨ੍ਹਾਂ ਦਾ ਨਾਸ਼ ਕਰ ਦੇਣਗੇ। ਕਿਉਂ ਨਾ ਉਸ ਦੇਵਤੇ ਨੂੰ ਪ੍ਰਗਟ ਕਰੀਏ, ਜਿਹਨੂੰ ਭੋਲੇਨਾਥ ਕਹਿੰਦੇ ਨੇ। ਸੋ ਉਥੇ ਚਲੇ ਜਾਂਦੇ ਨੇ, ਜਾ ਕੇ ਉਥੇ ਅਰਜ਼ਾਂ ਬੇਨਤੀਆਂ, ਅਰਦਾਸਾਂ ਕਰਦੇ ਨੇ। ਇਕਠੇ ਹੋ ਕੇ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਮਹਾਂਦੇਵ! ਐਸ ਵੇਲੇ ਹਿੰਦੂ ਧਰਮ ਦੇ ਉਤੇ ਹੱਦ ਤੋਂ ਜ਼ਿਆਦਾ ਬਿਪਤਾ ਪਈ ਹੋਈ ਹੈ, ਨਈਆਂ ਡੋਲ ਰਹੀ ਹੈ ਤੇ ਭਵਸਾਗਰ ਦੇ ਵਿਚ ਡੁੱਬ ਰਹੀ ਹੈ। ਤੁਸੀਂ ਪ੍ਰਗਟ ਹੋਵੋ, ਪ੍ਰਗਟ ਹੋ ਕੇ ਸਾਡੀ ਸਹਾਇਤਾ ਕਰੋ। ਕਿਉਂਕਿ ਸਾਨੂੰ ਨਹੀਂ ਕੋਈ ਰਸਤਾ ਨਜ਼ਰ ਆਉਂਦਾ। ਐਸ ਤਰ੍ਹਾਂ ਦੇ ਨਾਲ ਅਰਦਾਸ ਕਰਦੇ ਨੇ –

ਧਾਰਨਾ - ਕੰਢਾ ਪਾਰ ਦਾ ਨਜ਼ਰ ਨਾ ਆਵੇ,
ਮੰਝਧਾਰ ਬੇੜੀ ਡੋਲ੍ਹਦੀ।

ਕਹਿਣ ਲੱਗੇ, ਹੇ ਪ੍ਰਭੂ! ਤੇਰੇ ਉਤੇ ਆਸ ਰੱਖੀ ਹੈ, ਤੁਸੀਂ ਤਿੰਨ ਮੁੱਖ ਦੇਵਤੇ ਓਂ, ਉਨ੍ਹਾਂ ਦੇ ਵਿਚੋਂ ਤੁਹਾਡੇ 'ਤੇ ਵਿਸ਼ਵਾਸ਼ ਹੈ, ਕਿਉਂਕਿ ਤੁਹਾਡੀ ਰੁਚੀ ਜੋ ਹੈ ਉਹ ਜੰਗੀ ਰੁਚੀ ਹੈ, ਤੀਸਰਾ ਨੇਤਰ ਖੋਲ੍ਹੋ ਤੇ ਹੁਣ ਸਾਡੀ ਸਹਾਇਤਾ ਕਰੋ। ਇੱਕ ਕਵੀ ਦੇ ਬਚਨਾਂ ਦੇ ਵਿਚ ਜੋ ਉਸ ਨੇ ਨੌਵੇਂ ਪਾਤਸ਼ਾਹ ਦੇ ਬਾਰੇ ਲਿਖੇ ਨੇ ਕਿ -

ਹੇ ਪ੍ਰਭੂ! ਤੂੰ ਮਹਾਂਦੇਵ! ਹੇ ਸ਼ਿਵ ਜੀ ਭਗਵਾਨ!
ਸਾੜਸਤੀ ਹੈ ਗ੍ਰਸਿਆ ਹਿੰਦੂ ਧਰਮ ਮਹਾਨ।
ਬੁੱਤ ਸ਼ਿਕਨ ਜਰਵਾਣਿਆਂ ਢਾਹੇ ਮੰਦਰ ਅਨਮੋਲ।
ਗੌਰਵਤਾ ਇਸ ਧਰਮ ਦੀ ਘੱਟੇ ਦਿੱਤੀ ਰੋਲ।
ਸੁੰਦਰ ਬੁੱਤ ਭਗਵਾਨ ਦੇ ਤੋੜੇ ਤੇਸ਼ੇਮਾਰ
ਅਤੇ ਪੁਜਾਰੀ ਮੰਦਰੋਂ ਧੂਹ ਕੇ ਕੱਢੇ ਬਾਹਰ।
ਕੀਤੇ ਗਊਆਂ ਮਾਰ ਕੇ ਮੰਦਰ ਕਈ ਪੁਲੀਤ
ਕਲ੍ਹ ਸੀ ਮੰਦਰ ਦਿਸਦਾ ਦਿਸੇ ਪਈ ਮਸੀਤ
ਨਉਕਾ ਹਿੰਦੂ ਧਰਮ ਦੀ ਡੋਲੇ ਅੱਜ ਮੰਝਧਾਰ।
ਨਾ ਦਿਸਦਾ ਉਰਵਾਰ ਹੀ ਤੇ ਨਾ ਹੀ ਦਿਸਦਾ ਪਾਰ।
ਇਸ ਅਤਿਆਚਾਰ ਦਾ ਕਰਨਾ ਕਠਨ ਬਿਆਨ
ਬਣਿਆ ਹਿੰਦੋਸਤਾਨ ਹੀ ਹਿੰਦੂਆਂ ਲਈ ਮਸਾਨ।
ਕਤਲਗਾਹ ਅੱਜ ਧਰਮ ਦੀ ਬਣਿਆ ਭਾਰਤ ਦੇਸ਼
ਨਹੀਂ ਜਰਵਾਣੇ ਸਾਮ੍ਹਣੇ ਚਲਦੀ ਸਾਡੀ ਪੇਸ਼।

ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦੇ ਬਹੁਤ ਜ਼ਿਆਦਾ ਅਰਦਾਸਾਂ ਕਰਦੇ ਨੇ, ਹੇ ਭਗਵਾਨ! ਹੁਣ ਕੋਈ ਚਾਰਾ ਨਹੀਂ। ਜਿੰਨੇ ਸ਼ਸਤਰਧਾਰੀ ਸੀ, ਕਸ਼ਤਰੀਆਂ ਦਾ ਯੁੱਗ ਲੰਘ ਗਿਆ। ਮਹਾਂਭਾਰਤ ਦਾ ਯੁੱਗ ਲੰਘ ਗਿਆ। ਉਹ ਹੁੰਦਾ ਹੈ ਕਿ ਸਾਡੇ ਧਰਮ ਵਲ ਕੋਈ ਦੇਖ ਨਾ ਸਕੇ, ਲੇਕਿਨ ਅੱਜ ਕੀ ਹੋ ਗਿਆ ਪਤਨ ਹੋ ਗਿਆ। ਹੁਣ ਤੇਰੀ ਸ਼ਰਨ ਆਏ ਹਾਂ ਅਸੀਂ, ਤੇਰੇ ਬਿਨਾਂ ਰੱਖਿਆ ਕੋਈ ਨਹੀਂ ਕਰਦਾ।

ਭਗਵਾਨ! ਤੇਰੀ ਸ਼ਰਨ ਹਾਂ, ਆਏ ਹੋ ਲਾਚਾਰ
ਛੱਡ ਕੇ ਤੇਰੇ ਦੁਆਰ ਨੂੰ ਜਾਈਏ ਕਿਹੜੇ ਦੁਆਰ।

ਸਾਡੇ ਵਾਸਤੇ ਕੋਈ ਦੁਆਰਾ ਨਹੀਂ ਰਿਹਾ -

ਲੱਜਾ ਤੇਰੇ ਹੱਥ ਹੈ, ਨੀਲਕੰਠ ਭਗਵਾਨ।
ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।

ਹੁਣ ਸਾਡੀ ਰੱਖਿਆ ਕੋਈ ਨਹੀਂ ਕਰ ਸਕਦਾ ਹੇ ਭਗਵਾਨ! ਕੋਈ ਦੁਆਰਾ ਨਹੀਂ ਰਿਹਾ -

ਸਗਲ ਦੁਆਰ ਕਉ ਛਾਡਿਕੈ ਗਹਿਓ ਤੁਹਾਰੋ ਦੁਆਰ।
ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ।
(ਦੋਹਰਾ)

ਧਾਰਨਾ - ਹੁਣ ਰਿਹਾ ਨਾ ਦੁਆਰਾ ਹੋਰ ਕੋਈ,
ਰੱਖਿਆ ਜੋ ਕਰੇ ਹਿੰਦ ਦੀ।

ਹੇ ਪ੍ਰਭੂ! ਹੁਣ ਹੋਰ ਦੁਆਰਾ ਕੋਈ ਨਹੀਂ। ਸਾਰੇ ਦਰਵਾਜ਼ੇ ਖਟਖਟਾ ਲਏ ਨੇ, ਰਾਜਿਆਂ ਦੇ ਵੀ ਖਟਖਟਾ ਲਏ। ਸੂਰਮਿਆਂ ਨੂੰ ਵੀ ਵੰਗਾਰ ਪਾ ਕੇ ਦੇਖ ਲਈ। ਕੋਈ ਨਹੀਂ ਹਿਲਦਾ, ਸਾਰਿਆਂ 'ਚੋਂ ਸਾਹ ਸੱਤ ਖਤਮ ਹੋ ਗਿਆ। ਜ਼ੁਲਮ ਦਾ ਐਡਾ ਦਮਨ ਚੱਕਰ ਚੱਲ ਰਿਹਾ ਹੈ ਕਿ ਧੜਾਧੜ ਆਪਣੇ ਧਰਮ ਨੂੰ ਛੱਡ ਕੇ ਇਸਲਾਮ ਦੇ ਵਿਚ ਜਾ ਰਹੇ ਨੇ। ਹੇ ਪ੍ਰਭੂ! ਐਡਾ ਜ਼ੋਰ ਜ਼ਬਰ, ਤੇਰੀ ਦੁਨੀਆਂ ਦੇ ਵਿੱਚ ਐਡਾ ਕੌਣ ਹੈ ਜਿਹੜਾ ਸਾਡੀ ਬਾਂਹ ਫੜੇ। ਤੂੰ ਪ੍ਰਗਟ ਹੋ, ਪ੍ਰਗਟ ਹੋ ਕੇ ਆਪਣਾ ਤੀਸਰਾ ਨੇਤਰ ਖੋਲ੍ਹ, ਇਹਦੇ ਨਾਲ ਇਸ ਰਾਜ ਨੂੰ ਖਤਮ ਕਰ ਦੇ।

ਇਸ ਹਤਿਆਰੇ ਰਾਜ ਦਾ ਮੇਟਹੁ ਨਾਮ ਨਿਸ਼ਾਨ।

ਕੋਈ ਜਵਾਬ ਨਹੀਂ ਆ ਰਿਹਾ। ਬਾਰ-ਬਾਰ ਅਰਦਾਸਾਂ ਕਰਦੇ ਨੇ, ਬੇਨਤੀਆਂ ਕਰਦੇ ਨੇ। ਰੋ-ਰੋ ਕੇ ਅਰਦਾਸਾਂ ਕਰਦੇ ਨੇ, ਲੰਮੇ ਪਏ ਨੇ। ਕਿੰਨਿਆਂ ਨੇ ਕਹਿ ਦਿਤਾ ਕਿ ਅੰਨ੍ਹ ਗ੍ਰਹਿਣ ਨਹੀਂ ਕਰਨਾ, ਇੱਥੇ ਹੀ ਜਾਨ ਦੇ ਦੇਣੀ ਹੈ। ਇਸੇ ਦੁਆਰੇ 'ਤੇ ਵਾਪਸ ਨਹੀਂ ਜਾਣਾ। ਅੰਨ ਪਾਣੀ ਛੱਡ ਦਿੱਤਾ। ਉਸ ਠੰਢੀ ਬਰਫ ਦੇ ਵਿਚ ਬੇਨਤੀਆਂ ਕਰ ਰਹੇ ਨੇ। ਸਮਾਂ ਲੰਘ ਗਿਆ, ਕੋਈ ਨਹੀਂ ਪ੍ਰਗਟ ਹੋਇਆ। ਕਹਿਣ ਲੱਗੇ, ਐਨਾ ਚਿਰ ਸ਼ਿਵ ਜੀ ਮਹਾਰਾਜ ਤਾਂ ਲਾਇਆ ਨਹੀਂ ਸੀ ਕਰਦੇ ਐਨਾ ਚਿਰ? ਉਸੇ ਵੇਲੇ ਪ੍ਰਗਟ ਹੋ ਵਰ ਦੇ ਦਿੰਦੇ ਸੀ, ਤਥਾਅਸਤੂ, ਕਹਿ ਦਿੰਦੇ ਸੀ। ਵਰ ਮੰਗੋ ਕੀ ਮੰਗਣਾ ਹੈ।

ਉਸ ਵੇਲੇ ਪ੍ਰਗਟ ਨਹੀਂ ਹੋਏ। ਇੱਕ ਜਟਾਜੂਟ ਸਾਧੂ ਆ ਗਿਆ, ਸਾਰਿਆਂ ਨੇ ਸਮਝ ਲਿਆ ਕਿ ਸ਼ਿਵ ਜੀ ਭਗਵਾਨ ਇਸ ਰੂਪ 'ਚ ਪ੍ਰਗਟ ਹੋ ਗਏ। ਉਸ ਵੇਲੇ ਉਹ ਸਾਧੂ ਕਹਿਣ ਲੱਗਿਆ ਕਿ ਤੁਸੀਂ ਕਿਉਂ ਪਏ ਓਂ ਇੱਥੇ? ਕਹਿੰਦੇ ਆਹ ਸਾਡੇ ਉਤੇ ਭਾਣਾ ਬੀਤ ਗਿਆ। ਕਹਿਣ ਲੱਗੇ, ਫੇਰ ਜਵਾਬ ਨਹੀਂ ਆਇਆ? ਕਹਿੰਦੇ, ਨਹੀਂ। ਕਹਿੰਦਾ, ਮੇਰੇ ਕੋਲ ਆ ਗਿਆ ਜਵਾਬ, ਸੁਣੋ ਧਿਆਨ ਦੇ ਨਾਲ ਤੁਹਾਨੂੰ ਮੈਂ ਦਸਾਂ -

ਧਾਰਨਾ - ਬਾਂਹ ਫੜੇਗਾ ਤੁਹਾਡੀ ਸਤਿਗੁਰ ਨੌਵਾਂ,
ਸ਼ਰਨ ਜਾ ਕੇ ਲੈ ਲਓ ਓਸਦੀ।

ਕਹਿਣ ਲੱਗੇ, ਪ੍ਰੇਮੀਓ! ਆਵਾਜ਼ ਸੁਣੋ ਜੋ ਆਵਾਜ਼ ਆ ਰਹੀ ਹੈ। ਆਵਾਜ਼ ਹਰੇਕ ਦੇ ਹਿਰਦੇ 'ਚ ਨਹੀਂ ਆਉਂਦੀ, ਕਿਉਂਕਿ ਜਿਹੜਾ ਸੁਣਨ ਵਾਲੇ ਸੈਟ ਨੇ ਉਹ ਖਰਾਬ ਹੋਏ-ਹੋਏ ਨੇ, ਜੰਗਾਲ ਲੱਗੇ ਹੋਏ ਨੇ। ਜਿਹੜਾ ਸੈਟ ਠੀਕ ਹੋਵੇ ਉਥੇ ਹੀ ਆਉਂਦੀ ਹੈ। ਟੈਲੀਫੋਨ ਦੀ ਆਵਾਜ਼ ਨਹੀਂ ਆਉਂਦੀ ਜੇ receiver ਖਰਾਬ ਹੋਵੇ। ਕਹਿੰਦੇ, ਆਵਾਜ਼ ਆਈ ਹੈ -

ਆਖਿਆ ਸ਼ਿਵ ਭਗਵਾਨ ਨੇ ਮੁੱਖੋਂ ਇਉਂ ਉਚਾਰ।
ਭਾਰਤ ਵਿਚ ਹੈ ਪ੍ਰਗਟਿਆ ਕਲਜੁਗ ਰਖਣਹਾਰ।
ਤੇਗ ਬਹਾਦਰ ਨਾਮ ਹੈ ਮਹਿਮਾ ਅਪਰ ਅਪਾਰ।
ਬੈਠਾ ਵਿਚ ਅਨੰਦਪੁਰ ਲਾ ਕੇ ਹੈ ਦਰਬਾਰ।
ਜਾਓ ਉਸਦੀ ਸ਼ਰਨ ਵਿਚ ਛੱਡ ਕੇ ਹੋਰ ਵਿਚਾਰ।
ਨਉਕਾ ਹਿੰਦੂ ਧਰਮ ਦੀ ਲਾਏਗਾ ਉਹ ਪਾਰ।

ਖੁਸ਼ੀ ਹੋ ਗਈ ਮਨ 'ਚ। ਬਈ ਜਵਾਬ ਮਿਲ ਗਿਆ, ਉਤਰ ਮਿਲ ਗਿਆ ਸਾਨੂੰ। ਸਾਧੂ ਅਲੋਪ ਹੋ ਗਿਆ ਗੱਲ ਕਹਿ ਕੇ। ਹੈਰਾਨ ਹੋ ਗਿਆ ਕਿ ਸਾਧੂ ਕਿੱਥੇ ਚਲਿਆ ਗਿਆ। ਕਹਿੰਦੇ, ਇਹ ਤਾਂ ਸ਼ਿਵ ਭਗਵਾਨ ਸੀ, ਕਿਉਂ ਨਾ ਇਹਦੇ ਚਰਨ ਫੜ ਲਏ ਆਪਾਂ, ਇਨ੍ਹਾਂ ਨੂੰ ਕਹਿੰਦੇ ਕਿ ਤੀਸਰਾ ਨੇਤਰ ਖੋਲ੍ਹੋ। ਉਸ ਵੇਲੇ ਭਾਰਤ ਵਰਸ਼ ਵਿਚੋਂ ਸਭ ਤੋਂ ਵਿਦਵਾਨ ਓਸ ਵੇਲੇ ਦਾ ਜੋ ਪੰਡਤ ਸੀ ਉਹ ਕ੍ਰਿਪਾਰਾਮ ਸੀ। ਬ੍ਰਹਮਦਾਸ ਦਾ ਪੋਤਾ-ਪੜੋਤਾ ਸੀ ਉਹ। ਬ੍ਰਹਮਦਾਸ ਨੂੰ ਗੁਰੂ ਨਾਨਕ ਪਾਤਸ਼ਾਹ ਨੇ ਸਿੱਖੀ ਬਖਸ਼ੀ ਸੀ ਮਟਨ ਵਿਚ। ਉਹਦੇ ਮਨ ਵਿਚ ਗੁਰੂ ਦਾ ਪਿਆਰ ਸੀ। ਉਨ੍ਹਾਂ ਨੇ ਕਿਹਾ ਕਿ ਨਾਲੇ ਤਾਂ ਗੁਰੂ ਦਾ ਪਿਆਰਾ ਹੈ, ਬ੍ਰਾਹਮਣ ਜਾਤ ਹੈ ਤੇ ਦੂਸਰਾ ਇਹਦੇ ਨਾਲ ਦਾ ਵਿਦਵਾਨ ਕੋਈ ਨਹੀਂ। ਇਹੀ ਕ੍ਰਿਪਾ ਰਾਮ ਸੀ ਜਿਹਨੇ ਚਮਕੌਰ ਸਾਹਿਬ ਦੇ ਵਿਚ ਆ ਕੇ ਚਾਲੀ ਸਿੰਘਾਂ ਦੇ ਨਾਲ ਸ਼ਹੀਦੀ ਦੇ ਦਿੱਤੀ। ਬੜਾ ਭਾਰਾ ਯੁੱਧ ਕਰਿਆ ਸੀ ਇਸਨੇ। ਐਵੇਂ ਹੀ ਨਹੀਂ ਸੀ ਜਨੇਊ ਵਾਲਾ ਬ੍ਰਾਹਮਣ, ਸੱਚ ਦਾ ਧਾਰਨੀ ਸੀ। ਪੰਜ ਸੌ ਦਾ deputation ਲਿਆ ਉਸਨੇ। ੧੯ ਬੰਦੇ ਛਾਂਟੇ, ਮੁਖੀ ਕਮੇਟੀ ਬਣਾ ਦਿਤੀ ਕਿ ਇਨ੍ਹਾਂ ਨੇ ਗੱਲ ਕਰਨੀ ਹੈ ਆਪਾਂ ਨਾਲ ਚਲਦੇ ਹਾਂ। ਉਸ ਵੇਲੇ ਆਨੰਦਪੁਰ ਸਾਹਿਬ ਪਹੁੰਚ ਜਾਂਦੇ ਨੇ, ਮਹਾਰਾਜ ਜੀ ਨੂੰ ਖਬਰ ਹੋਈ ਕਿ ਸੱਚੇ ਪਾਤਸ਼ਾਹ! ਭਾਰਤ ਵਰਸ਼ ਦਾ ਬ੍ਰਾਹਮਣ ਵਰਗ ਆਇਆ ਹੈ ਤੇ ਆਪ ਦੇ ਚਰਨਾਂ 'ਚ ਕੋਈ ਅਰਜ਼ ਕਰਨੀ ਚਾਹੁੰਦਾ ਹੈ। ਮਹਾਰਾਜ ਨੇ ਕਿਹਾ ਕਿ ਕੋਈ ਨਾ, ਦਰਬਾਰ ਵਿਚ ਹਾਜ਼ਰ ਕਰੋ। ਦਰਬਾਰ ਲਗ ਗਿਆ, ਬੇਅੰਤ ਸੰਗਤਾਂ ਆਈਆਂ ਹੋਈਆਂ ਸੀ, ਗੁਰੂ ਮਹਾਰਾਜ ਦੇ ਦਰਸ਼ਨ ਨੂੰ। ਪੰਜ ਸੌ ਬ੍ਰਾਹਮਣ ਬੜੇ ਪ੍ਰਭਾਵਿਤ ਚਿਹਰੇ ਨੇ। ਦਾਹੜੇ ਵਗੈਰਾ ਸਾਰਿਆਂ ਦੇ ਰੱਖੇ ਹੋਏ ਨੇ, ਦਸਤਾਰਾਂ ਬੰਨ੍ਹੀਆਂ ਹੋਈਆਂ ਨੇ, ਤਿਲਕ ਲੱਗੇ ਹੋਏ ਨੇ, ਹੱਥਾਂ ਵਿੱਚ ਸਿਮਰਨੇ ਨੇ। ਬਹੁਤ ਸੋਹਣੇ ਦੇਖਣ ਨੂੰ ਲਗਦੇ ਨੇ, ਆ ਕੇ ਗੁਰੂ ਮਹਾਰਾਜ ਦੇ ਚਰਨਾਂ 'ਚ ਨਮਸ਼ਕਾਰਾਂ ਕਰਦੇ ਨੇ। ਬੈਠ ਜਾਂਦੇ ਨੇ, ਮਹਾਰਾਜ ਕਹਿਣ ਲੱਗੇ ਕਿ ਪ੍ਰੇਮੀਓ! ਵਿਦਵਾਨ ਜਨੋ! ਤੁਸੀਂ ਇਥੇ ਕਿਸ ਤਰ੍ਹਾਂ ਦੇ ਨਾਲ ਦਰਸ਼ਨ ਦਿੱਤੇ ਆ ਕੇ ਅੱਜ। ਕ੍ਰਿਤਾਰਥ ਕੀਤਾ ਤੁਸਾਂ ਨੇ ਸੰਗਤਾਂ ਨੂੰ ਦਰਸ਼ਨ ਦੇ ਕੇ। ਉਸ ਵੇਲੇ ਸਾਰਿਆਂ ਦੀਆਂ ਭੁਬਾਂ ਨਿਕਲ ਗਈਆਂ, ਕੋਈ ਦਸ ਨਹੀਂ ਸਕਦਾ। ਬੋਲ ਨਹੀਂ ਹੁੰਦਾ ਕਿਸੇ ਤੋਂ। ਕ੍ਰਿਪਾਰਾਮ ਨੂੰ ਕਿਹਾ ਕਿ ਤੁਸੀਂ ਦੱਸੋ? ਦੱਸ ਨਹੀਂ ਸਕਦੇ, ਕਿਉਂਕਿ ਦਰਦ ਵਾਲਾ ਬੰਦਾ ਜੇ ਮਿਲ ਜਾਵੇ, ਬੰਦਾ ਰੋਂਦਾ ਨਹੀਂ ਹੁੰਦਾ, ਸਖਤ ਹੁੰਦੇ ਨੇ ਬੰਦਿਆਂ ਦੇ ਦਿਲ, ਲੇਕਿਨ ਜੇ ਦਰਦ ਵਾਲਾ ਮਿਲ ਜਾਵੇ, ਫੇਰ ਰੋ ਪੈਂਦਾ ਹੈ। ਮਨਸੂਰ ਨੂੰ ਹੁਕਮ ਹੋ ਗਿਆ ਕਿ ਇਹਦੇ ਪੱਥਰ ਮਾਰੋ ਸਾਰੇ। ਸੂਲੀ ਦੇਣੀ ਹੈ ਇਹਨੂੰ ਅਧਮੋਆ ਕਰ ਦਿਓ, ਸੂਲੀ ਤੱਕ ਜਾਂਦੇ-ਜਾਂਦੇ। ਪੱਥਰ ਮਾਰਦੇ ਨੇ, ਇੱਕ ਆਵਾਜ਼ ਦਿੰਦਾ ਹੈ 'ਅਨਹਲ ਹੱਕ ਬਗੋ' (ਅਹੰ ਬ੍ਰਹਮਅਸਵੀ) ਬਿਲਕੁਲ ਨਹੀਂ ਰੋਇਆ, ਓਵੇਂ ਹੀ ਹੱਸਦਾ ਜਾ ਰਿਹਾ ਹੈ, ਇੱਟਾਂ ਪੈਂਦੀਆਂ ਨੇ, ਖੂਨ ਚੱਲ ਰਿਹਾ ਹੈ। ਇੱਕ ਭੇਤ ਵਾਲਾ ਬੰਦਾ ਆ ਗਿਆ, ਹੁਕਮ ਸੀ ਕਿ ਜਿਹਨੇ ਨਾ ਪੱਥਰ ਮਾਰੇ, ਸਜ਼ਾ ਮਿਲੇਗੀ। ਉਹਦਾ ਭੇਤੀ ਸੀ, ਜਾਣੂ ਸੀ, ਰਮਜ਼ ਦੇ ਜਾਣਨ ਵਾਲਾ ਸੀ ਕਿ ਇਹ ਬਿਲਕੁਲ ਠੀਕ ਗੱਲ ਕਹਿ ਰਿਹਾ ਹੈ। ਉਸ ਵੇਲੇ ਉਹ ਸ਼ਿਵਲੀ, ਹੱਥ ਵਿੱਚ ਪੱਥਰ ਤਾਂ ਨਾ ਲਿਆਇਆ ਪੰਜ ਫੁੱਲ ਲੈ ਆਇਆ ਕਿ ਮਾਰੂੰਗਾ ਤਾਂ ਮੈਂ ਜ਼ਰੂਰ ਪਰ ਮਿੱਤਰ ਦੇ ਮੈਂ ਪੱਥਰ ਨਹੀਂ ਮਾਰਨਾ, ਫੁੱਲ ਮਾਰਨਾ ਹੈ, ਇਹ ਚਾਹੇ ਮੇਰੀ ਉਹ ਭੇਟਾ ਸਮਝ ਲਵੇ, ਰਾਜਾ ਚਾਹੇ ਇਹ ਸਮਝ ਲਵੇ ਕਿ ਇਹਨੇ ਵੀ ਮਾਰਿਆ ਹੈ ਕੁਛ। ਜਦੋਂ ਮਨਸੂਰ ਆ ਜਾਂਦਾ ਹੈ, ਨੇਤਰਾਂ ਨਾਲ ਨੇਤਰ ਇੱਕ ਹੋਏ, ਦੇਖਿਆ ਸ਼ਿਵਲੀ ਦੇ ਨੇਤਰਾਂ 'ਚ, ਉਸ ਵੇਲੇ ਬੋਲਿਆ ਨਹੀਂ, ਸਿਰ ਨਿਵਾਇਆ, ਫੁੱਲ ਕੱਢਿਆ ਹੱਥ ਸੱਜੇ ਦੇ ਵਿਚੋਂ, ਪੰਜੇ ਫੁੱਲ ਜਿਵੇਂ ਲੋਕ ਵੱਟੇ ਮਾਰਦੇ ਸੀ, ਉਹਦੇ ਵਿੱਚ ਹੀ ਉਹਦਾ ਫੁੱਲ ਜਾ ਲੱਗਿਆ ਉਹਨੂੰ। ਫੁੱਲ ਲੱਗਣ ਦੀ ਦੇਰ ਸੀ, ਧਾਹਾਂ ਮਾਰ ਕੇ ਰੋ ਪਿਆ ਉੱਚੀ-ਉੱਚੀ ਮਨਸੂਰ, ਮਿੱਤਰ ਸ਼ਿਵਲੀ! ਪੱਥਰਾਂ ਦਾ ਮੈਨੂੰ ਦਰਦ ਨਹੀਂ ਲੱਗਿਆ। ਕਿਉਂਕਿ ਇਹ ਰਮਜ਼ ਤੋਂ ਬਾਹਰ ਨੇ, ਤੂੰ ਰਮਜ਼ ਨੂੰ ਸਮਝਣ ਵਾਲਾ ਬੰਦਾ ਹੈਂ। ਤੇਰੇ ਫੁੱਲ ਦਾ ਮੈਨੂੰ ਦੁੱਖ ਸਾਰੇ ਹੁਣ ਤੱਕ ਜਿੰਨੇ ਮੇਰੇ ਪੱਥਰ ਲੱਗੇ ਨੇ ਉਨ੍ਹਾਂ ਸਾਰਿਆਂ ਤੋਂ ਵੱਧ ਹੋਇਆ ਹੈ। ਕਿਉਂਕਿ ਉਹ ਦਰਦ ਵਾਲਾ ਸੀ। ਦਰਦ ਵਾਲਾ ਬੰਦਾ ਜੇ ਆਪਣਾ ਬੰਦਾ ਹਾਅ ਨਾ ਭਰੇ, ਫੇਰ ਉਸ ਵੇਲੇ ਆਦਮੀ ਦਾ ਦਿਲ ਟੁੱਟ ਜਾਂਦਾ ਹੈ। ਵੱਡਿਆ-ਵੱਡਿਆਂ ਦਾ ਟੁੱਟਿਆ ਹੈ।

ਜੂਲੀਅਸ ਸੀਜ਼ਰ ਸਾਰੀ ਦੁਨੀਆਂ ਨੂੰ ਉਹਨੇ ਫਤਹਿ ਕਰਿਆ ਸੀ। ਯੂਰਪ ਸਾਰਾ ਉਹਨੇ ਪੈਰਾਂ ਥੱਲੇ ਰੋਲ ਦਿੱਤਾ। ਇੰਗਲੈਂਡ ਵਿੱਚ ਵੀ ਚਲਿਆ ਗਿਆ, ਰੋਮਨਾਂ ਦਾ ਰਾਜ ਤਬਾਹ ਕਰ ਦਿੱਤਾ, ਮਿਸਰ ਨੂੰ ਵੀ ਉਥੇ ਕਲਪਾਤਰਾ ਸੀ ਉਹਨੂੰ ਵੀ ਜਿੱਤ ਲਿਆ। ਹੋਰ ਵੀ ਸਾਰੇ ਇਲਾਕੇ ਜਿੱਤ ਲਏ ਟਰਕੀ ਵਗੈਰਾ, ਅਖੀਰ ਵਿਚੇ ਵਿਚ ਸਾਜਿਸ਼ ਹੋਈ, ਸਭ ਤੋਂ ਵੱਡਾ ਉਹਦਾ ਜਿਹੜਾ ਸੱਜਾ ਹੱਥ ਸੀ, ਉਹਦਾ ਨਾਉਂ ਬ੍ਰਿਟਿਸ਼ ਸੀ, ਜਿਸ ਵਕਤ ਕਤਲ ਕਰਨ ਵਾਲੇ ਅੰਦਰ ਆ ਵੜੇ, ਪਹਿਰੇਦਾਰਾਂ ਦੇ ਕੋਲੋਂ ਲੰਘ ਕੇ, ਰਿਸ਼ਵਤ ਦੇ ਕੇ ਉਨ੍ਹਾਂ ਨੂੰ ਨਾਲ ਮਿਲਾ ਕੇ, ਇਕੱਲਾ ਖੜ੍ਹਾ ਹੈ, ਬਹਾਦਰ ਬਹੁਤ ਵੱਡਾ ਸੀ, ਜੇ ਜੂਝਣਾ ਚਾਹੁੰਦਾ, ਸਾਰਿਆਂ ਨਾਲ ਲੜ ਪੈਂਦਾ। ਉਸ ਵੇਲੇ ਜਦੋਂ ਆਪਣੇ ਮਿੱਤਰ ਨੂੰ ਦੇਖਿਆ, ਰਮਜ਼ ਵਾਲੇ ਨੂੰ ਦੇਖਿਆ ਕਿ ਉਹ ਵੀ ਇਨ੍ਹਾਂ ਦੇ ਨਾਲ ਖੜ੍ਹਾ ਹੈ, ਫੇਰ ਹੱਥ ਤਾਂ ਤਲਵਾਰ ਦੇ ਉਤੇ ਪਿਆ ਹੋਇਆ ਹੈ, ਢਾਲ ਹੈ ਦੂਸਰੇ ਹੱਥ 'ਚ। ਲੜਨ ਵਾਸਤੇ ਤਿਆਰ ਹੋਇਆ-ਹੋਇਆ ਹੈ, ਜਦੋਂ ਬ੍ਰਿਟਿਸ਼ ਨੂੰ ਦੇਖਿਆ ਤੇ ਕਿਹਾ ਕਿ ਤੂੰ ਵੀ ਮਿੱਤਰਾ! ਇਨ੍ਹਾਂ ਦੇ ਨਾਲ ਰਲ ਗਿਆ? ਐਨਾ ਕਹਿੰਦੇ ਸਾਰ, ਤਲਵਾਰ ਹੱਥ 'ਚੋਂ ਗਿਰ ਜਾਂਦੀ ਹੈ, ਢਾਲ ਹੱਥ 'ਚੋਂ ਗਿਰ ਜਾਂਦੀ ਹੈ, ਸਾਹਸ ਉਡ ਗਿਆ, ਕਿਉਂਕਿ ਮਿੱਤਰ ਨੇ ਧੋਖਾ ਦੇ ਦਿਤਾ। ਜਦੋਂ ਆਪਣਾ ਬੰਦਾ, ਜਿਹਨੂੰ ਆਪਣਾ ਸਮਝ ਲਓ, ਜਦੋਂ ਉਹ ਧੋਖਾ ਦੇ ਜਾਵੇ, ਉਸ ਵੇਲੇ ਦਿਲ ਟੁੱਟ ਜਾਇਆ ਕਰਦਾ ਹੈ। ਟੁੱਟੇ ਹੋਏ ਦਿਲ ਨਹੀਂ ਜੁੜਿਆ ਕਰਦੇ, ਬੜੇ ਮੁਸ਼ਕਲ ਨੇ। ਉਸ ਵੇਲੇ ਲੜਿਆ ਨਹੀਂ ਫੇਰ, ਉਸ ਵੇਲੇ ਹਥਿਆਰ ਸੁੱਟ ਦਿੱਤੇ ਤੇ ਜੂਲੀਅਸ ਸੀਜ਼ਰ ਉਥੇ ਮਾਰਿਆ ਗਿਆ। ਇਤਿਹਾਸਕ ਵਾਕਾ ਹੈ।

ਇਸੇ ਤਰ੍ਹਾਂ ਨੈਲਸਨ ਨੇ ਸ਼ਿਕਸ਼ਤ ਦੇ ਦਿਤੀ, ਸਾਰੀ ਦੁਨੀਆਂ ਨੂੰ ਜਿੱਤਦਾ ਫਿਰਦਾ ਸੀ, ਨਿਪੋਲੀਅਨ। ਜਿਸ ਵੇਲੇ ਉਹਦਾ ਦਿਲ ਟੁੱਟ ਗਿਆ, ਫੇਰ ਵੱਡੀ ਲੜਾਈ ਨਹੀਂ ਲੜੀ, ਫੇਰ ਹਾਰ ਹੀ

ਗਿਆ ਬਾਅਦ ਵਿਚ।

ਈਸਾ ਜੀ ਨੂੰ ਜਦੋਂ ਸੂਲੀ ਦਾ ਹੁਕਮ ਹੋ ਗਿਆ ਤਾਂ ਕਿਹਾ ਗਿਆ ਕਿ ਤੂੰ ਗਵਾਹ ਲਿਆ ਆਪਣਾ ਜਿਹੜਾ ਇਹ ਕਹਿ ਦੇਵੇ ਕਿ ਅਸੀਂ ਤੈਨੂੰ ਜਾਣਦੇ ਹਾਂ ਤੇ ਤੂੰ ਬਹੁਤ ਚੰਗੇ ਚਰਿੱਤਰ ਦਾ ਬੰਦਾ ਹੈਂ। ਦੇਸ਼ ਦੇ ਵਿਦਰੋਹ ਦੇ ਹੱਕ ਵਿੱਚ ਤੂੰ ਕੋਈ ਕੰਮ ਨਹੀਂ ਕਰ ਰਿਹਾ। ਬਾਰ੍ਹਾਂ ਉਨ੍ਹਾਂ ਦੇ trusted ਸੀਗੇ, ਇਕੱਲੇ-ਇਕੱਲੇ ਨੂੰ ਬੁਲਾਉਂਦੇ ਨੂੰ, ਈਸਾ ਜੀ ਨੂੰ ਇਹ ਸੀ ਕਿ ਪਿਤਰਸ ਜਿਹਨੇ ਮੇਰੀ ਪੂਰੀ ਸ਼ਕਤੀ ਦੇਖੀ ਹੋਈ ਹੈ, ਕੈਦ ਵਿੱਚ ਸੀ, ਅਰਦਾਸਾਂ ਕਰਦਾ ਸੀ ਪਿਤਰਸ ਕਿ ਹੇ ਪ੍ਰਭੂ! ਤੂੰ ਮੈਨੂੰ ਛੁਡਾ ਲੈ, ਮੈਂ ਮਾਰਿਆ ਜਾਵਾਂਗਾ, ਸੱਤ ਜੰਦਿਆਂ ਦੇ ਅੰਦਰ ਬੰਦ ਸੀ, ਸਾਰੇ ਤਾਲੇ ਖੁੱਲ੍ਹ ਗਏ, ਜਿਵੇਂ ਕ੍ਰਿਸ਼ਨ ਮਹਾਰਾਜ ਵੇਲੇ ਖੁਲ੍ਹ ਗਏ ਸੀ। ਸੱਤਾਂ ਤਾਲਿਆਂ 'ਚੋਂ ਨਿਕਲ ਕੇ ਈਸਾ ਜੀ ਦੇ ਚਰਨਾਂ 'ਚ ਆ ਕੇ ਉਨ੍ਹਾਂ ਦਾ ਸਭ ਤੋਂ ਜ਼ਿਆਦਾ, trusted ਜਿਵੇਂ ਗੁਰੂ ਨਾਨਕ ਪਾਤਸ਼ਾਹ ਵੇਲੇ ਗੁਰੂ ਅੰਗਦ ਸਾਹਿਬ ਸੀ, ਗੁਰੂ ਦਸਵੇਂ ਪਾਤਸ਼ਾਹ ਦੇ ਭਾਈ ਦਇਆ ਸਿੰਘ ਜੀ ਸੀ, ਉਹ ਚੋਦਾਂ ਦੇ ਵਿਚੋਂ ਪਹਿਲੇ ਨੰਬਰ 'ਤੇ ਸੀ। ਜਿਸ ਵਕਤ ਉਹਦੀ ਵਾਰੀ ਆਈ, ਕਹਿੰਦੇ ਪਿਤਰਸ! ਤੂੰ ਇਸਨੂੰ ਜਾਣਦਾ ਹੈਂ? ਕੀ ਜਾਣਦਾ ਹੈਂ ਤੂੰ ਦੱਸ? ਕਹਿੰਦਾ, ਮੈਂ ਇੱਥੇ ਕਦੇ-ਕਦੇ ਆਉਂਦਾ ਹਾਂ, ਜਿਵੇਂ ਦੁਨੀਆਂ ਦੇਖਦੀ ਸੀ, ਉਵੇਂ ਮੈਂ ਦੇਖਦਾ ਸੀ, ਮੈਂ ਇਹਨੂੰ ਕੋਈ ਨਹੀਂ ਜਾਣਦਾ। ਉਸ ਵੇਲੇ ਈਸਾ ਜੀ ਨੇ ਕਿਹਾ ਕਿ ਹੁਣ ਮੈਂ ਕੋਈ ਸਫਾਈ ਨਹੀਂ ਦੇਣੀ। ਕਿਉਂ ਜੋ ਸਭ ਤੋਂ ਵੱਡਾ ਮਿੱਤਰ ਹੀ ਨਾਂਹ ਕਰ ਗਿਆ।

ਧੰਨ ਗੁਰੂ ਗੋਬਿੰਦ ਸਿੰਘ ਮਹਾਰਾਜ! ਨੌਂ ਮਹੀਨੇ ਰਹਿ ਕੇ ਡੱਲੇ ਨੂੰ ਉਨ੍ਹਾਂ ਨੇ ਤਿਆਰ ਕੀਤਾ, ਭਾਈ ਰਾਮ ਸਿੰਘ ਨੂੰ, ਤਿਆਰ ਕੀਤਾ। ਕੁਲ ਜਿਹੜੀ ਸੀ, ਗੁਰੂ ਚੌਥੇ ਪਾਤਸ਼ਾਹ ਤੋਂ ਭਾਈ ਭਗਤੂ ਦੀ ਕੁਲ ਦੇ ਵਿਚ ਸੀ। ਲੇਕਿਨ ਗੁਰੂ ਦਸਵੇਂ ਪਾਤਸ਼ਾਹ ਨੂੰ ਬੜਾ ਭਰੋਸਾ ਸੀ ਇਹਦੇ ਉਤੇ। ਨਵੇਂ ਬੰਦੇ ਮਿਲੇ ਨੇ, ਚਲੋ ਪੁਰਾਣੇ ਚਲੇ ਗਏ ਤਾਂ ਚਲੇ ਗਏ, ਕੋਈ ਗੱਲ ਨਹੀਂ ਹੈ। ਪਰ ਇਹ ਨਵੇਂ ਗੁਰਸਿੱਖੀ 'ਚ ਆਏ ਨੇ, ਇਨ੍ਹਾਂ ਨੂੰ ਬੇਅੰਤ ਉਪਦੇਸ਼ ਹੋਏ ਨੇ, ਸੇਵਾ ਇਨ੍ਹਾਂ ਨੇ ਬੜੀ ਕਰੀ ਹੈ ਤੇ ਮਹਾਰਾਜ ਨੇ ਬਰਕਤਾਂ ਹੀ ਬਰਕਤਾਂ ਭਾਈ ਡੱਲੇ ਨੂੰ ਦੇ ਦਿਤੀਆਂ, ਰਾਮ ਸਿੰਘ ਨੂੰ ਬਖਸ਼ ਦਿੱਤੀਆਂ। ਹੋਰਾਂ ਨੂੰ ਬਖਸ਼ ਦਿੱਤੀਆਂ, ਦਰਬਾਰੀ ਸਿੰਘ ਨੂੰ, ਬੇਅੰਤ ਨਵੇਂ ਸਿੱਖ ਤਿਆਰ ਕਰੇ ਇੱਕ ਵੱਡੀ ਗਿਣਤੀ ਕੋਈ ਹਜ਼ਾਰ, ਡੇਢ ਹਜ਼ਾਰ ਬੰਦੇ ਦੇ ਨਾਲ ਆਪ ਚਾਲੇ ਪਾਉਂਦੇ ਨੇ। ਦਮਦਮੇ ਸਾਹਿਬ ਤੋਂ, ਤਲਵੰਡੀ ਤੋਂ ਚਾਲੇ ਪਾਉਂਦੇ ਨੇ, ਤੇ ਮਹਾਰਾਜ ਬਚਨ ਕਰਦੇ ਨੇ ਕਿ ਭਾਈ ਡੱਲਿਆ! ਮੁਗਲਾਂ ਦਾ ਤੇਜ ਪ੍ਰਤਾਪ ਖਤਮ ਹੋ ਗਿਆ, ਤੇਰੇ ਸੀਸ ਦੇ ਉਤੇ ਅਸੀਂ ਦਿੱਲੀ ਦਾ ਤਾਜ ਰੱਖਣਾ ਹੈ। ਚੁਣ ਲਿਆ ਉਸ ਬੰਦੇ ਨੂੰ, ਲੇਕਿਨ ਹੋਇਆ ਕੀ। ਰਾਮ ਸਿੰਘ ਨੂੰ ਮਹਾਰਾਜ ਕਹਿੰਦੇ ਨੇ, ਰਾਮ ਸਿੰਘ! ਤੇਰੀ ਤਾਂ ਸਾਡੇ ਨਾਲ ਪੁਸ਼ਤਾਂ ਦੀ ਸਾਂਝ ਹੈ। ਗੁਰੂ ਚੌਥੇ ਪਾਤਸ਼ਾਹ ਦਾ ਤੀਸਰਾ ਪੁੱਤਰ ਜਿਹੜਾ ਸੀ ਸਾਡੇ ਖਾਨਦਾਨ ਦਾ ਉਹ ਭਾਈ ਆਦਮ ਦੇ ਘਰ ਭੇਜਿਆ ਸੀ ਤੇ ਤੂੰ ਤਾਂ ਸਾਡੇ ਖਾਨਦਾਨ ਵਿਚੋਂ ਖੂਨ ਦੀ ਸਾਂਝ ਹੈ, ਭਾਵੇਂ ਜਾ ਕੇ ਤੁਹਾਡੇ ਪੈਦਾ ਹੋ ਗਿਆ, ਪਰ ਉਹ ਸੀ ਗੁਰੂ ਰਾਮਦਾਸ ਦਾ ਹੀ ਪੁੱਤਰ। ਤੇਰੇ ਨਾਲ ਗਾੜ੍ਹੀ ਸਾਂਝ ਹੈ। ਉਸ ਵੇਲੇ ਵੱਡੀਆਂ-ਵੱਡੀਆਂ ਗੱਲਾਂ ਕਰਦੇ ਜਾਂਦੇ ਨੇ, ਮਹਾਰਾਜ ਐਸ ਤਰ੍ਹਾਂ ਕਰਾਂਗੇ, ਇਸ ਤਰ੍ਹਾਂ ਕਰਾਂਗੇ। ਖਬਰ ਹੁੰਦੀ ਹੈ ਮਹਾਰਾਜ ਨੂੰ ਥੋੜ੍ਹੀਆਂ ਮੰਜ਼ਲਾਂ ਚਲ ਕੇ ਕਿ ਮਹਾਰਾਜ! ਬਰਾੜ ਨੱਠ ਗਏ ਨੇ ਸਾਰੇ, ਮਹਾਰਾਜ ਕਹਿੰਦੇ ਕੋਈ ਗੱਲ ਨਹੀਂ। ਫੇਰ ਅਗਲੇ ਪੜਾਅ 'ਤੇ ਖਬਰ ਹੁੰਦੀ ਹੈ ਕਿ ਦਰਬਾਰੀ, ਘਰਬਾਰੀ ਸਿੰਘ, ਹੋਰ ਜਿੰਨੇ ਨਵੇਂ ਸਿੱਖ ਬਣਾਏ ਸੀ ਸੱਚੇ ਪਾਤਸ਼ਾਹ! ਰਾਤ ਨੱਠ ਗਏ ਲੈ ਕੇ ਆਪਣੇ-ਆਪਣੇ ਬੰਦਿਆਂ ਨੂੰ। ਭਾਈ ਪ੍ਰਿਥੀਚੰਦ ਦਾ ਜਿਹੜਾ ਪੜੋਤਾ ਸੀ ਉਹ ਵੀ ਨੱਠ ਗਿਆ। ਕਹਿੰਦੇ, ਕੋਈ ਗੱਲ ਨਹੀਂ। ਕਹਿੰਦੇ, ਡੱਲਾ ਸਿੰਆਂ! ਭਾਈ ਰਾਮ ਸਿੰਘ! ਕੀ ਮਰਜ਼ੀ ਹੈ ਤੁਹਾਡੀ?

ਸੱਚੇ ਪਾਤਸ਼ਾਹ! ਅਸੀਂ ਤਾਂ ਆਖਰੀ ਦਮ ਤੱਕ ਤੁਹਾਡੇ ਵਾਸਤੇ ਸੀਸ ਦੇਵਾਂਗੇ। ਅਖੀਰ ਅਗਲੀ ਮੰਜ਼ਲ ਚਲੇ ਜਾਂਦੇ ਨੇ। ਓਸ ਥਾਂ 'ਤੇ ਜਾ ਕੇ ਡੱਲੇ ਨੂੰ ਮਹਾਰਾਜ ਨੇ ਆਪਣਾ ਨਿੱਜੀ ਖੰਡਾ ਦਿੱਤਾ ਹੋਇਆ ਸੀ। ਦੋ ਹਜ਼ਾਰ ਰੁਪਏ ਦੇ, ਓਸ਼ ਵੇਲੇ ਦੇ ਹੁਣ ਦੇ ਦੋ ਲੱਖ ਦੇ ਲਾ ਲਓ, ਹੀਰੇ ਜੜਤ ਕੰਗਣ ਦਿੱਤੇ ਹੋਏ ਸੀਗੇ, ਜਿਹੜੇ ਕੜੇ ਦੇ ਨਾਲ ਪਾਏ ਹੋਏ ਸੀ। ਹੋਰ ਅਨੇਕਾਂ ਬਖਸ਼ਿਸ਼ਾਂ ਕਰੀਆਂ ਹੋਈਆਂ ਸੀ। ਰਾਤ ਨੂੰ ਪਹਿਰੇ 'ਤੇ ਹੈ ਇਕੱਲਾ, ਕਹਿੰਦਾ ਮੈਂ ਦੇਵਾਂਗਾ ਗੁਰੂ ਸਾਹਿਬ ਦਾ ਪਹਿਰਾ ਹੋਰ ਕੋਈ ਨਾ ਆਵੇ। ਪਹਿਲਾਂ ਵੀ ਦਿੰਦਾ ਰਹਿੰਦਾ ਸੀ ਸਾਰੀ-ਸਾਰੀ ਰਾਤ। ਪਹਿਰੇ ਦੇ ਉਤੇ ਹੈ, ਜਿਸ ਵਕਤ ਗੁਰੂ ਸਾਹਿਬ ਆਰਾਮ ਕਰਨ ਲੱਗੇ, ਓਸ ਵੇਲੇ ਸਾਂਭ ਕੇ ਖੰਡਾ ਮਹਾਰਾਜ ਦੇ ਸਰ੍ਹਾਣੇ ਨਾਲ ਲਾ ਕੇ ਖੜ੍ਹਾ ਦਿੱਤਾ। ਜੜਾਊ ਕੰਗਣ, ਲਾਹ ਕੇ ਮਹਾਰਾਜ ਦੇ ਮੰਜੇ 'ਤੇ ਰੱਖ ਦਿੱਤੇ। ਹੋਰ ਵੀ ਜਿਹੜੀਆਂ ਬਖਸ਼ਿਸ਼ਾਂ ਸੀ ਉਹ ਲਾਹ ਕੇ ਮੰਜੇ 'ਤੇ ਰੱਖ ਦਿਤੀਆਂ। ਜਿਸ ਵਕਤ ਮਹਾਰਾਜ ਨੇ ਆਵਾਜ਼ ਦਿੱਤੀ ਕਿ ਭਾਈ ਡੱਲਾ ਸਿੰਘ! ਓਸ ਵੇਲੇ ਇੱਕ ਫਕੀਰ ਨੇੜੇ ਹੀ ਬੈਠਾ ਸੀ ਜਿਹੜਾ ਦੇਖਦਾ ਸੀ, ਕਹਿੰਦਾ ਗੁਰੂ ਮਹਾਰਾਜ! ਨਾ ਡੱਲਾ, ਨਾ ਮੱਲਾ, ਰਹਿ ਗਿਆ ਗੁਰੂ ਇਕੱਲਾ। ਮਹਾਰਾਜ ਕਹਿੰਦੇ, ਫਕੀਰ ਸਾਂਈ ਦੇਆ, ਗੁਰੂ ਕਦੇ ਨਾ ਇਕੱਲਾ, ਗੁਰੂ ਨਾਲ ਸਦਾ ਅੱਲਾ। ਡੋਲੇ ਨਹੀਂ, ਉਹ ਡੋਲ ਗਏ ਸੀ ਸਾਰੇ ਜਿਹੜੇ ਮੈਂ ਪਹਿਲਾਂ ਦੱਸੇ ਨੇ। ਨਾਲ ਬਰਾੜ ਵੀ ਲੈ ਕੇ ਚਲਿਆ ਗਿਆ। ਬੇਅੰਤ ਸਾਥੀ ਲੈ ਕੇ ਨੱਠ ਗਿਆ। ਥੋੜ੍ਹੇ ਜਿਹੇ ਰਹਿ ਗਏ ਗੁਰੂ ਸਾਹਿਬ ਕੋਲ। ਅੱਗੇ ਵਧੇ ਕਹਿੰਦੇ ਰਾਮ ਸਿੰਘਾ! ਹੁਣ ਤੂੰ ਦੱਸ ਬਈ? ਕਹਿੰਦਾ ਜੀ, ਮਹਾਰਾਜ! ਮੈਂ ਤਾਂ ਆਖਰੀ ਦਮ ਆਪ ਦੇ ਨਾਲ ਹਾਂ, ਜਿੱਥੇ ਜੀਅ ਕਰਦਾ ਹੈ ਮੈਨੂੰ ਲੈ ਜਾਓ। ਭਰਾ ਆਪਣਾ ਭਿਜਵਾ ਦਿੱਤਾ ਕਿ ਇਹਨੂੰ ਭੇਜ ਦਿਓ। ਉਸ ਵੇਲੇ ਜਦੋਂ ਅਗਲੀ ਮੰਜ਼ਲ 'ਤੇ ਗਏ, ਰਾਤ ਨੂੰ ਨੱਠ ਗਿਆ ਸਾਥੀਆਂ ਸਮੇਤ। ਉਹ ਵੀ ਲੈ ਗਿਆ ਆਪਣੇ ਸਾਥੀ। ਮਹਾਰਾਜ ਨੂੰ ਖਬਰ ਲੱਗੀ ਕਿ ਸੱਚੇ ਪਾਤਸ਼ਾਹ! ਰਾਮ ਸਿੰਘ ਨੱਠ ਗਿਆ। ਸਾਥੀਆਂ ਨੂੰ ਵੀ ਨਾਲ ਲੈ ਗਿਆ। ਕਹਿੰਦੇ, ਰਾਮ ਸਿੰਘ ਨਾਲ ਸਾਡੀ ਗੱਲ ਕਰਾ ਦਿਓ ਇਕ ਵਾਰੀ। ਕਿਉਂਕਿ ਇਹਦੇ ਨਾਲ ਸਾਡੀ ਪੁਸ਼ਤਾਂ ਦੀ ਸਾਂਝ ਹੈ, ਡੱਲਾ ਨਵਾਂ ਆਦਮੀ ਸੀ, ਘਰ ਪਿਆਰਾ ਕਰਿਆ ਹੈ, ਪਰ ਉਥੇ ਕਿਹੜਾ ਬਚ ਜਾਏਗਾ, ਉਥੇ ਮੌਤ ਤਿਆਰ ਖੜ੍ਹੀ ਹੈ ਇਹਦੇ ਵਾਸਤੇ।ਰਾਮ ਸਿੰਘ ਨੂੰ ਕਹਿ ਦਿਓ। ਭੇਜ ਦਿੱਤਾ ਸਵਾਰ। ਜਾ ਕੇ ਉਸ ਨੇ ਰੋਕ ਲਿਆ

ਕਿ ਰਾਮ ਸਿੰਘ! ਗੁਰੂ ਸਾਹਿਬ ਨਾਲ ਦੋ ਬਚਨ ਕਰ ਲੈ। ਵਾਪਸ ਨਹੀਂ ਆਇਆ, ਜਵਾਬ ਦੇ ਗਿਆ, ਪਿੱਠ ਦੇ ਗਿਆ। ਉਸ ਤੋਂ ਬਾਅਦ ਮਹਾਰਾਜ ਨੇ ਕਿਹਾ ਕਿ ਇਹਨੂੰ ਆਣ ਪਾ, ਤਿੰਨ ਆਣ ਪਾ, ਤਿੰਨ ਆਣਾਂ ਹੁੰਦੀਆ ਨੇ, ਉਹ ਤਿੰਨੋ ਆਣਾਂ ਪਾ ਦੇ, ਲਕੀਰਾਂ ਖਿੱਚ ਦੇ ਤਿੰਨ ਕਿ ਆਹ ਆਣਾਂ ਨੇ ਤਿੰਨ। ਜਾਹ ਤੂੰ ਮੋੜ ਕੇ ਲਿਆ ਉਹਨੂੰ। ਫੇਰ ਗੁਰਸਿੱਖ ਜਾਂਦਾ ਹੈ। ਰਾਮ ਸਿੰਘਾ! ਗੁਰੂ ਸਾਹਿਬ ਨੇ ਫੇਰ ਭੇਜਿਆ ਹੈ ਮੈਨੂੰ। ਨਾ ਜਾ ਤੂੰ। ਬੇਮੁਖ ਨਹੀਂ ਹੋਈਦਾ ਗੁਰੂ ਤੋਂ, ਬੇਮੁਖ ਦਾ ਦੋਸ਼ ਬਹੁਤ ਵੱਡਾ ਹੈ। ਕਿਰਤਘਣ ਦਾ ਦੋਸ਼ ਬਹੁਤ ਵੱਡਾ ਹੈ, ਉਪਕਾਰ ਨਾ ਗੁਰੂ ਦੇ ਭੁੱਲ। ਤੁਹਾਡੇ ਖਾਨਦਾਨ ਦੇ ਉਤੇ ਉਪਕਾਰ ਕੀਤੇ ਹੋਏ ਨੇ ਗੁਰੂ ਦੇ। ਤਿੰਨ ਲਕੀਰਾਂ ਖਿੱਚ ਦਿੱਤੀਆਂ, ਰਾਮ ਸਿੰਘ ਨੇ ਘੋੜਾ ਅੱਗੇ ਲੰਘਾ ਲਿਆ। ਕਹਿੰਦਾ, ਬੜੀ ਮਾੜੀ ਗੱਲ ਕਰੀ। ਨਾਮੋਸ਼ ਹੋ ਕੇ ਆ ਗਿਆ ਗੁਰੂ ਮਹਾਰਾਜ ਕੋਲ। ਨੇਤਰਾਂ 'ਚ ਜਲ ਚਲਦਾ ਹੈ, ਕਹਿੰਦੇ ਕੀ ਗੱਲ? ਤੂੰ ਉਦਾਸ ਹੋ ਗਿਆ? ਕਹਿੰਦਾ ਪਾਤਸ਼ਾਹ! ਉਹ ਤਾਂ ਮੁੜਿਆ ਨਹੀਂ ਹੈ। ਕਹਿੰਦੇ, ਜਾਹ ਸਾਡਾ ਰੁਮਾਲ ਲੈ ਜਾ ਤੇ ਹੁਣ ਉਹਨੂੰ ਇਹ ਕਹਿ ਦੇਈਂ ਕਿ ਗੁਰੂ ਸਾਹਿਬ ਦੀ ਦਸਤਾਰ ਹੈ ਇਹ, ਸਾਮ੍ਹਣੇ ਰੱਖ ਦਿੱਤੀ ਲਕੀਰ ਕੱਢ ਕੇ ਉਹਦੇ ਉਤੇ ਜਿ ਜੇ ਜਾਣਾ ਹੀ ਹੈ ਤਾਂ ਦਸਤਾਰ ਦੇ ਉਤੇ ਦੀ ਲੰਘ ਜਾ। ਸਭ ਤੋਂ trusted ਬੰਦਾ ਭਾਈ ਡੱਲਾ ਤੇ ਭਾਈ ਰਾਮ ਸਿੰਘ ਸੀ। ਉਸ ਵੇਲੇ ਉਸ ਨੇ ਕਿਹਾ ਕਿ ਰਾਮ ਸਿੰਘਾ! ਹੁਣ ਨਾ ਗਲਤੀ ਕਰੀਂ, ਗੁਰੂ ਦਸ਼ਮੇਸ਼ ਪਿਤਾ ਜਿਹਨੇ ਭਾਰਤ ਵਰਸ਼ ਦੇ ਵਾਸਤੇ ਸਭ ਕੁਛ ਕੁਰਬਾਨ ਕਰ ਦਿੱਤਾ। ਪ੍ਰੇਮੀਆਂ! ਤੈਨੂੰ ਵਾਪਸ ਬੁਲਾ ਕੇ ਦੋ ਗੱਲਾਂ ਕਰਨੀਆਂ ਚਾਹੁੰਦੇ ਨੇ। ਗੱਲਾਂ ਕਰਕੇ ਚਲਿਆ ਜਾਈਂ, ਤੈਨੂੰ ਛੁੱਟੀ ਮਿਲ ਜਾਏਗੀ। ਸਿਰਫ ਬਚਨ ਕਰਨੇ ਨੇ ਦੋ। ਉਸ ਵੇਲੇ ਰੁਮਾਲ ਰੱਖ ਦਿੱਤਾ, ਬੇਪਰਵਾਹੀ ਨਾਲ ਘੋੜੇ ਨੂੰ ਅੱਡੀ ਮਾਰੀ ਉਤੋਂ ਦੀ ਲੰਘ ਗਿਆ। ਉਸ ਵੇਲੇ ਗੁਰਸਿੱਖ ਦਾ ਦਿਲ ਟੁੱਟ ਗਿਆ, ਰੋਣ ਲਗ ਗਿਆ। ਕਹਿੰਦਾ, ਓ ਰਾਮ ਸਿੰਘਾ! ਮਾੜੀ ਗੱਲ ਕਰੀ, ਗੁਰੂ ਦਸ਼ਮੇਸ਼ ਪਿਤਾ ਵਰਗੇ ਨੂੰ ਧੋਖਾ ਦੇਣਾ ਤੇ ਉਹਦੇ ਨਾਲ ਬੇਵਿਸ਼ਵਾਸ਼ੀ ਕਰਨੀ। ਉਸ ਵੇਲੇ ਗੁਰੂ ਮਹਾਰਾਜ ਕੋਲ ਵਾਪਸ ਆਉਂਦਾ ਹੈ, ਰੋ ਰਿਹਾ ਹੈ। ਮਹਾਰਾਜ ਕਹਿੰਦੇ, ਗੁਰਸਿੱਖਾ! ਕਿਉਂ ਰੋਂਦਾ ਹੈਂ? ਗੱਲ ਦੱਸ? ਗੱਲ ਦਸਦਾ ਹੈ ਇਸ ਤਰ੍ਹਾਂ ਨਾਲ, ਪੜ੍ਹੋ ਪਿਆਰ ਨਾਲ –

ਧਾਰਨਾ – ਜਿਹੜੇ ਕਹਿੰਦੇ ਸੀ ਦੇਵਾਂਗੇ ਸੀਸ ਗੁਰਾਂ ਨੂੰ,
ਪਿੱਠ ਦੇ ਕੇ ਸਾਰੇ ਭੱਜ ਗਏ।

ਪਾਤਸ਼ਾਹ! ਜਿਨ੍ਹਾਂ ਨੂੰ ਤੁਸੀਂ ਆਪਣੇ ਬਣਾਇਆ ਸੀ, ਜਿਨ੍ਹਾਂ ਦੇ ਉਤੇ ਦਿਨ ਰਾਤ ਆਪਣੀਆਂ ਮਿਹਰਬਾਨੀਆਂ, ਬਰਕਤਾਂ, ਬਖਸ਼ਿਸ਼ਾਂ ਕਰਦੇ ਸੀ। ਪਾਤਸ਼ਾਹ! ਸਾਰੇ ਇੱਕ-ਇੱਕ ਕਰੇ ਸਾਥ ਛੱਡ ਗਏ। ਮੈਂ ਤਾਂ ਰੋਂਦਾ ਹਾਂ। ਮਹਾਰਾਜ ਕਹਿੰਦੇ, ਗੁਰਮੁਖਾ! ਰੋ ਨਾ ਉਨ੍ਹਾਂ ਨੂੰ ਘਰ ਪਿਆਰਾ ਸੀ, ਘਰ ਨਾਲ ਟੱਕਰਾਂ ਮਾਰ ਕੇ, ਮਹੀਨੇ ਦੇ ਅੰਦਰ ਹੀ ਮਰ ਜਾਣਾ ਹੈ ਉਨ੍ਹਾਂ ਨੇ। ਰਾਮ ਸਿੰਘ ਘਰ ਜਾਂਦਾ ਹੈ, ਕਮਲਾ ਹੋ ਗਿਆ ਘਰ ਪਹੁੰਚ ਕੇ, ਘੋੜੇ ਤੋਂ ਦੂਜੇ ਭਰਾ ਨੇ ਉਤਾਰਿਆ, ਕੰਧਾਂ ਦੇ ਨਾਲ ਟੱਕਰਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ਸੰਗਲ ਪਾ ਦਿੱਤੇ, ਧਰਤੀ ਨਾਲ ਟੱਕਰਾਂ ਮਾਰੀਆਂ, ਇੱਕ ਮਹੀਨੇ ਬਾਅਦ ਸਰੀਰ ਛੱਡ ਗਿਆ। ਓਧਰ ਭਾਈ ਡੱਲਾ ਦੇ ਪੋਤੇ, ਇੱਕ ਨੂੰ ਸੀਤਲਾ ਨਿਕਲ ਆਈ ਉਹ ਮਰ ਗਿਆ, ਇਕ ਦੇ ਤਕਲਾ ਮਰ ਗਿਆ, ਉਹਦੇ ਉਤੇ ਹਮਲਾ ਕਰ ਦਿੱਤਾ, ਰਾਜ ਭਾਗ ਖੋਹ ਲਿਆ ਉਹਦਾ। ਗੁਰੂ ਤੋਂ ਵਿਸ਼ਵਾਸ਼ ਖੋ ਲਿਆ।

ਸੋ ਮੈਂ ਬੇਨਤੀ ਕਰਦਾ ਸੀ ਜਿਥੇ ਦਰਦ ਵਾਲਾ ਬੰਦਾ ਮਿਲ ਜਾਵੇ, ਉਥੇ ਰਾਠ ਤੋਂ ਰਾਠ ਨੂੰ ਰੋਣਾ ਆ ਜਾਂਦਾ ਹੈ। ਇੱਕੋ ਮਿਸਾਲ ਮਿਲਦੀ ਹੈ, ਸਾਰੀ ਦੁਨੀਆਂ ਦੇ ਇਤਿਹਾਸ 'ਚ। ਗੁਰੂ ਮਹਾਰਾਜ ਦੇ ਨਾਲ ਜਿੰਨੇ ਹੁੰਦੇ ਸੀ ਸਾਥ ਛੱਡ ਗਏ, ਜਿਨ੍ਹਾਂ ਤੇ ਭਰੋਸਾ ਕਰਦੇ ਸੀ ਸਾਥ ਛੱਡਦੇ ਜਾਂਦੇ ਸੀ, ਪਰ ਆਪ ਚੜ੍ਹਦੀ ਕਲਾ 'ਚ ਨੇ। ਸਭ ਕੁਛ ਗਵਾਈ ਬੈਠੇ ਨੇ, ਨਾ ਅਨੰਦਪੁਰ ਸਾਹਿਬ, ਨਾ ਕਿਲ੍ਹਾ, ਨਾ ਕੋਈ ਪੈਸਾ ਕਿੱਡੀ ਚੜ੍ਹਦੀ ਕਲਾ ਹੈ, ਦੱਖਣ ਵੱਲ ਨੂੰ ਜਾ ਰਹੇ ਨੇ। ਜਦੋਂ ਗੁਰੂ ਦਸਵੇਂ ਪਾਤਸ਼ਾਹ ਦੇ ਜਦ ਉਨ੍ਹਾਂ ਨੇ ਦਰਸ਼ਨ ਕੀਤੇ, ਮਨ 'ਚ ਆਇਆ ਕਿ ਇਹ ਤਾਂ ਸਾਡੇ ਹਮਦਰਦ ਨੇ, ਉਸ ਵੇਲੇ ਸਾਧਸੰਗਤ ਜੀ! ਰੋਣਾ ਨਿਕਲ ਗਿਆ ਸਾਰਿਆਂ ਦਾ। ਉਚੀ-ਉਚੀ ਰੋ ਰਹੇ ਨੇ ਗੁਰੂ ਮਹਾਰਾਜ ਕਹਿੰਦੇ, ਪ੍ਰੇਮੀਓ! ਬੈਠ ਜਾਓ, ਸੰਗਤ ਸਾਰੀ ਹੈਰਾਨ ਹੈ ਕਿ ਬੜੇ ਵਿਦਵਾਨ ਪੁਰਸ਼ ਆਏ ਨੇ। ਬਿਪਤਾ ਇਨ੍ਹਾਂ 'ਤੇ ਬਹੁਤ ਵੱਡੀ ਪਈ ਹੋਈ ਹੈ। ਐਨਾ ਰੋ ਰਹੇ ਨੇ ਇਹ। ਉਸ ਵੇਲੇ ਮਹਾਰਾਜ ਕਹਿਣ ਲੱਗੇ, ਤੁਸੀਂ ਆਪਣਾ ਹਾਲ ਸੁਣਾਓ, ਕੀ ਗੱਲ ਹੈ, ਕਿਹੜਾ ਸੰਕਟ ਤੁਹਾਡੇ 'ਤੇ ਆ ਗਿਆ। ਕਹਿੰਦੇ, ਪਾਤਸ਼ਾਹ! ਤੁਸੀਂ ਜਾਣੀ-ਜਾਣ ਓਂ। ਸਭ ਕੁਛ ਜਾਣਦੇ ਓਂ। ਐਸ ਤਰ੍ਹਾਂ ਦੇ ਨਾਲ ਅਸੀਂ ਗਏ ਸੀ ਸ਼ਿਵ ਮੰਦਰ ਦੇ ਅੰਦਰ। ਅਮਰਨਾਥ ਦੀ ਗੁਫਾ 'ਚ, ਬਰਫ ਦੇ ਵਿਚ। ਪਾਤਸ਼ਾਹ! ਸਾਡੀ ਕੋਈ ਬਾਂਹ ਫੜਨ ਵਾਲਾ ਨਹੀਂ ਸੰਸਾਰ 'ਤੇ ਰਿਹਾ ਤੇ ਅਸੀਂ ਆਪ ਦੀ ਸ਼ਰਨ ਵਿਚ ਆਏ ਹਾਂ। ਦੇਵਤੇ ਨੇ ਕਿਹਾ ਹੈ ਕਿ ਤੁਹਾਡੀ ਬਾਂਹ ਫੜਨੀ ਹੈ ਤਾਂ ਗੁਰੂ ਤੇਗ ਬਹਾਦਰ ਨੇ ਫੜਨੀ ਹੈ। ਉਹ ਨੇ ਜਿਹੜੇ ਤੁਹਾਡੀ ਬਾਂਹ ਫੜ ਕੇ ਪੂਰਾ ਨਿਭਾ ਦੇਣਗੇ। ਐਸ ਵੇਲੇ ਬਾਂਹ ਕਿਸੇ ਨੇ ਨਹੀਂ ਫੜਨੀ। ਕਹਿੰਦੇ –

ਕੇਵਲ ਇਕੋ ਆਪ ਹੋ, ਕੇਵਲ ਇਕੋ ਆਪ ਹੋ
ਮੇਟਹੁ ਹਿੰਦੂ ਧਰਮ ਤੇ ਬਣਿਆ ਜੋ ਸੰਤਾਪ।
ਜਿਦਾਂ ਲਾਜ ਦ੍ਰੋਪਤੀ ਵਿਚ ਭਰੇ ਦਰਬਾਰ।
ਦੇ ਕੇ ਆਪਣਾ ਹੱਥ ਸੀ ਰਖੀ ਕ੍ਰਿਸ਼ਨ ਮੁਰਾਰ।
ਉਵੇਂ ਰਖੋ ਲਾਜ ਹੁਣ ਸਤਿਗੁਰ ਕ੍ਰਿਪਾਧਾਰ।
ਬਣਿਆ ਭਾਰਤ ਵਰਸ਼ ਅੱਜ ਦੁਰਯੋਧਨ ਦਰਬਾਰ।

ਗੁਰੂ ਮਹਾਰਾਜ ਕਹਿੰਦੇ, ਕੋਈ ਨਾ ਤੁਸੀਂ ਫਿਕਰ ਨਾ ਕਰੋ, ਵਾਹਿਗੁਰੂ ਸਭ ਦਾ ਰਾਖਾ ਹੈ –

ਸੱਚਾ ਸਾਹਿਬ ਆਪ ਹੀ ਕਰਕੇ ਕੋਈ ਉਪਾਅ
ਡੁੱਬਦਾ ਬੇੜਾ ਧਰਮ ਦਾ ਦੇ ਸੀ ਬੰਨੇ ਲਾ।

ਫਿਕਰ ਨਾ ਕਰੋ, ਪ੍ਰਮੇਸ਼ਰ ਨੇ ਸਭ ਕੁਛ ਕਰ ਦੇਣਾ ਹੈ। ਉਸ ਵੇਲੇ ਬਚਨ ਮਹਾਰਾਜ ਨੇ ਕੀਤਾ, ਸੰਜੀਦਾ ਹੋ ਗਏ ਆਪ, ਚੁੱਪ ਕਰ ਗਏ। ਸਾਰੇ ਚੁੱਪ ਕਰ ਗਏ, ਹੰਝੂ ਜਾ ਰਹੇ ਨੇ, ਆਪਣੀ ਵਿਥਿਆ ਨਹੀਂ ਸੁਣਾ ਸਕਦੇ, ਅੰਦਰ ਹੀ ਲਏ ਬੈਠੇ ਨੇ ਕਿ ਐਉਂ ਹੋਈ, ਇਸ ਤਰ੍ਹਾਂ ਹੋਈ। ਪੰਜ ਸੌ ਬੰਦਾ ਬੈਠਾ ਹੰਝੂ ਵਗਾ ਰਿਹਾ

ਹੈ। ਹਉਕੇ ਲੈ ਰਹੇ ਨੇ, ਉਭੇ ਸਾਹ ਲੈ ਰਹੇ ਨੇ। ਗੁਰੂ ਦਸ਼ਮੇਸ਼ ਪਿਤਾ ਬਾਹਰੋਂ ਆ ਗਏ, ਦੀਵਾਨ ਦੇ ਵਿਚੀਂ ਲੰਘ ਰਹੇ ਨੇ ਕਿ ਮਹਾਰਾਜ! ਵੀ ਚੁੱਪ ਕਰੀਂ ਬੈਠੇ ਨੇ, ਆਹ ਕੀ ਭਾਣਾ ਵਰਤਿਆ ਹੋਇਆ ਹੈ, ਰੋ ਰਹੇ ਨੇ ਸਾਰੇ। ਉਸ ਵੇਲੇ ਤਖਤ ਦੇ ਉਤੇ ਆ ਕੇ ਮਹਾਰਾਜ ਜੀ ਉਪਰ ਚੜ੍ਹ ਗਏ। ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਡੂੰਘੀ ਸੋਚ ਵਿਚ ਲਿਵਲੀਨ ਹੋਏ ਬੈਠੇ ਨੇ, ਉਸ ਵੇਲੇ ਆਪ ਨੇ ਪਿਛੋਂ ਦੀ ਹੋ ਕੇ, ਪਿੱਠ ਵਲੋਂ ਦੀ, ਗੁਰੂ ਮਹਾਰਾਜ ਦੇ ਗਲ ਵਿਚ ਦੋਹੇਂ ਬਾਹਾਂ ਪਾ ਲਈਆਂ, ਪਾਉਂਦੇ ਸਾਰ ਉਲ੍ਹਰ ਕੇ ਗੋਦੀ 'ਚ ਆ ਕੇ ਬੈਠ ਗਏ। ਮਹਾਰਾਜ ਜੀ ਨੇਤਰ ਖੋਲ੍ਹੇ, ਪਿਆਰ ਕੀਤਾ। ਬੁੱਕਲ 'ਚ ਲਏ, ਨੌਂ ਸਾਲ ਦੀ ਉਮਰ ਹੈ।

ਪਿਤਾ ਜੀ! ਇਹ ਕੌਣ ਨੇ ਬੰਦੇ, ਐਨੇ ਦੁਖੀਏ, ਐਸ ਵੇਲੇ ਰੋ ਰਹੇ ਨੇ। ਇਨ੍ਹਾਂ ਨੂੰ ਸੰਕਟ ਕੀ ਪਿਆ ਹੋਇਆ ਹੈ? ਆਪ ਤਾਂ ਸਮਰੱਥ ਓਂ, ਸਰਬ ਕਲਾ ਸਮਰੱਥ, ਆਪ ਦੇ ਘਰ ਆ ਕੇ ਤਾਂ ਰੋਂਦੇ ਹੱਸ ਕੇ ਜਾਂਦੇ ਨੇ, ਇੱਥੇ ਹੱਸਣ ਵਾਲੇ ਆ ਕੇ ਰੋਂਦੇ ਨਹੀਂ ਜਾਂਦੇ, ਇੱਥੇ ਰੋਣ ਵਾਲੇ ਹਸਦੇ ਜਾਂਦੇ ਨੇ। ਪਾਤਸ਼ਾਹ! ਇਹ ਕੀ ਗੱਲ ਹੈ? ਇਥੇ ਸਿਆਣੇ-ਸਿਆਣੇ ਬੰਦੇ, ਤਿਲਕ ਲੱਗੇ ਹੋਏ ਨੇ ਤੇ ਬੜੇ ਸਿਆਣੇ ਨੇ ਦੇਖਣ ਨੂੰ, ਸੋਹਣੇ ਦਰਸ਼ਨੀ ਨੇ। ਚਿਹਰੇ ਇਨ੍ਹਾਂ ਦੇ ਵਾਹਵਾ ਨੇ। ਇਹ ਐਨੇ ਮੁਰਝਾਏ ਹੋਏ ਕਿਉਂ ਨੇ? ਕਿਉਂ ਰੋ ਰਹੇ ਨੇ? ਆਪ ਕ੍ਰਿਪਾ ਕਰਕੇ ਇਨ੍ਹਾਂ ਦੇ ਦੁਖ ਦਾ ਇਲਾਜ ਕਰੋ ਨਾ ਕੋਈ?

ਉਸ ਵੇਲੇ, ਆਪ ਕਹਿਣ ਲੱਗੇ, ਲਾਲ ਜੀ! ਇਹ ਸਾਰੇ ਭਾਰਤ ਵਰਸ਼ ਦਾ deputation ਆਇਆ ਹੈ, ਸਾਰੇ ਹਿੰਦੂ ਧਰਮ ਦਾ deputation ਆਇਆ ਹੈ, ਭਾਰਤ ਵਰਸ਼ 'ਚੋਂ ਪੰਜ ਸੌ ਬੰਦਾ, ਨੁਮਾਇੰਦਾ ਹੋ ਕੇ ਇੱਥੇ ਪਹੁੰਚਿਆ ਹੈ ਤੇ ਇਨ੍ਹਾਂ ਦਾ ਧਰਮ ਖਤਰੇ 'ਚ ਹੈ, ਜੰਞੂ ਵੀ ਖਤਰੇ 'ਚ ਪੈ ਗਿਆ। ਤਿਲਕ ਵੀ ਖਤਰੇ 'ਚ ਪੈ ਗਿਆ, ਜ਼ਬਰਦਸਤੀ ਲਾਹਿਆ ਜਾ ਰਿਹਾ ਹੈ ਤੇ ਗੁਰੂ ਦੇ ਦਰਬਾਰ 'ਚ ਪਹੁੰਚੇ ਨੇ।

ਚਲਦਾ.............

(ਪੰਨਾ 22 ਦਾ ਬਾਕੀ)

ਝਾਲ ਝੱਲ ਸਕਦਾ। ਸੋ ਇਸ ਤਰ੍ਹਾਂ ਗੁਰੂ ਨਾਨਕ ਪਾਤਸ਼ਾਹ ਨੇ ਵਾਹਿਗੁਰੂ ਨਾਮ ਦਾ ਸਤਿਨਾਮ ਦਾ ਡੰਕਾ ਸਾਰੇ ਸੰਸਾਰ 'ਚ ਵਜਾ ਕੇ, ਸਾਰਾ ਸੰਸਾਰ ਜਿੱਤ ਲਿਆ –

ਧਾਰਨਾ – ਸਤਿਨਾਮ ਵਾਲਾ ਡੰਕਾ ਵਜਾ ਕੇ,
ਬਾਬੇ ਜਿੱਤੀ ਸਾਰੀ ਦੁਨੀਆਂ।
ਗੜ ਬਗਦਾਦੁ ਨਿਵਾਇਕੈ
ਮਕਾ ਮਦੀਨਾ ਸਭੇ ਨਿਵਾਇਆ।
ਸਿਧ ਚਉਰਾਸੀਹ ਮੰਡਲੀ
ਖਟਿ ਦਰਸਨਿ ਪਾਖੰਡਿ ਜਿਣਾਇਆ।
ਪਾਲਾ ਆਕਾਸ ਲਖ ਜੀਤੀ ਧਰੀ ਜਗਤੁ ਸਬਾਇਆ।
ਜੀ ਨਉਖੰਡਿ ਮੇਦਨੀ ਸਤਿਨਾਮ ਦਾ ਚਕ੍ਰ ਫਿਰਾਇਆ।
ਦੇਵ ਦਾਨੋ ਰਾਕਸਿ ਦੈ ਸਭ
ਚਿਤਿ ਗੁਪਤਿ ਸਭ ਚਰਨੀ ਲਾਇਆ।
ਇੰਦ੍ਰਾਸਣਿ ਅਪਛਰਾ ਰਾਗ ਰਾਗਨੀ ਮੰਗਲੁ ਗਾਇਆ।
ਭਇਆ ਅਨੰਦੁ ਜਗਤੁ ਵਿਚਿ
ਕਲਿਤਾਰਨ ਗੁਰ ਨਾਨਕ ਆਇਆ।
ਹਿੰਦੂ ਮੁਸਲਮਾਣਿ ਨਿਵਾਇਆ।

ਭਾਈ ਗੁਰਦਾਸ ਜੀ, ਵਾਰ ੧/੩੭

ਧਾਰਨਾ – ਵਾਹਵਾ-ਵਾਹਵਾ ਬਈ ਕਲਜੁਗ ਤਾਰਨੇ ਨੂੰ।
ਸਤਿਗੁਰ ਨਾਨਕ ਜਗ ਵਿਚ ਆਇਆ।

ਸੋ ਗੁਰੂ ਨਾਨਕ ਪਾਤਸ਼ਾਹ ਨੇ ਆ ਕੇ ਸ਼ਬਦ ਸੁਰਤਿ ਦਾ ਨਾਮ ਮਾਰਗ ਪ੍ਰਚਲਤ ਕੀਤਾ। ਗ੍ਰਿਹਸਤ ਵਿਚ ਰਹਿੰਦੇ ਹੋਏ, ਕਾਰੋਬਾਰ ਕਰਦੇ ਹੋਏ, ਨੇਕ ਨੀਤ ਹੋ ਕੇ, ਪ੍ਰਮੇਸ਼ਰ ਦੇ ਦਰ 'ਤੇ ਪਹੁੰਚਣ ਦੀ ਜਾਂਚ ਦੱਸੀ। ਜ਼ਿੰਦਗੀ ਸੁਖਾਲਾ ਕਰ ਦਿੱਤਾ, ਭਰਮਾਂ-ਭੁਲੇਖਿਆਂ ਵਿਚੋਂ ਕੱਢ ਦਿੱਤਾ। ਮਨੁੱਖ ਕਿਹੋ ਜਿਹਾ ਹੀ ਹੈ। ਜਿਹੋ ਜਿਹਾ ਵੀ ਹੈ ਜੇ ਉਹਦਾ ਪ੍ਰਮੇਸ਼ਰ ਵਲ ਉਸ ਦਾ ਚਿੱਤ ਹੋ ਜਾਵੇ ਤਾਂ ਪ੍ਰਮੇਸ਼ਰ ਦੇ ਦਰ 'ਤੇ ਪ੍ਰਵਾਨ ਨਹੀਂ ਹੁੰਦਾ। ਸਾਨੂੰ ਰੂਪ-ਰੇਖਾਂ 'ਚੋਂ, ਭੇਖਾਂ 'ਚੋਂ ਕੱਢ ਦਿੱਤਾ, ਨਿਰਾਰਥਕ ਰਸਮਾਂ ਵਿਚੋਂ ਕੱਢ ਦਿੱਤਾ। ਜੇ ਜਨੇਊ ਨੂੰ ਦੇਖਿਆ ਗੁਰੂ ਨਾਨਕ ਨੇ, ਕਹਿ ਦਿੱਤਾ ਕਿ ਇਹ ਜਨੇਊ ਸੱਚ ਦਾ ਨਹੀਂ ਹੈ। ਜਨੇਊ ਉਹ ਪਾਇਆ ਜਿਹੜਾ ਦਰਗਾਹ ਵਿਚ ਨਾਲ ਜਾਵੇ। ਮੱਥੇ 'ਤੇ ਚਿੰਨ੍ਹ ਉਹ ਲਾ ਜਿਹੜਾ ਦਰਗਾਹ ਦੇ ਵਿਚ ਨਿਸ਼ਾਨ ਬਣ ਜਾਵੇ ਉਹ ਨਾਮ ਦਾ ਹੈ। ਇਸੇ ਤਰ੍ਹਾਂ ਜੇ ਨਮਾਜ਼ ਪੜ੍ਹਨੀ ਹੈ ਤਾਂ ਚਿੱਤ ਨੂੰ ਇਕਾਗਰ ਕਰਕੇ ਹਰੀ ਦੀ ਹਜ਼ੂਰੀ ਵਿਚ ਪੜ੍ਹ। ਅੱਖਰ ਨਾ ਗਿਣ, ਅੱਖਰ ਗਿਣਨ ਤੋਂ ਹਟਾ ਦਿੱਤਾ, ਜਿੰਦ ਪਾ ਦਿੱਤੀ ਧਰਮ ਦੇ ਅੰਦਰ ਤੇ ਨਵੀਂ ਰੌ ਦੇ ਕੇ ਨਵੇਂ ਖਿਆਲ ਦੇ ਕੇ, ਨਰੋਏ ਮਨੁੱਖ ਪੈਦਾ ਕਰਕੇ ਉਹਨੂੰ ਖਾਲਸੇ ਦੀ ਪਦਵੀ ਦੇ ਦਿਤੀ। ਬ੍ਰਹਮਗਿਆਨੀ ਦੀ ਤੇ ਸੰਸਾਰ ਦੇ ਉਧਾਰ ਵਾਸਤੇ ਜੁਗੋ ਜੁਗ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਕੇ ਸੰਸਾਰ ਨੂੰ ਸੇਧ ਦੇ ਦਿਤੀ। ਹੁਣ ਅਸੀਂ ਲੋਕ ਹਾਂ ਸਾਡਾ ਫਰਜ਼ ਬਣ ਜਾਂਦਾ ਹੈ। ਅਸੀਂ ਆਪ ਕਿੰਨਾ ਬਾਣੀ ਦੇ ਉਤੇ ਚੱਲ ਕੇ ਕਮਾਈ ਕਰਦੇ ਹਾਂ। ਕਿੰਨਾ ਕੁ ਸਾਧਨ ਕਰਦੇ ਹਾਂ। ਪਹਿਲਾਂ ਆਪਣੇ ਆਪ ਨੂੰ ਸਮਝਾਵੋ –

ਪ੍ਰਥਮੇ ਮਨੁ ਪਰਬੋਧੈ ਅਪਨਾ ਪਾਛੈ ਅਵਰ ਰੀਝਾਵੈ ॥

ਅੰਗ – ੩੧

ਪਹਿਲਾਂ ਆਪਣੇ ਆਪ ਨੂੰ ਸ਼ੁੱਧ ਕਰੋ, ਫੇਰ ਕਿਸੇ ਨੂੰ ਕੋਈ ਗੱਲ ਕਹੋ। ਜੇ ਗੱਲ ਦੂਜੀ ਕਹੀ ਜਾਵੇ ਉਹਦਾ ਅਸਰ ਨਹੀਂ ਹੋਇਆ ਕਰਦਾ, ਅਸਰ ਉਸੇ ਗੱਲ ਦਾ ਹੁੰਦਾ ਹੈ, ਗੁਰੂ ਨਾਨਕ ਨੇ ਨਿਰੰਕਾਰ ਦੀ ਆਵਾਜ਼ ਮਾਰੀ ਸੁੰਨ ਮੁੰਨ ਨਗਰੀ ਹੋ ਗਈ। ਅਸੀਂ ਜਿੰਨੀਆਂ ਜੀਅ ਕਰਦਾ ਹੈ ਮਾਰੀ ਜਾਈਏ, ਚਿੜੀ ਵੀ ਨਹੀਂ ਉਡਦੀ। ਸੋ ਫਰਕ ਹੈ ਸਾਡੀ ਕਮਾਈ ਦੇ ਵਿਚ। ਸੋ ਸਾਧਸੰਗਤ ਜੀ! ਗੁਰੂ ਨਾਨਕ ਨੂੰ ਪਛਾਣੋ।

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥

ਅੰਗ – ੧੩੯੫

ਹਾਜ਼ਰ ਨਾਜ਼ਰ ਨੇ ਉਨ੍ਹਾਂ ਦਾ ਧਿਆਨ ਕਰੋ, ਧਿਆਨ ਕਰਕੇ ਪ੍ਰਮੇਸ਼ਰ ਦਾ ਨਾਮ ਜਪੋ ਤੇ ਆਪਣਾ ਜੀਵਨ ਸਫਲਾ ਕਰੋ। ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ ਇਥੇ ਹੀ ਸਮਾਪਤੀ ਹੈ।

ਅਨੰਦ ਸਾਹਿਬ, ਗੁਰ ਸਤੋਤਰ, ਅਰਦਾਸ, ਹੁਕਮਨਾਮਾ

(------)

ਅਰਦਾਸ ਸ਼ਕਤੀ

ਭਾਈ ਸਾਹਿਬ ਰਘਬੀਰ ਸਿੰਘ 'ਬੀਰ'

ਅਰਦਾਸ

ਦਿਲ ਦੀ ਹਰ ਨਿੱਕੀ ਪਰ ਚੰਗੀ ਖਾਹਿਸ਼ ਅਰਦਾਸ ਹੈ। ਅਰਦਾਸ ਲਈ ਜ਼ਰੂਰੀ ਨਹੀਂ ਕਿਸੇ ਖਾਸ ਅਸਥਾਨ ਤੇ ਜਾ ਕੇ, ਕਿਸੇ ਖਾਸ ਅੱਖਰਾਂ ਵਿਚ ਮੂੰਹੋਂ ਬੋਲ ਕੇ ਕੀਤੀ ਜਾਵੇ। ਦਿਲ ਦੀ ਹਰ ਰੀਝ, ਦਿਨ ਦੀ ਹਰ ਤੜਫ, ਜਿਸ ਦਾ ਭਾਵ ਅੱਗੇ ਨਾਲੋਂ ਚੰਗਾ ਬਣਨਾ ਹੋਵੇ, ਅਰਦਾਸ ਹੈ।

ਅਗਰ ਵਾਹਿਗੁਰੂ ਜੀ ਹਰ ਥਾਂ ਵਿਆਪਕ ਹਨ ਅਤੇ ਘਟ ਘਟ ਦੀ ਜਾਨਣਹਾਰ ਹਨ, ਅਗਰ ਵਾਹਿਗੁਰੂ ਜੀ ਨੂੰ ਸਾਡੇ ਦਿਲ ਦੀਆਂ ਸਭ ਹਾਲਤਾਂ ਦਾ, ਸਭ ਖਾਹਿਸ਼ਾਂ, ਸਭ ਰੀਝਾਂ ਦਾ ਸਾਡੇ ਨਾਲੋਂ ਪਹਿਲੇ ਤੇ ਵਧੇਰੇ ਪਤਾ ਹੁੰਦਾ ਹੈ ਤਾਂ ਫਿਰ ਜ਼ਰੂਰੀ ਨਹੀਂ ਕਿ ਅਸੀਂ ਕਿਸੇ ਖਾਸ ਵੇਲੇ ਜਾਂ ਖਾਸ ਤਰੀਕੇ ਵਿਚ ਆਪਣੀਆਂ ਲੋੜਾਂ ਜਾਂ ਜ਼ਰੂਰਤਾਂ ਤੋਂ ਵਾਹਿਗੁਰੂ ਜੀ ਨੂੰ ਜਾਣੂ ਕਰਾਈਏ।

ਸਭ ਬਿਧਿ ਤੁਮ ਹੀ ਜਾਨਤੇ ਪਿਆਰੇ
ਕਿਸੁ ਪਹਿ ਕਹਉ ਸੁਨਾਇ ॥ ਅੰਗ - ੪੩੨

ਸਾਹਿਬੁ ਸਦਾ ਹਦੂਰਿ ਹੈ ਕਿਆ ਉਚੀ ਕਰਹਿ ਪੁਕਾਰ ॥
ਅੰਗ - ੧੪੨੦

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਤਾ ਕਿਸੁ ਪਹਿ ਆਖਿ ਸੁਣਾਈਐ ॥ ਅੰਗ - ੬੨੪

ਸਾਡੇ ਦਿਲ ਦੀ ਹਰ ਇਕ ਐਸੀ ਖਾਹਿਸ਼ ਜੋ ਚੰਗੀ ਹੋਵੇ, ਪੱਕੀ ਹੋਵੇ ਅਤੇ ਲਗਾਤਾਰ ਹੋਵੇ, ਉਹ ਅਸਲ ਅਰਥਾਂ ਵਿਚ ਸਾਡੀ ਅਰਦਾਸ ਹੈ।

ਇਕੱਠਿਆਂ ਹੋ ਕੇ ਸਾਡੀਆਂ ਜਮਾਇਤੀ ਜਾਂ ਦੀਵਾਨਾਂ ਵਿਚ ਕੀਤੀਆਂ ਅਰਦਾਸਾਂ ਵੀ ਜ਼ਰੂਰੀ ਹਨ ਅਤੇ ਭਾਈਚਾਰਕ ਤੌਰ ਉਤੇ ਲਾਭਵੰਦ ਹਨ ਪਰ ਵਾਹਿਗੁਰੂ ਜੀ ਤਕ ਹਰ ਅਰਦਾਸ, ਹਰ ਬੇਨਤੀ ਭਾਵੇਂ ਮੂੰਹੋਂ ਕਹੀ ਜਾਵੇ, ਭਾਵੇਂ ਨਾ ਕਹੀ ਜਾਵੇ, ਜ਼ਰੂਰ ਪਹੁੰਚਦੀ ਹੈ।

ਅਨਬੋਲੇ ਕਉ ਤੁਹੀ ਪਛਾਨਹਿ ਜੋ ਜੀਅਨ ਮਹਿ ਹੋਤਾ ॥
ਅੰਗ - ੮੨੩

ਅਰਦਾਸ ਦਾ ਦਿਲ ਨਾਲ ਬੜਾ ਸਬੰਧ ਹੈ। ਦਿਲ ਤੋਂ ਨਿਕਲੀ ਅਰਦਾਸ ਅਤੇ ਮੂੰਹ ਤੋਂ ਨਿਕਲੀ ਅਰਦਾਸ ਵਿਚ ਬੜਾ ਫਰਕ ਹੋ ਸਕਦਾ ਹੈ। ਮੂੰਹ ਤੋਂ ਨਿਕਲੀ ਅਰਦਾਸ, ਨਕਲੀ ਅਤੇ ਓਪਰੀ ਅਰਦਾਸ ਹੋ ਸਕਦੀ ਹੈ। ਹੋ ਸਕਦਾ ਹੈ ਕਿ ਸਾਡਾ ਦਿਲ ਨਾ ਚਾਹੁੰਦਾ ਹੋਵੇ ਪਰ ਵਿਖਾਵੇ ਦੇ ਤੌਰ ਉਤੇ ਮੂੰਹੋਂ ਅਰਦਾਸਾਂ ਕਰਦੇ ਰਹੀਏ। ਅਰਦਾਸ ਵਿਚ ਜਦ ਤਕ ਦਿਲ ਪੂਰੇ ਤੌਰ ਉਤੇ ਸ਼ਾਮਲ ਨਾ ਹੋਵੇ ਅਰਦਾਸ ਓਪਰੀ ਓਪਰੀ ਤੇ ਨਕਲੀ ਜਿਹੀ ਰਹਿੰਦੀ ਹੈ। ਸ਼ਰਾਬੀ, ਕਾਮੀ ਜਾਂ ਲੋਭੀ ਪੁਰਸ਼ ਉੱਤੋਂ ਉੱਤੋਂ ਆਪਣੇ ਕਰਮਾਂ ਨੂੰ ਮਾੜਿਆਂ ਮੰਨਦਾ ਹੈ ਅਤੇ ਅਰਦਾਸਾਂ ਵੀ ਕਰਦਾ ਹੈ ਕਿ ਮੈਥੋਂ ਇਹ ਕਰਮ ਛੁਟ ਜਾਣ ਪਰ ਜਦ ਸਮਾਂ ਆਵੇ, ਆਪਣੀ ਕਮਜ਼ੋਰੀ ਦਾ ਤੁਰੰਤ ਸ਼ਿਕਾਰ ਹੋ ਜਾਂਦਾ ਹੈ। ਇਸ ਦਾ ਕਾਰਨ ਇਹੀ ਹੈ ਕਿ ਉਹ ਦਿਲ ਤੋਂ ਮਾੜੇ ਕਰਮਾਂ ਨੂੰ ਘਿਰਣਾ ਨਹੀਂ ਕਰਦਾ, ਐਪਰ ਉਤੋਂ ਉਤੋਂ ਮਾੜਾ ਆਖਦਾ ਹੈ। ਅਰਦਾਸ ਉਹ ਸੱਚੀ ਅਰਦਾਸ ਹੈ, ਜਿਸ ਦੀ ਪੂਰਤੀ ਲਈ ਦਿਲ ਤੜਫੇ ਅਤੇ ਲਗਾਤਾਰ ਬਿਹਬਲ ਰਹੇ।

ਜਦ ਅਸੀਂ ਕਿਸੇ ਕੰਮ ਦੀ ਸਫਲਤਾ ਵਾਸਤੇ ਜਾਂ ਕਿਸੇ ਵਸਤੂ ਦੀ ਪ੍ਰਾਪਤੀ ਵਾਸਤੇ ਪ੍ਰੇਮ ਨਾਲ ਲਗਾਤਾਰ ਬਗੈਰ ਕਾਹਲਿਆਂ ਛਿਥਿਆਂ ਪੈਣ ਦੇ, ਦਿਲੀ ਅਰਦਾਸਾਂ ਨਿਮਾਣੇ ਹੋ ਕੇ ਕਰੀ ਜਾਈਏ ਅਤੇ ਆਪਣੀਆਂ ਅਰਦਾਸਾਂ ਦੇ ਪੂਰਿਆਂ ਹੋਣ ਵਿਚ ਭਰੋਸਾ ਰੱਖੀਏ ਅਤੇ ਉਤਸ਼ਾਹ ਭਰੀ ਉਡੀਕ ਕਰੀਏ ਤਾਂ ਸਾਡੇ ਮਨ ਦੀ ਐਸੀ ਉਚੀ ਅਵਸਥਾ ਹੋ ਜਾਂਦੀ ਹੈ ਕਿ ਉਹ ਕਰਤਾਰ ਦੇ 'ਸਰਬ ਇਛਾ ਪੂਰਕ' ਨਿਯਮ ਦੇ ਹਮਵਾਰ ਜਾਂ ਬਰਾਬਰ ਤੇ ਆ ਜਾਂਦੀ ਹੈ ਅਤੇ ਸਾਡੀ ਤੀਬਰ ਇਛਿਆ ਕਰਤਾਰ ਦੀ ਸ਼ਕਤੀ ਦੇ ਆਸਰੇ ਤੇ ਤੁਫਾਨ ਜਾਂ ਬਿਜਲੀ ਦੀ ਤਰ੍ਹਾਂ ਦ੍ਰਿਸ਼ਟਮਾਨ ਜਗਤ ਵਿਚ ਸਭ ਮੁਸ਼ਕਲਾਂ ਤੇ ਔਕੜਾਂ ਦੂਰ ਕਰਕੇ ਆਪਣਾ ਰਸਤਾ ਬਣਾਂਦੀ ਅਤੇ ਸਫਲਤਾ ਦਾ ਰੂਪ ਧਾਰ ਕੇ ਸਾਨੂੰ ਨਜ਼ਰ ਆਂਵਦੀ ਹੈ।

ਹਰ ਇਕ ਇਨਸਾਨ ਦੇ ਮਨ ਵਿਚ ਕਿਉਂਕਿ ਖਾਹਿਸ਼ਾਂ, ਆਸਾਂ ਤੇ ਉਮੀਦਾਂ ਹਨ ਇਸ ਲਈ ਹਰ ਇਕ ਇਨਸਾਨ ਜਾਣਦਾ ਨਾ ਜਾਣਦਾ ਅਰਦਾਸਾਂ ਕਰਦਾ ਰਹਿੰਦਾ ਹੈ। ਹਰ ਇਕ ਇਨਸਾਨ ਅੰਦਰ ਕੁਝ ਰੀਝਾਂ ਤੇ ਇਛਾਵਾਂ ਲੁਕੀਆਂ ਰਹਿੰਦੀਆਂ ਹਨ ਜੋ ਕਿ ਉਹ ਪੂਰੀਆਂ ਹੋਣੀਆਂ ਲੋਚਦਾ ਰਹਿੰਦਾ ਹੈ। ਏਸ ਕਰਕੇ ਹਰ ਇਕ ਇਨਸਾਨ ਕਿਸੇ ਨਾ ਕਿਸੇ ਤਰੀਕੇ ਵਿਚ ਅਰਦਾਸ ਕਰਦਾ ਰਹਿੰਦਾ ਹੈ। ਭਾਵੇਂ ਕੋਈ ਨਾਸਤਕ ਹੋਵੇ, ਭਾਵੇਂ ਧਰਮ ਦੀ ਜ਼ਰੂਰਤ ਨਾ ਸਮਝਦਾ ਹੋਵੇ, ਭਾਵੇਂ ਅਰਦਾਸ ਨੂੰ ਬੇਫਾਇਦਾ ਖਿਆਲ ਕਰਦਾ ਹੋਵੇ ਪਰ ਜਦ ਤਕ ਉਸ ਦੇ ਦਿਲ ਵਿਚ ਖਾਹਿਸ਼ਾਂ ਦੇ ਪੂਰਿਆਂ ਹੋਣ ਦੀ ਇਛਿਆ ਹੈ ਉਹ ਅਰਦਾਸ ਕਰਦਾ ਹੈ ਅਤੇ ਉਸ ਦੀ ਇਛਿਆ ਦੀ ਤੀਬਰਤਾ ਅਤੇ ਲਾਭਵੰਦ ਹੋਣ ਦੇ ਅਨੁਸਾਰ ਉਸਦੀ ਅਰਦਾਸ ਪੂਰੀ ਹੁੰਦੀ ਹੈ।

ਅਰਦਾਸ ਦਿਲ ਦੀ ਆਵਾਜ਼ ਹੈ ਜੋ ਵਾਹਿਗੁਰੂ ਜੀ ਤਕ ਪਹੁੰਚਦੀ ਹੈ ਅਤੇ ਵਾਹਿਗੁਰੂ ਜੀ ਦੀ ਇਛਾਪੂਰਕ ਸ਼ਕਤੀ ਦੇ ਆਸਰੇ ਸਫਲਤਾ ਦਾ ਰੂਪ ਧਾਰ ਕੇ ਦ੍ਰਿਸ਼ਟਮਾਨ ਵਿਚ ਨਜ਼ਰ ਆਉਂਦੀ ਹੈ। ਅਰਦਾਸ ਹਰ ਇਕ ਕਰਦਾ ਹੈ ਭਾਵੇਂ ਉਹ ਮੰਨੇ ਭਾਵੇਂ ਨਾ ਮੰਨੇ। ਸਾਨੂੰ ਕਈ ਵਾਰੀ ਪਤਾ ਹੀ ਨਹੀਂ ਹੁੰਦਾ ਕਿ ਅਸੀਂ ਅਰਦਾਸ ਪਏ ਕਰਦੇ ਹਾਂ ਕਿਉਂਕਿ ਸਾਡੀ ਦਿਲ ਦੀ ਤੜਫ ਸਾਡੇ ਮੂੰਹ ਤਕ ਆਉਂਦੀ ਹੀ ਨਹੀਂ, ਅੱਖਰਾਂ ਦਾ ਰੂਪ ਧਾਰਦੀ ਹੀ ਨਹੀਂ ਪਰ ਫਿਰ ਵੀ ਅਸੀਂ ਅਰਦਾਸ ਕਰਦੇ ਹੁੰਦੇ ਹਾਂ। ਜਿਸ ਤਰ੍ਹਾਂ ਓਸੀਂ ਸਵਾਸ ਲੈਂਦੇ ਹਾਂ ਪਰ ਸਾਨੂੰ ਪਤਾ ਨਹੀਂ ਹੁੰਦਾ ਜਾਂ

ਯਾਦ ਨਹੀਂ ਹੁੰਦਾ ਕਿ ਅਸੀਂ ਸਵਾਸ ਲੈ ਰਹੇ ਹਾਂ, ਇਸ ਤਰ੍ਹਾਂ ਸਾਨੂੰ ਇਹ ਵੀ ਕਈ ਵਾਰੀ ਪਤਾ ਨਹੀਂ ਲਗਦਾ ਕਿ ਅਸੀਂ ਅਰਦਾਸ ਕਰਦੇ ਹਾਂ। ਆਪਣੇ ਆਲੇ-ਦੁਆਲੇ ਨੂੰ ਚੰਗਿਆਂ ਬਨਾਣ, ਆਪਣੀ ਸਿਹਤ ਨੂੰ ਚੰਗਿਆਂ ਰਖਣ, ਆਪਣੇ ਪਰਿਵਾਰ ਨੂੰ ਖੁਸ਼ ਦੇਖਣ, ਆਪਣੇ ਦੇਸ਼ ਨੂੰ ਸੁਤੰਤਰ ਦੇਖਣ ਦੀ ਲਾਲਸਾ ਕਿਸ ਦਿਲ ਵਿਚ ਨਹੀਂ? ਇਸ ਲਈ ਕਿਹੜਾ ਹੈ ਉਹ, ਜਿਹੜਾ ਅਰਦਾਸ ਨਹੀਂ ਕਰਦਾ? ਭਾਵੇਂ ਸਾਡੀਆਂ ਬਹੁਤ ਸਾਰੀਆਂ ਅਰਦਾਸਾਂ ਗੁਪਤ ਹੀ ਰਹਿੰਦੀਆਂ ਹਨ ਪਰ ਹਨ ਉਹ ਵੀ ਅਰਦਾਸਾਂ। ਭਾਵੇਂ ਆਸਤਕ ਹੋਵੀਏ ਭਾਵੇਂ ਨਾਸਤਕ, ਸਾਡਾ ਦਿਲ ਹਮੇਸ਼ਾਂ ਜ਼ਰੂਰਤ ਅਤੇ ਗਿਆਨ ਅਨੁਸਾਰ ਚੰਗੀਆਂ ਤੇ ਲਾਭਵੰਦ ਚੀਜ਼ਾਂ ਮੰਗਦਾ ਰਹਿੰਦਾ ਹੈ ਅਤੇ ਕਿਸੇ ਅਦ੍ਰਿਸ਼ਟ ਸੋਮੇ ਤੋਂ ਸਭ ਜੀਵਾਂ ਦੇ ਦਿਲਾਂ ਦੀਆਂ ਭਾਵਨਾਵਾਂ ਪੂਰੀਆਂ ਹੁੰਦੀਆਂ ਰਹਿੰਦੀਆਂ ਹਨ, ਭਾਵੇਂ ਉਹ ਅਦ੍ਰਿਸ਼ਟ ਸੋਮੇ ਨੂੰ ਅਸੀਂ ਵਾਹਿਗੁਰੂ ਜੀ ਆਖੀਏ ਜਾਂ ਕੁਝ ਹੋਰ।

ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ ॥

ਅੰਗ - ੧੪੨੮

ਅਰਦਾਸ

ਸ੍ਰੀ ਮਤੀ ਮੇਰੀ ਬੇਕਰ ਐਡੀ ਜੀ ਦੇ ਕੁਝ ਵਿਚਾਰ

ਵਾਹਿਗੁਰੂ ਜੀ ਨੂੰ ਸਾਡੇ ਬਗੈਰ ਬੋਲਣ ਦੇ, ਸਾਡੇ ਸਾਰੇ ਖਿਆਲਾਂ ਦਾ ਪਤਾ ਹੁੰਦਾ ਹੈ। ਅਸਲ ਵਿਚ ਸਾਡੀ ਖਾਹਿਸ਼ ਜਾਂ ਚਾਹਨਾ ਹੀ ਅਰਦਾਸ ਹੈ। ਆਪਣੀ ਖਾਹਿਸ਼ਾਂ ਨੂੰ ਵਾਹਿਗੁਰੂ ਜੀ ਦੇ ਸਪੁਰਦ ਕਰਨ ਦਾ ਇਹ ਲਾਭ ਹੈ ਕਿ ਉਹ ਉਨ੍ਹਾਂ ਖਾਹਿਸ਼ਾਂ ਨੂੰ ਢਾਲ ਕੇ ਉਚਿਆਂ ਕਰ ਦੇਵੇ ਅਤੇ ਫੇਰ ਉਹ ਦ੍ਰਿਸ਼ਟਮਾਨ ਜਗ ਵਿਚ ਪ੍ਰਤੱਖ ਹੋ ਕੇ ਦਿੱਸਣ।

ਵਾਹਿਗੁਰੂ ਦੀ ਤਾਰੀਫ ਕਰਨ ਨਾਲ, ਅਸੀਂ ਉਸਨੂੰ ਜੋ ਕੁਝ ਉਸ ਨੇ ਅੱਗੇ ਹੀ ਕੀਤਾ ਹੋਇਆ ਹੈ, ਹੋਰ ਵਧੇਰੇ ਨਹੀਂ ਕਰਵਾ ਸਕਦੇ। ਅਨੰਤ ਵਾਹਿਗੁਰੂ ਕਿਉਂਕਿ ਸਦੀਵੀ ਨੇਕੀ ਤੇ ਪ੍ਰੇਮ ਹੈ, ਇਸ ਕਰਕੇ ਉਹ ਸਿਵਾਏ ਸਾਡੇ ਭਲੇ ਦੇ ਹੋਰ ਕੁਝ ਕਰਦਾ ਹੀ ਨਹੀਂ।

ਅਰਦਾਸ ਸਾਡੀ ਬਣਤਰ ਦੇ ਨਿਯਮ ਨਹੀਂ ਬਦਲਦੀ, ਸਗੋਂ ਸਾਡੇ ਅੰਦਰ ਉਨ੍ਹਾਂ ਨਿਯਮਾਂ ਨਾਲ ਸਾਨੂੰ ਇਕ ਸੁਰ ਕਰ ਦਿੰਦੀ ਹੈ।

ਵਾਹਿਗੁਰੂ ਜੀ ਪ੍ਰੇਮ ਤਾਂ ਅੱਗੇ ਹੀ ਹਨ, ਉਨ੍ਹਾਂ ਨੂੰ ਪ੍ਰੇਮ ਤੋਂ ਹੋਰ ਵਧ ਹੋਣ ਵਾਸਤੇ ਅਸੀਂ ਕਿਸ ਤਰ੍ਹਾਂ ਕਹਿ ਸਕਦੇ ਹਾਂ? ਕੀ ਅਸੀਂ ਅਨੰਤ ਵਾਹਿਗੁਰੂ ਨੂੰ ਕੋਈ ਐਸੀ ਗੱਲ ਦੱਸ ਸਕਦੇ ਹਾਂ ਜਿਸ ਤੋਂ ਉਹ ਅੱਗੇ ਜਾਣੂ ਨਾ ਹੋਵੇ? ਅਸੀਂ ਪੂਰਨਤਾ ਨੂੰ ਬਦਲ ਸਕਦੇ ਹਾਂ? ਕੀ ਅਸੀਂ ਉਸ ਚਸ਼ਮੇ ਨੂੰ ਹੋਰ ਤੇਜ਼ੀ ਨਾਲ ਵਗਣ ਵਾਸਤੇ ਕਹਿ ਸਕਦੇ ਹਾਂ ਜਿਹੜਾ ਅੱਗੇ ਹੀ ਸਾਡੇ ਵਿਤ ਤੋਂ ਵੱਧ ਸਾਨੂੰ ਦੇ ਰਿਹਾ ਹੈ? ਸਾਡੀ ਬਗੈਰ ਬੋਲੇ ਤੋਂ ਹਰ ਖਾਹਿਸ਼ ਹੀ ਸਾਨੂੰ ਜਗਤ ਜੀਵਨ ਤੇ ਅਨੰਦਮਈ ਸੋਮੇ ਦੇ ਨਜ਼ਦੀਕ ਲੈ ਜਾਂਦੀ ਹੈ।

ਵਾਹਿਗੁਰੂ ਜੀ ਜੋ ਪਿੱਛੇ ਸਨ, ਅੱਗੇ ਨੂੰ ਵੀ ਅਤੇ ਸਦਾ ਲਈ ਉਸੇ ਤਰ੍ਹਾਂ ਰਹਿਣਗੇ ਅਤੇ ਜਿਵੇਂ ਪਿਛੇ ਕਦੀ ਨਹੀਂ ਭੁੱਲੇ ਉਸੇ ਦੇ ਹਰ ਕਾਰਜ ਠੀਕ ਤਰੀਕੇ ਵਿਚ ਰਾਸ ਕਰਨਗੇ। ਇਨਸਾਨ ਦੀ ਸੂਝ ਅਪੂਰਨ ਹੋਣ ਕਰਕੇ, ਵਾਹਿਗੁਰੂ ਨੂੰ ਸਲਾਹ ਮਸ਼ਵਰਾ ਦੇਣ ਦੇ ਯੋਗ ਨਹੀਂ।

ਬਲੈਕ ਬੋਰਡ ਅੱਗੇ ਖਲੋਤੇ, ਇਲਮ ਹਿਸਾਬ ਦੇ ਅਸੂਲਾਂ ਨੂੰ ਪ੍ਰਾਰਥਨਾ ਕਰਨੀ ਕਿ ਸਾਡਾ ਸਵਾਲ ਹਲ ਕਰ ਦੇਵੇ, ਫਜ਼ੂਲ ਹੈ। ਹਿਸਾਬ ਦੇ ਨਿਯਮ ਅੱਗੇ ਹੀ ਬਣੇ ਹੋਏ ਹਨ। ਇਨ੍ਹਾਂ ਨਿਯਮਾਂ ਦੀ ਵਰਤੋਂ ਕਰ ਕੇ ਸਵਾਲ ਹੱਲ ਕਰਨੇ ਸਾਡਾ ਆਪਣਾ ਅਖਤਿਆਰ ਹੈ। ਏਸੇ ਤਰ੍ਹਾਂ ਸਾਨੂੰ ਵਾਹਿਗੁਰੂ ਜੀ ਨੂੰ ਜੋ ਕਿ ਪੂਰਨ ਚੰਗਿਆਈਆਂ ਹਨ, ਹੋਰ ਚੰਗਿਆਂ ਬਣਨ ਲਈ ਆਖਣ ਦੀ ਲੋੜ ਨਹੀਂ। ਵਾਹਿਗੁਰੂ ਜੀ ਦੇ ਨਿਯਮਾਂ ਦੀ ਵਰਤੋਂ ਨਾਲ ਆਪਣੇ ਕਾਰਜ ਆਪ ਸਵਾਰਨੇ ਅਤੇ ਆਪਣੀ ਮੁਕਤੀ ਆਪ ਹਾਸਲ ਕਰਨੀ ਚਾਹੀਦੀ ਹੈ।

ਆਦਮੀ ਅੱਗੇ ਹੀ ਵਾਹਿਗੁਰੂ ਜੀ ਦਾ ਰੂਪ ਬਣਾਇਆ ਗਿਆ ਹੈ। ਉਸ ਵਿਚ ਅੱਗੇ ਹੀ ਵਾਹਿਗੁਰੂ ਜੀ ਦੀਆਂ ਸਿਫਤਾਂ ਮੌਜੂਦ ਹਨ ਇਹ ਹੈ ਵਾਹਿਗੁਰੂ ਦਾ ਨਿਯਮ ਜਾਂ ਕਾਨੂੰਨ।

ਆਦਮੀ ਨੂੰ ਆਪਣੇ ਜ਼ਰੀਏ ਸਦਾ ਵਾਹਿਗੁਰੂ ਜੀ ਨੂੰ ਪ੍ਰਕਾਸ਼ਨਾ ਚਾਹੀਦਾ ਹੈ। ਆਦਮੀ ਵਿਚੋਂ ਸਦਾ ਵਾਹਿਗੁਰੂ ਦੀਆਂ ਸਿਫਤਾਂ ਪ੍ਰਗਟ ਹੋਣੀਆਂ ਚਾਹੀਦੀਆਂ ਹਨ।

ਅਰਦਾਸ ਰਾਹੀਂ ਵਾਹਿਗੁਰੂ ਜੀ ਦਾ ਸ਼ੁਕਰੀਆ ਕਰ ਦੇਣਾ ਕਾਫੀ ਨਹੀਂ। ਸ਼ੁਕਰੀਆ ਜਾਂ ਧੰਨਵਾਦ ਜ਼ੁਬਾਨੀ ਅੱਖਰਾਂ ਨਾਲੋਂ, ਕਰਮਾਂ ਦੇ ਜ਼ਰੀਏ ਜ਼ਾਹਿਰ ਹੋਣਾ ਚਾਹੀਦਾ ਹੈ।

ਸਾਨੂੰ ਸਦਾ ਨਿਰਮਾਣ, ਸੱਚੇ, ਨੇਕ, ਪ੍ਰੇਮੀ ਅਤੇ ਸੰਤੋਖੀ ਹੋਣ ਵਾਸਤੇ ਅਰਦਾਸ ਕਰਨੀ ਚਾਹੀਦੀ ਹੈ।

ਅਸੀਂ ਆਪਣੇ ਰੂਹਾਨੀ ਗੁਰੂਆਂ ਦਾ ਹੁਕਮ ਮੰਨ ਕੇ, ਉਨ੍ਹਾਂ ਵਰਗੇ ਕਰਮ ਕਰਕੇ, ਉਨ੍ਹਾਂ ਵਰਗਾ ਜੀਵਨ ਬਤੀਤ ਕਰਕੇ ਹੀ ਅਸਲ ਅਰਥਾਂ ਵਿਚ ਉਨ੍ਹਾਂ ਦਾ ਸ਼ੁਕਰ ਅਦਾ ਕਰ ਸਕਦੇ ਜਾਂ ਉਨ੍ਹਾਂ ਨੇ ਜੋ ਸਾਡੇ ਲਈ ਕੀਤਾ, ਉਹਦਾ ਕਰਜ਼ਾ ਚੁਕਾ ਸਕਦੇ ਹਾਂ, ਐਵੇਂ ਗੱਲਾਂ ਕਰ ਕਰ ਕੇ ਨਹੀਂ।

ਹਜ਼ਰਤ ਮਸੀਹ ਜੀ ਆਪਣੇ ਸੇਵਕਾਂ ਨੂੰ ਆਖਦੇ ਹੁੰਦੇ ਸਨ ਜੇ ਤੁਹਾਨੂੰ ਮੇਰੇ ਨਾਲ ਪਿਆਰ ਹੈ ਤਾਂ ਮੇਰੇ ਉਪਦੇਸ਼ ਉਤੇ ਅਮਲ ਕਰੋ।

ਵਾਹਿਗੁਰੂ ਜੀ ਨੂੰ ਸਾਡਾ ਨਿਰਾ ਇਹ ਆਖਣਾ ਕਿ ਅਸੀਂ ਤੈਨੂੰ ਪਿਆਰ ਕਰਦੇ ਹਾਂ, ਕਾਫੀ ਨਹੀਂ। ਸਾਡੇ ਵਿਚ ਉਸ ਵਰਗੀਆਂ ਨੇਕ ਤੇ ਪਵਿੱਤਰ ਬਣਨ ਦੀ ਤੜਫ ਹੋਣੀ ਚਾਹੀਦੀ ਹੈ ਅਤੇ ਇਸ ਤੜਫ ਦਾ ਸਬੂਤ ਸਾਡੇ ਰੋਜ਼ਾਨਾ ਕਰਮਾਂ ਥੀਂ ਸਾਬਤ ਹੋਣਾ ਚਾਹੀਦਾ ਹੈ।

ਵਾਹਿਗੁਰੂ ਜੀ ਦਾ ਰੂਪ ਬਣਨ ਲਈ, ਵਾਹਿਗੁਰੂ ਜੀ ਵਰਗਿਆਂ ਬਣਨ ਲਈ ਸਾਨੂੰ ਹਰ ਵੇਲੇ ਉਸ ਦੇ ਗੁਣ ਆਪਣੇ ਅੰਦਰ ਪੈਦਾ ਕਰਨੇ ਚਾਹੀਦੇ ਹਨ।

ਉਚੀਆਂ ਅਰਦਾਸਾਂ ਨਾਲ ਸਾਨੂੰ ਉਹ ਲਾਭ ਨਹੀਂ ਪੁਜਦਾ

ਜਿਹੜਾ ਕਿ ਆਤਮਕ ਸਮਝ ਨਾਲ, ਜੋ ਕਿ ਸਾਨੂੰ ਉਚੇ ਜੀਵਨ ਲਈ ਪ੍ਰੇਰਦੀ ਹੈ। ਖਾਮੋਸ਼ ਅਰਦਾਸ, ਆਪਣੇ ਖਿਆਲਾਂ ਤੇ ਹਰ ਵਕਤ ਪਹਿਰਾ ਅਤੇ ਗੁਰ-ਉਪਦੇਸ਼ ਦੀ ਕਮਾਈ ਸਾਨੂੰ ਵਾਹਿਗੁਰੂ ਜੀ ਦੇ ਨੇੜੇ ਲੈ ਜਾਂਦੀ ਹੈ।

ਮਾੜੇ ਕਰਮਾਂ ਲਈ ਪਸ਼ਚਾਤਾਪ ਕਰਨਾ ਸਾਡੇ ਸੁਧਾਰ ਲਈ ਪਹਿਲਾ ਤੇ ਬੜਾ ਆਸਾਨ ਕਦਮ ਹੈ। ਅਗਲਾ ਤੇ ਵਧੇਰੇ ਮੁਸ਼ਕਲ ਕਦਮ ਸਾਡੀ ਨੀਅਤ ਦੀ ਪ੍ਰੀਖਿਆਂ ਹੈ, ਜਿਸ ਦਾ ਦੂਸਰਾ ਨਾਮ ਸੁਧਾਰ ਹੈ। ਸੁਧਾਰ ਲਈ ਕਰੜੇ ਹਾਲਾਤ ਵਿਚ ਸਾਡੀ ਪਰੀਖਿਆ ਜ਼ਰੂਰੀ ਹੈ। ਪ੍ਰੀਖਿਆ ਸਾਨੂੰ ਮੁੜ ਮਾੜੇ ਕਰਮ ਕਰਨ ਵਲ ਪ੍ਰੇਰਦੀ ਹੈ ਜਿਸ ਦਾ ਨਤੀਜਾ ਸਜ਼ਾ ਦੀ ਸ਼ਕਲ ਵਿਚ ਮਿਲਦਾ ਹੈ। ਇਸੇ ਤਰ੍ਹਾਂ ਹੁੰਦਾ ਰਹੇਗਾ ਜਦ ਤਕ ਸਾਡਾ ਪੂਰਾ ਸੁਧਾਰ ਨਾ ਹੋ ਜਾਵੇ।

ਅਰਦਾਸ ਰਾਹੀਂ ਆਪਣੇ ਪਾਪਾਂ ਤੇ ਭੁੱਲਾਂ ਨੂੰ ਬਖਸ਼ਾਣ ਦੀ ਕੋਸ਼ਿਸ਼ ਠੀਕ ਨਹੀਂ। ਪਾਪ ਕੇਵਲ ਓਦੋਂ ਬਖਸ਼ੇ ਜਾਂਦੇ ਹਨ ਜਦ ਉਹ ਮਾੜੇ ਲਗਣ ਅਤੇ ਹੋਣੇ ਬੰਦ ਹੋ ਜਾਣ। ਪਾਪ ਹੋਣੋਂ ਬੰਦ ਹੋ ਜਾਣ ਦਾ ਨਾਮ ਹੀ ਸੁਧਾਰ ਜਾਂ ਬਖਸ਼ਿਸ਼ ਹੈ। ਜੇਕਰ ਅਰਦਾਸ ਕਰਕੇ ਕੋਈ ਸਮਝੇ ਕਿ ਉਸ ਦੇ ਪਿਛਲੇ ਪਾਪ ਬਖਸ਼ੇ ਗਏ ਅਤੇ ਅੱਗੇ ਨੂੰ ਪਾਪ ਕਰਦਾ ਰਹੇ ਤਾਂ ਉਸ ਲਈ ਅਰਦਾਸ ਕਰਨੀ ਹੀ ਵੱਡਾ ਪਾਪ ਹੈ। ਉਹ ਸਗੋਂ ਗਿਰਦਾ ਜਾਵੇਗਾ, ਜੋ ਕੇਵਲ ਅਰਦਾਸ ਨਾਲ ਹੀ ਸਮਝਦਾ ਹੈ ਕਿ ਪਾਪ ਬਖਸ਼ੇ ਜਾਂਦੇ ਹਨ। ਪਾਪ ਕੇਵਲ ਓਦੋਂ ਬਖਸ਼ੇ ਜਾਂਦੇ ਹਨ ਜਦ ਕਿ ਅੱਗੇ ਨੂੰ ਨਾ ਹੋਣ।

ਪਾਪਾਂ ਦੀ ਸਜ਼ਾ ਕੇਵਲ ਇਸ ਲਈ ਹੈ ਕਿ ਪਾਪੀ ਮੁੜ ਕੇ ਪਾਪ ਨਾ ਕਰੋ। ਪਾਪ ਦੀ ਅਰਜ਼ੀ ਖੁਸ਼ੀ ਜਾਂ ਸਵਾਦ ਦੇ ਬਦਲੇ ਵਿਚ ਕਿਤੇ ਵਧ ਸਜ਼ਾ ਇਸੇ ਲਈ ਮਿਲਦੀ ਹੈ ਕਿ ਪਾਪ ਨਾ ਕੀਤੇ ਜਾਣ। ਇਸ ਸਜ਼ਾ ਦਾ ਮਤਲਬ ਬਦਲਾ ਲੈਣਾ ਨਹੀਂ ਸਗੋਂ ਸੁਧਾਰ ਹੈ। ਸਜ਼ਾ ਤਦ ਤਕ ਕਾਇਮ ਰਹੇਗੀ ਜਦ ਤਕ ਪਾਪਾਂ ਦੀ ਝੂਠੀ ਤੇ ਆਰਜ਼ੀ ਖੁਸ਼ੀ ਦਾ ਫਰੇਬ ਕਾਇਮ ਹੈ।

ਭਰੋਸੇ ਤੇ ਸਿਦਕ ਨਾਲ ਕੀਤੀ ਹਰ ਅਰਦਾਸ ਦੇ ਪੂਰਿਆਂ ਹੋਣ ਤੋਂ ਪਹਿਲੇ, ਸਾਡੀ ਕੋਈ ਨਾ ਕੋਈ ਪ੍ਰੀਖਿਆ ਹੋਣੀ ਜ਼ਰੂਰੀ ਹੈ। ਇਸ ਪ੍ਰੀਖਿਆ ਦਾ ਭਾਵ ਇਹ ਪੁਛਣਾ ਹੁੰਦਾ ਹੈ ਕਿ ਕੀ ਤੂੰ ਵਾਹਿਗੁਰੂ ਜੀ ਨੂੰ ਆਪਣੇ ਤਨ ਮਨ ਤੇ ਪੂਰੇ ਭਰੋਸੇ ਨਾਲ ਪਿਆਰ ਕਰਦਾ ਹੈਂ? ਜਦ ਪ੍ਰੀਖਿਆ ਹੋ ਜਾਵੇ ਤਾਂ ਸਾਡੀ ਅਸਲੀਅਤ (ਵਾਹਿਗੁਰੂ ਜੀ) ਪ੍ਰਗਟ ਹੋ ਜਾਂਦੀ ਹੈ ਅਤੇ ਵਾਹਿਗੁਰੂ ਜੀ (ਸਾਡੀ ਅਸਲੀਅਤ) ਸਾਡੇ ਸਾਰੇ ਕਾਰਜ ਸਵਾਰਦੇ ਹਨ।

ਸਭ ਤੋਂ ਉਤਮ ਅਰਦਾਸ, ਦਰੁਸਤ ਤੇ ਨੇਕ ਕੰਮ ਕਰਨ ਦੀ ਹਿੰਮਤ ਤੇ ਸ਼ਕਤੀ ਮੰਗਣਾ ਹੈ। ਅਰਦਾਸ ਦਾ ਮਤਲਬ ਇਹ ਹੈ ਕਿ ਵਾਹਿਗੁਰੂ ਸਾਨੂੰ ਗਿਆਨ ਦੀ ਰੋਸ਼ਨੀ ਬਖਸ਼ੇ ਅਤੇ ਅਸੀਂ ਉਸ ਰੋਸ਼ਨੀ ਵਿਚ ਤੁਰੀਏ, ਭਾਵੇਂ ਤੁਰਦਿਆਂ ਸਾਡੇ ਪੈਰ ਲਹੂ ਲੁਹਾਨ ਹੀ ਕਿਉਂ ਨਾ ਹੋ ਜਾਣ।

ਉਚੇ ਜੀਵਨ ਦੀ ਖਾਹਿਸ਼ ਹੀ ਨਿਰੀ ਕਾਫੀ ਨਹੀਂ। ਇਸ ਖਾਹਿਸ਼ ਨੂੰ ਤੋੜ ਪਹੁੰਚਾਣ ਲਈ ਸਾਨੂੰ ਉਤਸ਼ਾਹ ਭਰੀਆਂ ਕੋਸ਼ਿਸ਼ਾਂ ਜਾਰੀ ਰਖਣੀਆਂ ਚਾਹੀਦੀਆਂ ਹਨ, ਤਦ ਗਿਆਨ ਤੇ ਸਮਝ ਦਾ ਬੂਹਾ ਖੁਲ੍ਹਦਾ ਹੈ ਅਤੇ ਆਤਮਕ ਜੀਵਨ ਵਿਚ ਦਾਖਲ ਹੋ ਸਕੀਦਾ ਹੈ।

ਕਈ ਵਾਰੀ ਸਾਡੀਆਂ ਅਰਦਾਸਾਂ ਇਸ ਵਾਸਤੇ ਪੂਰੀਆਂ ਨਹੀਂ ਹੁੰਦੀਆਂ ਕਿ ਸਾਨੂੰ ਵਾਹਿਗੁਰੂ ਜੀ ਦੇ ਅਤਿ ਨੇਕ ਤੇ ਚੰਗੇ ਹੋਣ ਸਬੰਧੀ ਭੁਲੇਖਾ ਹੈ। ਸੱਚੀ ਤੇ ਸੁੱਚੀ ਅਰਦਾਸ ਜ਼ਰੂਰ ਹੁੰਦੀ ਹੈ। ਮਹਾਤਮਾ ਮਸੀਹ ਜੀ ਦਾ ਮਹਾਂਵਾਕ ਹੈ ਕਿ ਤੁਹਾਡੀਆਂ ਕਈ ਅਰਦਾਸਾਂ ਇਸ ਵਾਸਤੇ ਪੂਰੀਆਂ ਨਹੀਂ ਹੁੰਦੀਆਂ ਕਿ ਤੁਸੀਂ ਗਲਤ ਤੇ ਹਾਨੀਕਾਰਕ ਚੀਜ਼ਾਂ ਮੰਗਦੇ ਹੋ। ਅਸੀਂ ਜੋ ਕੁਝ ਰੱਬ ਜੀ ਤੋਂ ਮੰਗਦੇ ਰਹਿੰਦੇ ਹਾਂ ਉਹ ਸਾਡੇ ਲਈ ਹਮੇਸ਼ਾਂ ਚੰਗਾ ਤੇ ਲਾਭਦਾਇਕ ਨਹੀਂ ਹੁੰਦਾ। ਐਸੇ ਹਾਲਾਤ ਵਿਚ ਸਾਡਾ ਅਤੀ ਸ਼ੁਭਚਿੰਤਕ ਵਾਹਿਗੁਰੂ ਸਾਡੀ ਅਰਦਾਸ ਪ੍ਰਵਾਨ ਨਹੀਂ ਕਰਦਾ। ਜੋ ਤੁਸੀਂ ਪੂਰਨ ਵਾਹਿਗੁਰੂ ਜੀ ਤੋਂ ਇਹ ਮੰਗੋ ਕਿ ਤੁਹਾਡੇ ਮਾੜੇ ਕਰਮਾਂ ਦੀ ਸਜ਼ਾ ਤੁਹਾਨੂੰ ਨਾ ਦੇਵੇ ਤਾਂ ਤੁਹਾਡੀ ਅਰਦਾਸ ਗਲਤ ਤੇ ਹਾਨੀਕਾਰਕ ਹੈ। ਸਜ਼ਾ ਮਿਲੇ ਬਗੈਰ ਪਾਪ ਵਧਦਾ ਜਾਵੇਗਾ। ਇਕ ਵੇਸ਼ਵਾ ਨੇ ਹਜ਼ਰਤ ਮਸੀਹ ਪਾਸੋਂ ਆ ਕੇ ਆਪਣੇ ਪਾਪਾਂ ਦੀ ਬਖਸ਼ਿਸ਼ ਚਾਹੀ। ਮਸੀਹ ਜੀ ਨੇ ਆਖਿਆ, ਤੇਰੇ ਪਿਛਲੇ ਪਾਪ ਬਖਸ਼ੇ ਗਏ ਪਰ ਜੇ ਅੱਗੇ ਨੂੰ ਪਾਪ ਨਾ ਕਰੇਂ ਤਾਂ।

ਸੱਚਾ ਤੇ ਨਿਆਂਕਾਰੀ ਵਾਹਿਗੁਰੂ ਪਾਪਾਂ ਨੂੰ ਬਖਸ਼ਦਾ ਨਹੀਂ, ਸਗੋਂ ਪਾਪਾਂ ਨੂੰ ਜੜ੍ਹ ਤੋਂ ਨਾਸ ਕਰਦਾ ਹੈ।

ਆਤਮ ਸਾਇੰਸ ਨੂੰ ਸਮਝਣ ਵਾਲਾ ਪੁਰਸ਼ ਵਾਹਿਗੁਰੂ ਜੀ ਦੀ ਹਰ ਵੇਲੇ ਪ੍ਰੇਮੀ ਤੇ ਸ਼ੁਭਚਿੰਤਕ ਹਾਜ਼ਰੀ ਤੋਂ ਲਾਭ ਉਠਾ ਸਕਦਾ ਹੈ।

ਜੇਕਰ ਸਾਡੀ ਅਰਦਾਸ ਉਤੋਂ ਉਤੋਂ ਜ਼ਬਾਨੀ ਆਖਣ ਦੀ ਬਜਾਏ ਦਿਲੀ ਤੇ ਸੱਚੀ ਹੈ ਤਾਂ ਸਾਨੂੰ ਅਰਦਾਸ ਮਗਰੋਂ, ਅਰਦਾਸ ਵਿਚ ਮੰਗੀ ਚੀਜ਼ ਦੀ ਪ੍ਰਾਪਤੀ ਲਈ ਨਿਸ਼ਚੇ ਭਰਿਆ ਉਦਮ ਤੇ ਮਿਹਨਤ ਕਰਨੀ ਚਾਹੀਦੀ ਹੈ। ਫਿਰ ਅੰਤਰਜਾਮੀ ਵਾਹਿਗੁਰੂ ਸਾਡੇ ਦਿਲ ਵਿਚ ਲੁਕੀ ਅਰਦਾਸ ਨੂੰ ਦ੍ਰਿਸ਼ਟਮਾਨ ਸੰਸਾਰ ਵਿਚ ਪੂਰਿਆਂ ਕਰ ਦਿਖਾਵੇਗਾ।

ਜਦ ਤੂੰ ਅਰਦਾਸ ਕਰੇਂ ਤਾਂ ਆਪਣੇ ਅੰਦਰਲੇ ਅੰਦਰ ਵਿਚ ਵੜ ਜਾ ਅਤੇ ਉਥੇ ਆਪਣੇ ਸਾਰੇ ਦਰਵਾਜ਼ੇ ਬੰਦ ਕਰ ਲੈ। ਆਪਣੇ ਪਿਤਾ ਅੱਗੇ, ਜੋ ਗੁਪਤ ਰਹਿੰਦਾ ਹੈ, ਅਰਦਾਸ ਕਰ। ਤੇਰਾ ਪਿਤਾ ਜੋ ਅੰਤਰਜਾਮੀ ਹੈ, ਫੇਰ ਤੇਰੀ ਅਰਦਾਸ ਨੂੰ ਦ੍ਰਿਸ਼ਟਮਾਨ ਸੰਸਾਰ ਵਿਚ ਪੂਰਿਆਂ ਕਰੇਗਾ।

(ਜੀਸੂ ਮਸੀਹ ਜੀ)

ਆਪਣੇ ਅੰਦਰਲੇ ਅੰਦਰ ਤੋਂ ਮੁਰਾਦ ਆਪਣੀ ਆਤਮਾ ਦੀ ਗਹਿਰਾਈ ਹੈ ਜਿਸ ਦਾ ਦਰਵਾਜ਼ਾ ਪਾਪਾਂ ਤੇ ਵਿਕਾਰਾਂ ਦੀ ਬਿਰਤੀ ਲਈ ਸਦਾ ਬੰਦ ਹੈ ਅਤੇ ਸਚਾਈ, ਜੀਵਨ ਤੇ ਪ੍ਰੇਮ ਲਈ ਸਦਾ ਖੁੱਲ੍ਹਾ ਹੈ। ਅਰਦਾਸ ਦੀ ਪੂਰਨਤਾ ਨੂੰ ਪ੍ਰਾਪਤ ਕਰਨ ਲਈ ਜ਼ਰੂਰੀ ਹੈ ਕਿ ਵਿਸ਼ੇ ਵਿਕਾਰ ਦੇ ਖਿਆਲਾਂ ਦਾ ਉੱਕਾ ਅਭਾਵ ਹੋਵੇ, ਉਥੇ ਮੂੰਹ ਬੰਦ ਹੋਣਾ ਅਤੇ ਮਾਦਾ ਪ੍ਰਸਤੀ ਤੇ ਅਹਿਸਾਸ ਦਾ ਖਾਤਮਾ ਹੋਣਾ ਲਾਜ਼ਮੀ ਹੈ ਤਾਂ ਕਿ ਆਤਮਾ ਨਾਲ ਖੁਲ੍ਹੇ ਮੇਲ ਹੋਣ ਅਤੇ ਭੁਲਾਂ ਸੋਧੀਆਂ ਜਾਣ।

****

ਸਤਵੰਤ ਕੌਰ

ਭਾਈ ਵੀਰ ਸਿੰਘ

(*ਲੜੀ ਜੋੜਨ ਲਈ ਦੇਖੋ, ਅਕਤੂਬਰ ਅੰਕ, ਪੰਨਾ- 59*)

ਬਸੰਤ ਕੌਰ - ਖਿਮਾ ਕਰਨੀ ਸਿੰਘ ਜੀ! ਜ਼ਨਾਨੀ ਦਾ ਆਲਮ ਬਹੁਤ ਖੋਟਾ ਹੈ, ਅਸੀਂ ਪਸ਼ੂ ਹਾਂ। ਮਹਾਰਾਜ ਜੀ ਦਾ ਵਾਕ ਹੈ - ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ।' ਕਿੰਨਾ ਸਮਝਾਓ ਬੁਝਾਓ ਸਾਡਾ ਅਗਲਾ ਨਹੀਂ ਸੋਰਦਾ। ਜੋ ਦਿਨ ਚੰਗੇ ਲੰਘੇ ਆਪਦੀ ਕ੍ਰਿਪਾ ਨਾਲ ਲੰਘੇ, ਦੋ ਹੀ ਦਿਨ ਤੁਸੀਂ ਵਾਂਢੇ ਗਏ ਤੇ ਮੇਰੇ ਧੀਰਜ ਦਾ ਲੱਕ ਟੁੱਟ ਗਿਆ। ਮੇਰੇ ਹੌਂਸਲੇ ਦੇ ਪੈਰ ਲੰਗੜੇ ਹੋ ਗਏ, ਮੇਰੀ ਢਾਰਸ ਨੂੰ ਰੀਂਘਣਵਾ ਹੋ ਗਿਆ, ਮੇਰੇ ਸਿਦਕ ਨੂੰ ਝੋਲਾ ਵੱਜ ਗਿਆ, ਮੇਰਾ ਸਿੱਖੀ ਭਾਵ ਮੇਰੇ ਵਿਚ ਹੀ ਪਿੰਗਲਾ ਹੋ ਢੱਠਾ। ਅੱਜ ਮੈਂ ਆਮ ਤ੍ਰੀਮਤਾਂ ਵਾਂਗ ਹਾਵੇ ਕੱਢੇ ਹਨ, ਵੈਣ ਪਾਏ ਹਨ, ਰੋਈ ਹਾਂ, ਧੀ ਰੋਂਦੀ ਦੇ ਦਰਸ਼ਨ ਕੀਤੇ ਹਨ, ਆਪਣੇ ਆਪ ਨੂੰ ਧਿਰਕਾਰਿਆ ਹੈ, ਜੀਵਨ ਨੂੰ ਕੌੜਾ ਜਾਣ ਕੇ ਮੌਤ ਮੰਗੀ ਹੈ, ਅਰ 'ਸਦਾ-ਪਿਆਰ' ਸਿਰਜਣਹਾਰ ਦੀ ਬੇ-ਅਦਬੀ ਕੀਤੀ ਹੈ। ਮੈਂ ਇਸ ਲਾਇਕ ਨਹੀਂ ਜੋ ਤੁਹਾਡੀ ਸਾਥਣ ਬਣਾ ਮੈਨੂੰ ਕਾਬਲ ਤੋਰ ਦਿਓ ਜੋ ਜਾਂ ਤਾਂ ਧੀ ਨੂੰ ਲੱਭ ਲਵਾਂ, ਜਾਂ ਪੱਥਰਾਂ ਨਾਲ ਸਿਰ ਟਕਰਾ ਟਕਰਾ ਕੇ ਮਰ ਜਾਵਾਂ। (ਇਹ ਕਹਿੰਦੀ ਫੇਰ ਫੁੱਟ ਫੁੱਟ ਕੇ ਰੋਈ)

ਹਿੰਮਤ ਸਿੰਘ (ਕੋਮਲਤਾ ਨਾਲ) - ਪ੍ਰਿਯ ਜੀ! ਮੈਂ ਨਹੀਂ ਮੰਨਦਾ ਕਿ ਤ੍ਰੀਮਤ ਦਾ ਅਗਲਾ ਬੁਰਾ ਹੈ। ਅਗਲਾ ਕਿਸੇ ਦਾ ਬੁਰਾ ਨਹੀਂ, ਕੁਸੰਗ ਮਾੜਾ ਹੈ। ਕੁਸੰਗ ਬਹੁਤ ਵੇਰ ਤ੍ਰੀਮਤਾਂ ਦੇ ਉਦਾਲੇ ਛੇਤੀ ਆ ਜਾਂਦਾ ਹੈ, ਇਸ ਕਰਕੇ ਸੁਭਾਉ ਕਾਹਲਾ, ਹੌਲਾ ਤੇ ਨੀਵਾਂ ਹੋ ਜਾਂਦਾ ਹੈ, ਸੋ ਸਤਿਸੰਗ ਨਾਲ ਸੌਰ ਜਾਂਦਾ ਹੈ। ਬਾਕੀ ਰਿਹਾ ਤੁਹਾਡਾ ਰੋਣਾ, ਇਹ ਮੋਹ ਦੀ ਪ੍ਰਬਲਤਾਈ ਹੈ। ਮੋਹ ਦਾ ਜਿੱਤਣਾ ਖੇਡ ਨਹੀਂ, ਮਾਂ ਦੀ ਮਮਤਾ ਜਿੱਤਣੀ ਤਾਂ ਬਹੁਤ ਹੀ ਕਰੜੀ ਖੇਡ ਹੈ। ਤੁਸੀਂ ਰੋਏ ਹੋ, ਪਰ ਪਿਆਰ ਨਾਲ ਰੋਏ ਹੋ, ਤੁਹਾਨੂੰ ਕੋਈ ਵਲੇਵਾ ਨਹੀਂ ਹੈ, ਜਿਸ ਨੇ ਰੁਆਇਆ ਹੋਵੇ। ਤੁਹਾਡੀ ਧੀ ਦੇ ਦੁਖਾਂ ਦਾ ਕਸ਼ਟ ਰੁਆਉਂਦਾ ਹੈ, ਹਾਂ ਪਰ ਤੁਸੀਂ ਰੋਏ ਉਨ੍ਹਾਂ ਵਾਂਗ ਹੋ ਜਿਨ੍ਹਾਂ ਦਾ ਰੱਬ ਨਹੀਂ ਹੈ। ਤੁਸੀਂ ਬੈਰਾਗ ਉਨ੍ਹਾਂ ਵਾਂਗ ਕੀਤਾ ਹੈ, ਜੋ ਗੁਰੂ ਪਿਆਰ ਦੀ ਛਾਂ ਤੋਂ ਖਾਲੀ ਮਨਮਤਿ ਦੇ ਰੜੇ ਵਿਚ ਤਪ ਰਹੇ ਹਨ। ਤੁਸੀਂ ਉਨ੍ਹਾਂ ਵਾਂਗ ਹਾਵੇ ਕੀਤੇ ਹਨ, ਜਿਨ੍ਹਾਂ ਪਾਸ ਗੁਰਬਾਣੀ ਦਾ ਚਾਨਣ ਨਹੀਂ ਹੈ। ਤੁਸਾਂ ਉਹ ਦੁੱਖ ਕੱਢੇ ਹਨ ਜੋ ਸਤਿਸੰਗ ਦੇ ਆਸਰੇ ਤੋਂ ਸੱਖਣੇ ਡਾਵਾਂ ਡੋਲ ਰਹਿਣ ਵਾਲੇ ਲੋਕ ਕੱਢਦੇ ਹਨ। (ਕੁਛ ਚਿਰ ਚੁੱਪ ਰਹਿ ਕੇ ਤੇ ਸੋਚ ਕੇ) ਹਾਂ, ਇਸਤ੍ਰੀ ਅਰਧਅੰਗ ਹੈ, ਜੇ ਸੁਖੀ ਹੈ ਤਾਂ ਪਤੀ ਅਰੋਗ ਅੰਗ ਹੈ, ਜੇ ਦੁਖੀ ਹੈ ਤਾਂ ਪਤੀ ਨੂੰ ਅਧਰੰਗ ਹੈ।

ਫੇਰ ਵਹੁਟੀ ਵੱਲ ਤੱਕ ਕੇ ਹਿੰਮਤ ਸਿੰਘ ਬੋਲਿਆ - ਲਓ ਵਿਚਾਰ ਕਰੋ। ਇਕ ਤਾਂ ਧੀ ਗਈ, ਇਕ ਅਸਾਂ ਅੱਜ ਸਿੱਖੀ ਸਿਦਕ ਨੂੰ ਵਿਦੈਗੀ ਦਾ ਸਨੇਹਾ ਦੇ ਦਿੱਤਾ। ਤੁਸੀਂ ਜਾਣਦੇ ਹੋ ਧੀ ਪਰਮੇਸ਼ੁਰ ਦੀ ਦਾਤ ਸੀ, ਆਪਣੀ ਦਾਤ ਉਸ ਨੇ ਲੈ ਲਈ। ਦੁੱਖ ਹੈ ਤਾਂ ਇਹ ਹੈ ਕਿ ਖਬਰੇ ਕਿਹੜੇ ਦੁੱਖਾਂ ਨੂੰ ਫਵੀ ਹੋਈ ਹੋਊ, ਪਰ ਜੇ ਸੋਚੀਏ ਤਾਂ ਸਾਡੇ ਘਰ ਜੰਮਣ ਤੋਂ ਪਹਿਲਾਂ ਖਬਰੇ ਕਿਹੜੇ ਦੁੱਖਾਂ ਨੂੰ ਫੜੀ ਹੋਈ ਆਈ ਸੀ। ਜੇ ਉਨ੍ਹਾਂ ਦਾ ਉਪਰਾਲਾ ਸਾਡੇ ਵਸੋਂ ਬਾਹਰ ਸੀ ਤਦ ਹੁਣ ਦਾ ਬੀ ਉਸੇ ਤਰ੍ਹਾਂ ਦਾ ਹੈ। ਜੋ ਕੁਝ ਹੁਣ ਸਾਥੋਂ ਬਣ ਸਕਦਾ ਹੈ ਅਸਾਂ ਕਰ ਘੱਤਿਆ ਹੈ। ਸੋਚ ਬਾਹਲੀ ਇਹ ਪੈਦੀ ਹੈ ਕਿ ਉਸ ਦਾ ਸਤਿ ਧਰਮ ਉਸ ਦਾ ਸਿੱਖੀ ਸਿਦਕ ਕਾਇਮ ਰਿਹਾ ਹੋਵੇ। ਇਹ ਲੈ ਕੇ ਜੀਉਂਦੀ ਹੋਵੇ ਤਾਂ ਨਿਸੰਗ ਹੋਵੇ, ਇਹ ਲੈ ਕੇ ਮਰ ਗਈ ਹੋਵੇ ਤਾਂ ਨਿਸੰਗ, ਪਰ ਇਹ ਲਾਲ ਨਾ ਗੁਆ ਬੈਠੀ ਹੋਵੇ। ਸੋ ਮੈਨੂੰ ਤਾਂ ਸਿਦਕ ਹੈ ਕਿ ਉਸ ਕਦੇ ਕਮਜ਼ੋਰੀ ਨਹੀਂ ਖਾਣੀ। ਉਸ ਦੀਆਂ ਰਗਾਂ ਵਿਚ ਪਵਿੱਤਰ ਖੂਨ ਹੈ, ਉਸ ਦੇ ਦਿਲ ਵਿਚ ਸਿੱਖੀ ਦੀ ਗੈਰਤ ਤੇ ਅਣਖ ਹੈ। ਤੁਸੀਂ ਬੀ ਸਿਦਕ ਰੱਖੋ, ਵੇਖੋ ਜੇ ਤੁਸੀਂ ਆਪਣੇ ਜੀ ਵਿੱਚ ਸ਼ੱਕ ਕੀਤਾ ਕਿ ਧੀ ਖਬਰੇ ਢਹਿ ਪਈ ਹੋਵੇ, ਤਦ ਤੁਹਾਡਾ ਇਹ ਸੰਕਲਪ ਜਿੱਥੇ ਤੁਹਾਡੀ ਧੀ ਹੈ, ਉਸ ਨੂੰ ਢਹਿੰਦੀਆਂ ਕਲਾ ਦੀ ਲਹਿਰ ਮਾਰੇਗਾ। ਤੁਸੀਂ ਮਨ ਵਿਚ ਚੜ੍ਹਦੀ ਕਲਾ ਨੂੰ ਵਾਸ ਦਿਓ - ਜਦ ਧੀ ਯਾਦ ਆਵੇ ਤਾਂ ਇਹ ਖਿਆਲ ਬੰਨ੍ਹੋਂ ਕਿ ਸਿਦਕ ਵਿਚ ਅਡੋਲ ਖੜੋਤੀ ਧੀ ਪਰਤਾਵਿਆਂ ਦਾ ਟਾਕਰਾ ਕਰ ਰਹੀ ਹੈ। ਉਸ ਵੇਲੇ ਭਰੋਸੇ ਨਾਲ ਪ੍ਰਾਰਥਨਾ ਕਰੋ ਕਿ ਹੇ ਗੁਰੂ ਜੀ! ਸਹਾਇਤਾ ਕਰੋ। ਆਖੋ, 'ਜਹਾਂ ਜਹਾਂ ਖਾਲਸਾ ਜੀ ਸਾਹਿਬ ਤਹਾਂ ਤਹਾਂ ਰਛਿਆ ਰਿਆਇਤ'। ਐਸਾ ਕਰਨ ਨਾਲ ਧੀ ਦੀਆਂ ਵਾਸ਼ਨਾ ਦੀ ਡੋਰ ਚੜ੍ਹਦੀ ਕਲਾ ਵਿਚ ਰਹੇਗੀ।

ਦਿੱਸਣ ਵਾਲੇ ਸੰਸਾਰ ਨੂੰ ਸਭ ਕੁਝ ਨਾ ਜਾਣੋ, ਨਾ ਦਿੱਸਣ ਵਾਲਾ ਦਿੱਸਣ ਵਾਲੇ ਤੋਂ ਬਹੁਤ ਵਿਸ਼ਾਲ ਹੈ। ਉਸ ਦੇ ਤਰੀਕੇ ਤੇ ਤਾਕਤਾਂ ਸੂਖਮ ਹਨ, ਪਰ ਬਲਵਾਨ। ਤੁਹਾਡੇ ਸੰਕਲਪ ਨਾ ਦਿੱਸਣ ਵਾਲੇ' ਜਗਤ ਵਿਚ ਕੋਈ ਸੱਤਿਆ ਸਰੂਪ ਰਖਦੇ ਹਨ ਅਰ ਅਕਾਸ਼ ਮੰਡਲ ਵਿਚ ਤੀਰਾਂ ਵਾਂਗ ਚਾਲ ਰਖਦੇ ਤੇ ਨਿਸ਼ਾਨੇ ਤੇ ਅੱਪੜਦੇ ਹਨ, ਪਹੁੰਦੇ, ਪੁੜਦੇ ਤੇ ਆਪਣਾ ਪ੍ਰਭਾਵ ਪਾਉਂਦੇ ਹਨ, ਚੁੱਕਦੇ ਹਨ, ਡੰਗਦੇ ਹਨ, ਸੁਆਰਦੇ ਹਨ, ਵਿਗਾੜਦੇ ਹਨ, ਚਾਹੇ ਬਹੁਤ, ਚਾਹੇ ਥੋੜ੍ਹਾ।

ਜੋ ਕੁਝ ਤੁਸਾਂ ਅੱਜ ਕੀਤਾ ਹੈ, ਉਸ ਨਾਲ ਤੁਸਾਂ ਧੀ ਬੀ ਰੋਂਦੀ ਦੇਖੀ ਹੈ। ਪਿਆਰੀ ਧੀ ਨੂੰ ਜਦ ਦੇਖੀਦਾ ਹੈ, ਚੜ੍ਹਦੀਆਂ ਕਲਾਂ ਵਿਚ ਦੇਖੀਦਾ ਹੈ। ਉਸ ਵੇਲੇ ਅਸੀਸ ਦੇਈਂਦੀ ਹੈ - ਬੱਚੀ! ਤੂੰ ਕਦੇ ਢਹਿੰਦੀਆਂ ਕਲਾਂ ਵਿਚ ਨਾ ਪਵੇਂ। ਸਤਿਸੰਗ ਵਿਚ ਰੋਜ਼ ਇਹੋ ਅਰਦਾਸ ਹੁੰਦੀ ਹੈ ਕਿ ਜੋ ਸਿੱਖ ਬੱਚੇ ਤੇ ਤ੍ਰੀਮਤਾਂ (ਚਾਹੋ ਕਿੰਨੇ ਥੋੜ੍ਹੇ ਹਨ) ਕੈਦ ਪਏ ਹਨ, ਜੋ ਸਿੱਖੀ ਸਿਦਕ ਵਿਚ ਪੱਕੇ ਰਹਿਣ। ਸਾਨੂੰ ਸ਼ੱਕ ਨਹੀਂ ਕਿ ਸਾਡਾ ਇਕ ਬਾਲ ਬੀ ਧਰਮ ਹਾਰੇਗਾ। ਤੁਸੀਂ ਕਿਉਂ ਉਸ ਉੱਚ-ਅਟਾਰੀ ਤੋਂ ਹੇਠਾਂ ਆਉਂਦੇ ਹੋ? ਕਦੇ ਸੁਣਿਆਂ ਜੇ ਕੋਈ ਸਿੱਖ ਕੈਦ ਪੈ ਕੇ ਧਰਮ ਹਾਰ ਗਿਆ ਹੋਵੇ? ਬਾਬੇ ਬੰਦੇ ਦੇ ਨਾਲ ਅੱਠ ਸੌ ਕਿ ਹਜ਼ਾਰ ਸਿੱਖ ਕੈਦ ਪਏ ਸਨ। ਕਈ ਤਾਂ ਬਾਬੇ ਦੇ ਨਾਲਦੇ ਸਨ, ਕਈ ਰਾਹ ਜਾਂਦੇ ਸਿੱਖ ਫੜ ਕੇ ਵਿਚ ਪਾ ਦਿੱਤੇ ਗਏ ਸਨ, ਪਰ ਕਿਸੇ ਧਰਮ ਨਹੀਂ ਸੀ ਹਾਰਿਆ। ਮੈਂ ਨਹੀਂ ਕਹਿੰਦਾ, ਹੰਕਾਰ ਦਾ ਹੰਮਾ ਬੰਨ੍ਹੋਂ ਪਰ ਸਿਦਕ

ਤੇ ਭਰੋਸਾ ਬੰਨ੍ਹੋਂ ਅਰ ਸ਼ੱਕ, ਭੈ ਤੇ ਭਰਮ ਨੂੰ ਕਦੇ ਨੇੜੇ ਨਾ ਫਟਕਣ ਦਿਓ। ਤੁਸੀਂ ਜਿਸ ਤਰ੍ਹਾਂ ਚਾਹੁੰਦੇ ਹੋ ਕਿ ਹੋਵੇ, ਆਪਣੀ ਆਤਮਾ ਨੂੰ ਭਰੋਸੇ ਵਿਚ ਰਖਦੇ ਹੋਏ ਚੜ੍ਹਦੀਆਂ ਕਲਾਂ ਵਿਚ ਹੋ ਕੇ ਉਹੋ ਪੱਕੇ ਸੰਕਲਪ ਕਰੋ, ਗੁਰੂ ਚਾਹੇ ਤਾਂ ਉਹੋ ਕੁਛ ਹੋਵੇਗਾ।

ਬਸੰਤ ਕੌਰ - ਸੱਚ ਹੈ, ਸੁਆਮੀ ਜੀ! ਪਰ ਆਮੁਹਾਰੀ ਜੀ ਨੂੰ ਖਿੱਚ ਪੈ ਜਾਂਦੀ ਹੈ। ਦੇਖੋ ਕੋਈ ਸੱਜਰੇ ਕੱਥੇ ਦਿਨ ਨਹੀਂ, ਪਰ ਜਿਸ ਵੇਲੇ ਰੋਟੀ ਖਾਣ ਬੈਠਾਂ ਜੀ ਕਹਿੰਦਾ ਹੈ, ਖਬਰੇ ਧੀ ਖਾ ਬੈਠੀ ਹੈ ਕਿ ਭੁੱਖੀ ਹੈ? ਜਦ ਸੌਣ ਲੱਗਾਂ ਜੀ ਕਹਿੰਦਾ ਹੈ, ਖਬਰੇ ਧੀ ਰੜੇ ਵਿਚ ਹੈ ਕਿ ਸੌੜੇ? ਦੁੱਧ ਚੋਂਦੀ ਹਾਂ ਤਾਂ ਕਹਿੰਦੀ ਹਾਂ, ਬੱਚੀ! ਤੇਰਾ ਰਲਿਆ ਹੋ ਚੁੱਕਾ। ਰੇੜਕਾ ਪਾਉਂਦੀ ਹਾਂ ਤਾਂ ਕਹਿੰਦੀ ਹਾਂ ਹੁਣ ਮੈਨੂੰ ਕੌਣ ਆਖੇ -

ਅੰਮਾਂ ਨੀ ਤੂੰ ਘੁੰਮ ਮਧਾਣੀ,
ਆਨੀ ਹਾਂ, ਮੈਂ ਆਨੀ ਹਾਂ।
ਬੇਹੀ ਰੋਟੀ ਸਜਰਾ ਮੱਖਣ,
ਪੀਹੜ ਬਹਿ ਕੇ ਖਾਨੀ ਹਾਂ।

ਪਤੀ ਜੀ! ਫੇਰ ਆਪ ਦੇ ਉਪਦੇਸ਼ਾਂ ਦਾ ਆਸਰਾ ਲੈਂਦੀ ਹਾਂ, ਝੱਟ ਵਿਚਾਰ ਵਿਚ ਪੈ ਜਾਂਦੀ ਹਾਂ ਕਿ ਜਿਸ ਵਾਹਿਗੁਰੂ ਨੇ ਜੰਮਣ ਤੋਂ ਪਹਿਲੇ ਬੱਚੀ ਲਈ ਦੁੱਧ ਰਚ ਦਿੱਤਾ ਸੀ, ਜਿਸਨੇ ਦੁੱਧ ਮੁਕਣ ਤੋਂ ਮੂਹਰੇ ਉਸਦੇ ਦੰਦ ਕੱਢ ਦਿੱਤੇ ਸਨ, ਉਸ ਪ੍ਰਮੇਸ਼ਰ ਨੇ ਕੈਦ ਪੈਣ ਤੋਂ ਪਹਿਲਾਂ ਉਸ ਦਾ ਉਪਰਾਲਾ ਜ਼ਰੂਰ ਕੀਤਾ ਹੋਵੇਗਾ। ਫੇਰ ਮੈਂ ਸੋਚਦੀ ਹਾਂ ਉਹ ਸ਼ੇਰ ਪੁੱਤਰੀ ਦੁੱਖਾਂ ਨੂੰ ਕੱਟ ਜਾਵੇਗੀ। ਮੈਨੂੰ ਉਸ ਪੁਰ ਪੱਕਾ ਭਰੋਸਾ ਹੈ। ਕਹਿੰਦੀ ਹਾਂ ਖਬਰੇ ਇਸ ਕਸ਼ਟਣੀ ਵਿਚ ਕੋਈ ਭਲਿਆਈ ਹੋਵੇ, ਵਾਹਿਗੁਰੂ ਜੋ ਕੁਝ ਕਰਦਾ ਹੈ ਸਾਡਾ ਭਲਾ ਕਰਦਾ ਹੈ, ਕੀ ਜਾਣੀਏਂ ਕਾਬਲ ਵਿਚ ਕੋਈ ਐਸਾ ਕੰਮ ਹੋਵੇ ਜੋ ਪਿਆਰੀ ਸਤਵੰਤ ਹੀ ਕਰ ਸਕਦੀ ਹੋਵੇ, ਗੁਰੂ ਨੇ ਇਸੇ ਕਰਕੇ ਉਸਨੂੰ ਉਥੇ ਭੇਜਿਆ ਹੋਵੇ। ਗੁਰੂ ਦੇ ਕਾਰਜ ਗੁਰੂ ਜਾਣਦਾ ਹੈ, ਸਾਨੂੰ ਸਿਦਕ ਲੋੜੀਏ, ਐਉਂ ਸੋਚਾਂ ਤਾਂ ਮੈਂ ਤਕੜੀ ਰਹਿੰਦੀ ਹਾਂ। ਅੱਜ ਸਵੇਰੇ ਮੇਰੀ ਵਿਚਾਰ ਇਹ ਸੀ ਸੀ ਕਿ ਮੈਂ ਬਹੁਤ ਦੁੱਖ ਇਸੇ ਕਰਕੇ ਕਰਦੀ ਹਾਂ ਨਾ, ਜੋ ਮੇਰੀ ਧੀ ਹੈ। ਅੱਗੇ ਵੀ ਕਈ ਵੇਰੀ ਭਾਜੜਾਂ ਪਈਆਂ, ਕਈ ਮਾਪਿਆਂ ਦੀਆਂ ਧੀਆਂ ਕਾਬਲ ਫੜੀਆਂ ਗਈਆਂ, ਮੇਰੇ ਜੀ ਨੂੰ ਕੁਝ-ਕੁਝ ਹੁੰਦਾ ਸੀ, ਪਰ ਆਹ ਕੁਝ ਤਾਂ ਕਦੇ ਨਹੀਂ ਸੀ ਨਾ ਹੋਇਆ। ਹੁਣ ਇਹ ਕੁਛ ਮੈਨੂੰ 'ਮੇਰੀ' ਕਰਕੇ ਹੋਇਆ ਤੇ ਗੁਰੂ ਗ੍ਰੰਥ ਜੀ ਦਾ ਵਾਕ ਹੈ -

ਜਬ ਲਗ ਮੇਰੀ ਮੇਰੀ ਕਰੈ॥
ਤਬ ਲਗੁ ਕਾਜੁ ਏਕ ਨਹੀ ਸਰੈ॥ ***ਭੈਰਉ ਕਬੀਰ***

ਪਤੀ - ਸੱਚ ਹੈ, ਦੁੱਖ ਹੈ ਤਾਂ 'ਮੈਂ' ਮੇਰੀ ਦਾ ਹੀ ਹੈ, ਪਰ 'ਮੈਂ ਮੇਰੀ' ਮਿਟਣੀ ਰਸਤੇ ਉਤੇ ਨਹੀਂ ਪਈ ਹੋਈ। ਪਰ ਭੁਲੇਖਾ ਬੀ ਇਕ ਏਥੇ ਹੈ 'ਮੈਂ ਮੇਰੀ' ਦਾ ਝੂਠਾ ਤਿਆਗ ਜੋ ਲੋਕੀਂ ਜਾਣਦੇ ਹਨ, ਉਹ ਕਮਜ਼ੋਰ ਤੇ ਨਿਤਾਣੇ ਹੋ ਰਹੇ ਹਨ। ਲੋਕੀਂ ਆਪਣੀ ਹੀਣੀ ਹਾਲਤ ਨੂੰ ਸਮਝਦੇ ਹਨ ਕਿ ਅਸੀਂ 'ਮੈਂ ਮੇਰੀ' ਤਿਆਗ ਬੈਠੇ ਹਾਂ। 'ਮੈਂ ਮੇਰੀ' ਜੋ ਦੁੱਖ ਦਾਤੀ ਹੈ ਉਸ ਦਾ ਤਿਆਗ ਕਰੀਦਾ ਹੈ। ਅਸਲ 'ਮੈਂ' 'ਸ਼ੁੱਧ ਮੈਂ' ਤਾਂ ਆਪੇ ਦਾ ਧੁਰਾ ਹੈ, ਕੇਂਦਰ ਹੈ, ਉਸਨੂੰ ਗਵਾਂ ਕੇ ਕਾਹਦਾ ਸੁੱਖ।

ਤੁਸਾਨੂੰ ਜੋ ਦੁੱਖ ਉੱਠਦਾ ਹੈ, ਉਸ ਨੂੰ 'ਸ੍ਵੈ ਸਤਿਕਾਰ' ਤੋਂ ਉਸ 'ਸੁੱਚੀ ਅਣਖ' ਤੋਂ ਉਠਦਾ ਹੈ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 'ਹਿੰਦੀਆਂ ਦੇ ਮਰ ਚੁੱਕੇ ਮਨਾਂ ਵਿਚੋਂ ਜਗਾਈ ਹੈ। ਤੁਹਾਡਾ ਜੋਸ਼ ਤੇ ਪਿਆਰ ਕਿ ਧੀ ਧਰਮ ਸ਼ਰਮ ਵਿਚ ਮਰੇ, ਇਹ ਇਕ ਸੁਹਣੀ ਉੱਚੀ ਅਣਖ ਹੈ, ਧਰਮ ਸਰੂਪੀ ਅਣਖ ਹੈ। ਇਹ ਇਕ ਮਾਨਸਿਕ ਜਿੰਦ ਹੈ। ਇਹ ਨਾ ਹੋਵੇ ਤਾਂ ਉਹ ਤੁਸਾਂ 'ਮੈਂ ਮੇਰੀ' ਨਹੀਂ ਜਿੱਤੀ, ਉਹ ਤਾਂ ਤੁਸਾਂ ਵਿਚ ਤਾਣ ਨਹੀਂ ਰਿਹਾ, ਆਪੇ ਦਾ ਸਤਿਕਾਰ ਨਹੀਂ ਰਿਹਾ, ਅਣੀ ਨਹੀਂ ਰਹੀ, ਜਿੰਦ ਨਹੀਂ ਰਹੀ। ਬਾਕੀ ਰਹੀ 'ਮੈਂ ਮੇਰੀ' ਲਈ ਅਸਲ ਜਿੱਤ, ਬੀ ਸਮਝ ਲਓ। 'ਮੈਂ ਮੇਰੀ' ਗੱਲਾਂ ਨਾਲ ਨਹੀਂ ਮਰ ਸਕਦੀ, ਅਨੇਕ ਸਾਧਨ ਕਰੋ ਇਹ ਜੀਉਂਦੀ ਰਹਿੰਦੀ ਹੈ। ਕਿਉਂਕਿ ਸਰੀਰ ਸੁਖ ਲੋੜਦਾ ਤੇ ਦੁੱਖ ਤੋਂ ਪਰੇ ਹਟਦਾ ਹੈ। ਸੁਖ ਦੇਣ ਵਾਲਿਆਂ ਨਾਲ 'ਮੈਂ' ਪਿਆਰ ਕਰਦੀ ਹੈ, ਦੁੱਖ ਦਣ ਵਾਲਿਆਂ ਨਾਲ ਸੂਗ। ਇਸ ਕਰਕੇ ਸੁਖਦਾਈ 'ਮੈਂ' ਤੇ 'ਮੇਰੀਆਂ' ਵਿਚ ਸਾਡਾ ਪਿਆਰ ਗਠਿਆ ਪਿਆ ਹੈ। ਇਸੇ ਕਰਕੇ ਗੁਰੂ ਜੀ ਨੇ ਪ੍ਰੇਮ ਤੋਂ ਹੀ ਇਸ ਦਾ ਦਾਰੂ ਕਰਨਾ ਦੱਸਿਆ ਤੇ ਸਾਨੂੰ ਇਲਾਹੀ ਭੇਤ ਓਸ ਪਿਆਰੇ ਵਾਹਿਗੁਰੂ ਨੂੰ ਪ੍ਰੇਮ ਕਰਨ ਦਾ ਸਿਖਾਇਆ, ਜੋ ਸਾਨੂੰ ਓਸ ਪਿਆਰ-ਸੋਮੇ ਨਾਲ ਪਿਆਰ ਪੈ ਜਾਵੇ, ਓਸ ਨੂੰ ਅਸੀਂ ਪਿਆਰ ਕਰਦੇ-ਕਰਦੇ ਓਪਰਾ ਜਾਣਨੋਂ ਹਟ ਜਾਵੀਏ ਤੇ ਹੁਣ, ਜੋ ਸਾਡੇ ਤੇ ਓਹਦੇ ਵਿਚ ਵਿੱਥ ਹੈ, ਦੂਰ ਹੋ ਜਾਵੇ ਤੇ ਉਸ ਨੂੰ ਅਸੀਂ ਮੇਰਾ ਯਾ ਆਪਣਾ ਸਮਝਣ ਲਗ ਪਈਏ। ਜਦੋਂ ਸਾਡੀ 'ਮੇਰੀ' ਦੀ ਤਣਾਵ ਉਸ ਪਿਆਰੇ ਨਾਲ ਲਗ ਗਈ ਤਦ ਉਨ੍ਹਾਂ ਪਦਾਰਥਾਂ ਦੀ 'ਮੇਰੀ ਤੋਂ ਜੋ ਨਹੀਂ ਰਹਿਣੇ ਉਚੇ ਹੋ ਕੇ ਵਾਹਿਗੁਰੂ ਮੇਰਾ ਹੈ, ਇਸ ਉੱਚੀ 'ਮੇਰੀ' ਵਿਚ ਪਹੁੰਚ ਪਵਾਂਗੇ। ਵਾਹਿਗੁਰੂ ਨੂੰ 'ਮੇਰਾ ਮੇਰਾ' ਕਹਿੰਦਿਆਂ ਜਦ ਉਸ ਪਿਆਰੇ ਦਾ ਪ੍ਰੇਮ ਸਾਡੇ ਤੇ ਆ ਕੇ ਨਿੱਝਰ ਧਾਰ ਵਸੇਗਾ, ਤਦੋਂ ਸਾਡੀ ਸ਼ੁੱਧ ਮੈਂ ਉਤੇ, ਜੋ ਹਉਂ ਦਾ ਪਰਦਾ ਹੈ, ਹਟ ਜਾਵੇਗਾ ਅਰ ਸ਼ੁੱਧ ਹੋ ਗਈ 'ਮੈਂ' ਉਸ ਪ੍ਰੇਮ ਪੁੰਜ ਦੇ ਨਾਲ ਜੁੜ ਜਾਵੇਗੀ। ਐਉਂ ਉਹ ਬਲਵਾਨ ਹੋ ਜਾਵੇਗੀ ਅਤੇ ਉਸ ਦੇ ਮੇਲ ਦੇ ਰਸ ਵਿਚ ਸੁਖ ਮਾਣੇਗੀ। ਸੁੱਖੀ ਹੋ ਕੇ ਜੁੜ ਜਾਏਗੀ ਅਰ ਫੇਰ ਵਿਛੋੜਾ ਨਹੀਂ ਹੋਵੇਗਾ।

ਜੋ ਸਾਡੀ ਹੁਣ ਦੀ ਅਵਸਥਾ ਹੈ ਇਹ ਜਤਨ ਦੀ ਅਵਸਥਾ ਹੈ, ਅਰਥਾਤ ਹੰਭਲੇ ਮਾਰਨ ਦੀ ਹਾਲਤ ਹੈ। ਸਤਿਸੰਗ ਸਾਨੂੰ ਸਦਾ ਇਹੋ ਸਿਖਾਲਦਾ ਹੈ ਕਿ ਪਿਆਰੇ ਵਾਹਿਗੁਰੂ ਨੂੰ ਪਿਆਰ ਕਰੋ ਤਾਂ ਜੋ ਹੋਰ ਸਭ ਕੁਛ ਆਪੇ ਓਪਰਾ ਹੋ ਜਾਵੇ। ਦੁਨੀਆਂ ਦੇ ਲੋਕਾਂ ਤਾਂ ਇਹ ਹਾਲ ਹੈ, ਸਭ ਕਿਛ ਆਪਣਾ ਇਕ ਰਾਮ ਪਰਾਇਆ' ਤੇ ਗੁਰੂ ਸਾਹਿਬ ਦੇ ਪ੍ਰੇਮਾ ਭਗਤੀ ਤੇ ਤਰੀਕੇ ਨਾਲ ਸਭ ਕੁਛ ਓਪਰਾ ਹੋ ਜਾਂਦਾ ਹੈ ਤੇ ਵਾਹਿਗੁਰੂ ਪਿਆਰਾ ਲਗਦਾ ਹੈ। ਜਦ ਵਾਹਿਗੁਰੂ ਵਧੀਕ ਪਿਆਰਾ ਹੋ ਗਿਆ ਤਦ ਹੋਰਨਾਂ ਪਿਆਰਿਆਂ ਦੀ ਖਿੱਚ ਸਾਨੂੰ ਉਸ ਤੋਂ ਵਿੱਥ ਤੇ ਲੈ ਜਾਣੋਂ ਅਸਮਰਥ ਹੋ ਜਾਂਦੀ ਹੈ। ਤੁਸੀਂ ਅਜੇ ਵਾਹਿਗੁਰੂ ਨੂੰ ਮੁੱਖ ਕਰਕੇ ਅਰਥਾਤ ਹੋਰਨਾਂ ਪਿਆਰਿਆਂ ਤੋਂ ਵਧੀਕ ਪਿਆਰਾ ਸਮਝ ਕੇ ਪਿਆਰ ਘੱਟ ਕਰਦੇ ਹੋ, ਇਸੇ ਕਰਕੇ ਬੇ-ਮੁਖਤਾਈ ਫੇਰੇ ਪਾ ਜਾਂਦੀ ਹੈ। ਤੁਸੀਂ ਮੋਹ

ਗੁਸਿਆ ਦੇ ਹਾਵੇ ਨਾ ਸੁਣਿਆਂ ਕਰੋ ਤੇ ਨਾ ਹੀ ਫੋਕੇ ਗਿਆਨ ਦੀਆਂ ਗੱਲਾਂ ਸੁਣਿਆਂ ਕਰੋ। ਨੀਵੇਂ ਪਾਸੇ ਤੋਂ ਸ਼ੁਰੂ ਕਰੀਏ ਤੇ ਸਹਿਜੇ ਸਹਿਜੇ ਚੜ੍ਹੀਏ। ਤੁਸੀਂ ਸਾਰਾ ਦਿਨ ਇਸ ਵਿਚਾਰ ਵਿਚ ਰਿਹਾ ਕਰੋ ਕਿ ਨਾ ਦਿੱਸਣ ਵਾਲਾ ਵਾਹਿਗੁਰੂ ਹੈ। ਤਾਂ ਜੋ ਉਸ ਦੇ ਹੋਣ ਦਾ ਸੰਕਲਪ ਮਾਤ੍ਰ ਦਿਨ ਰਾਤ ਯਾਦ ਰਹਿਣ ਲਗ ਜਾਵੇ। ਫਿਰ ਸੋਚਿਆ ਕਰੋ ਕਿੱਥੇ ਹੈ! ਤਦ ਵਿਚਾਰਿਆ ਕਰੋ ਜੋ ਮੇਰੇ ਨਾਲ ਹੈ, ਅੰਗ ਸੰਗ ਵਸਦਾ ਹੈ ਫੇਰ ਕਿਸੇ ਵੇਲੇ ਖਿਆਲ ਕੀਤਾ ਕਰੋ, ਸਾਡੇ ਨਾਲ ਉਸ ਦਾ ਕੀਹ ਸਬੰਧ ਹੈ? ਤਦ ਸੋਚਿਆ ਕਰੋ ਜੋ ਉਹ ਪਿਤਾ ਹੈ, ਸਾਨੂੰ ਪਿਆਰ ਕਰਦਾ ਹੈ। ਜਦ ਉਸ ਦੇ ਪਿਆਰ ਕਰਨੇ ਦਾ ਸੰਕਲਪ ਅੰਦਰ ਦ੍ਰਿੜ੍ਹ ਹੋ ਜਾਏਗਾ, ਤਦ ਸ਼ਰਧਾ ਤੇ ਪ੍ਰੇਮ ਪੱਕ ਜਾਏਗਾ, ਫੇਰ ਐਸਾ ਜੀ ਜੁੜਿਆ ਕਰੇਗਾ ਕਿ ਤੁਸੀਂ ਇਸ ਰੰਗ ਵਿਚ ਰੱਤੇ ਰਿਹਾ ਕਰੋਗੇ ਕਿ ਮਾਨੋ ਉਸ ਵਾਹਿਗੁਰੂ ਦੀ ਪ੍ਰਕਾਸ਼ ਤੇ ਆਨੰਦ ਭਰੀ ਹਜ਼ੂਰੀ ਹਰ ਵੇਲੇ ਮੇਰੇ ਉਦਾਲੇ ਹੈ। ਮਨ ਵਿਚ ਚਾਉ ਤੇ ਰਸ ਭਰਿਆ ਰਿਹਾ ਕਰੇਗਾ। ਇਸ ਤਰ੍ਹਾਂ ਨਾਲ, ਜਿਸ ਨੇ 'ਮੈਂ ਮੇਰੀ" ਜਿੱਤੀ ਹੈ, ਉਸ ਤੋਂ ਸੁਤੇ ਹੀ ਜਗਤ ਦਾ ਭਲਾ ਹੁੰਦਾ ਹੈ, ਉਸ ਦਾ ਮਨ ਉੱਚਾ ਰਹਿੰਦਾ ਹੈ, ਉਸ ਦੇ ਅੰਦਰ 'ਆਪੇ' ਦਾ ਟਿਕਾਉ ਤੇ 'ਆਪੇ' ਦਾ ਸਤਿਕਾਰ ਵੱਸਦੇ ਹਨ। ਉਹ 'ਜੀਉਂਦਾ' ਹੈ, 'ਜੀਵਾ' ਹੋ ਜਾਂਦਾ ਹੈ, ਉਚੀ ਜਿੰਦ ਉਸ ਵਿਚ ਵਸਦੀ ਹੈ ਪਰ ਇਹ ਗੱਲਾਂ ਤਾਂ ਹੀ ਫੁਰਦੀਆਂ ਤੇ ਹੋ ਆਉਂਦੀਆਂ ਹਨ ਜੇ ਪਹਿਲਾਂ ਬਾਣੀ ਨਾਲ ਮਨ ਸ਼ੁੱਧ ਹੋਵੇ ਤੇ ਫੇਰ ਨਾਮ ਨਾਲ ਪਿਆਰ ਪਵੇ।

ਬਸੰਤ ਕੌਰ - ਸੱਚ ਹੈ ਪਤੀ ਜੀ! ਜਿਕੂੰ ਬ੍ਰਿਛ ਦੇ ਚਰਨਾਂ ਵਿਚ ਕਮਜ਼ੋਰ ਵੇਲ ਉਗਦੀ ਹੈ ਤੇ ਬ੍ਰਿਛ ਦਾ ਆਸਰਾ ਪਾ ਕੇ ਬ੍ਰਿਛ ਜੇਡੀ ਉੱਚੀ ਹੋ ਜਾਂਦੀ ਹੈ, ਉਸੇ ਤਰ੍ਹਾਂ ਨਿਰਬਲ ਜਗਿਆਸੂ ਆਪਣੇ ਸਤਿਸੰਗੀ ਦੇ ਲੜ ਲਗ ਕੇ ਉਸ ਦੇ ਆਸਰੇ ਹੋ ਕੇ ਉੱਚਾ ਹੋ ਜਾਂਦਾ ਹੈ। ਆਪ ਦੇ ਸਤਿਸੰਗ ਨੇ ਮੇਰਾ ਹਾਲ ਸੁਆਰਿਆ ਤੇ ਸੁਆਰਨਾ ਹੈ। ਮੈਂ ਸੱਚ-ਮੁੱਚ ਮੂਰਖ ਤੇ ਅਜੇ ਵਾਹਿਗੁਰੂ ਜੀ ਦੀ ਹਜ਼ੂਰੀ ਨੂੰ ਹਰਦਮ ਆਪਣੇ ਨਾਲ ਪਛਾਣਨ ਵਾਲੀ ਨਹੀਂ ਹੋਈ ਹਾਂ, ਪਰ ਆਪ ਦੀ ਦਿਆਲਤਾ, ਆਸ਼ਾ ਹੈ ਕਿ ਬਲ ਭਰ ਦੇਵੇਗੀ।

ਹਿੰਮਤ ਸਿੰਘ - ਮੈਂ ਤੇ ਆਪ ਅਜੇ ਪੱਕਾ ਨਹੀਂ, ਪਰ ਸਾਡੇ ਸਿਰ ਪਰ ਸਤਿਸੰਗ ਦੀ ਛਾਉਂ ਹੈ, ਇਸ ਕਰਕੇ ਘਾਬਰਨ ਦੀ ਲੋੜ ਨਹੀਂ, ਗੁਰੂ ਆਪ ਸਿਰੇ ਚਾੜ੍ਹੇਗਾ।

ਬਸੰਤ ਕੌਰ - ਜਿਸ ਘੜੀ ਬਾਣੀ ਦਾ ਰਸ ਆ ਜਾਵੇ ਜਾਂ ਮਨ ਨਾਮ ਨਾਲ ਗੁਰੂ ਦੇ ਚਰਨਾਂ ਵਿਚ ਲੱਗਾ ਰਹੇ, ਜਾਂ ਤੁਸੀਂ ਨੇੜੇ ਹੋਵੋ, ਤਾਂ ਚਿੱਤ ਘੱਟ ਡੋਲਦਾ ਏ। ਜੇਕਰ ਪਿਆਰੀ ਸਤਵੰਤ ਯਾਦ ਆਉਂਦੀ ਹੈ ਤਾਂ ਪਿਆਰੀ ਲਗਦੀ ਹੈ, ਅਸੀਸ ਮੂੰਹੋਂ ਨਿਕਲਦੀ ਹੈ ਤੇ ਗੁਰੂ ਚਰਨਾਂ ਵਿਚ ਬੇਨਤੀ ਹੁੰਦੀ ਹੈ, ਦਿਲ ਢਹਿੰਦਾ ਨਹੀਂ ਤੇ ਨਹੀਂ ਆਖਦਾ ਕੀਹ ਹੋਵੇਗਾ? ਪਰ ਜਦੋਂ ਸੁਰਤ ਨੀਵੀਂ ਹੋਈ ਤਦੋਂ ਹੀ ਕਟਕ ਟੁੱਟ ਪੈਂਦਾ ਹੈ, ਹਨ੍ਹੇਰਾ ਛਾ ਜਾਂਦਾ ਹੈ, ਕਲੇਜੇ ਖੋਹ ਪੈਂਦੀ ਹੈ ਤੇ ਕਹਿੰਦੀ ਹਾਂ, ਹਾਇ! ਕੀਹ ਹੋ ਗਿਆ? ਕੀਹ ਹੋ ਰਿਹਾ ਹੈ? ਕੀਹ ਹੋਵੇਗਾ?

ਹਿੰਮਤ ਸਿੰਘ - ਪ੍ਰਮੇਸ਼ਰ ਨਾਲ ਪ੍ਰੀਤ ਦਾ ਇਹ ਗੁਣ ਹੈ ਜੋ ਸੁਰਤ ਉੱਚੀ ਰਹਿਣ ਲਗ ਪੈਂਦੀ ਹੈ, ਮਨ ਖੇੜੇ ਵਿਚ ਵਸਦਾ ਹੈ। ਅਸਲ ਵਿਚ ਜੋਗੀ ਜਨ ਜੱਗ ਨੂੰ ਟੋਲਦੇ ਹਨ, ਉਹ ਜੋਗ ਗ੍ਰਿਹਸਤ ਤੋਂ ਸਿਰਜੋਗ ਹੋਣ ਅਰਥਾਤ ਟੁੱਟ ਜਾਣ ਵਿਚ ਨਹੀਂ, ਸਗੋਂ 'ਸਾਂਈ' ਸੰਜੋਗ ਵਿਚ ਹੈ, ਅਰਥਾਤ ਪ੍ਰੀਤ ਦੀ ਇਕ ਤਾਰ ਵਿਚ ਹੈ।

ਬਸੰਤ ਕੌਰ - ਮੈਂ ਨਹੀਂ, ਸਮਝੀ ਪਤੀ ਜੀ! ਜੋਗੀ ਕੌਣ ਲੋਕ? ਜੋਗੀ ਕੰਨ ਪਾਟੇ ਮੁੰਦਰਾਂ ਵਾਲੇ? ਜਾਂ ਜੋ ਸੱਪਾਂ ਦੇ ਮਾਂਦਰੀ ਬੀਨ ਵਜਾਉ ਦੇ ਗਲੀਆਂ ਵਿਚ ਆਉਂਦੇ ਹਨ?

ਪਤੀ - ਨਹੀਂ ਕਿਸ ਪਾਸੇ ਚਲੇ ਗਏ, ਕੰਨ ਪਾਟੇ ਤਾਂ ਅਸਲੀ ਜੋਗੀ ਨਹੀਂ। ਇਨ੍ਹਾਂ ਦੀ ਸੰਪਰਦਾ ਗੋਰਖਨਾਥ ਤੋਂ ਟੁਰ ਕੇ ਪਹਿਲੇ ਤਪਸਿਆ ਹਠ ਜੋਗ ਕਰਦੀ, ਫੇਰ ਸਿੱਧੀਆਂ ਕਰਾਮਾਤਾਂ ਦੇ ਫੇਰ ਵਿਚ ਫਸ ਕੇ ਸ਼ਰਾਬ ਆਦਿ ਮਸਤੀਆਂ ਵਿਚ ਡਿਗਦੀ, ਉਲਟ ਫੇਰ ਖਾਂਦੀ, ਹੁਣ ਕੇਵਲ ਕਿੰਗ ਵਜਾਉਂਦੀ, ਮੰਗਤ ਹੱਦ ਤਕ ਰਹਿ ਗਈ ਹੈ। ਦੂਜੇ ਸਮਾਧੇ ਹਨ, ਉਹ ਬੀ ਜੋਗੀਆਂ ਦੇ ਹੀ ਚੇਲੇ ਸਨ, ਜੋ ਗੁੱਗੇ ਚੁਹਾਨ ਰਾਜਪੂਤ ਦੇ ਜੋਗ ਦੀ ਮਹਿਮਾ ਕਰਦੇ ਲੋਕਾਂ ਨੂੰ ਉਸ ਦੀ ਪੂਜਾ ਵਿਚ ਲਾਉਂਦੇ ਹੁੰਦੇ ਸਨ, ਪਰ ਹੁਣ ਬੇਖਬਰ ਹੋ ਕੇ ਨਿਰੇ ਸੱਪਾਂ ਦੇ ਖੇਲ ਦਿਖਾ ਕੇ ਗੁਜ਼ਾਰਾ ਟੋਰਦੇ ਹਨ। ਇਹ ਬੀ ਇਕ ਤਰ੍ਹਾਂ ਦੇ ਮੰਗਤੇ ਹੀ ਰਹਿ ਗਏ ਜਾਪਦੇ ਹਨ। ਮੈਂ ਇਹ ਯੋਗੀ ਨਹੀਂ ਆਖੇ, ਮੈਂ ਜਿਹੜੇ ਜੋਗੀ ਆਖੇ ਹਨ ਉਹ ਲੋਕ ਹਨ ਜੋ ਆਪਣੇ ਮਨ ਦੀਆਂ ਬਿਰਤੀਆਂ ਨੂੰ ਰੋਕਦੇ ਹਨ ਅਤੇ ਆਪਣੇ ਆਪੇ ਵਿਚ ਜੁੜ ਜਾਣ ਦਾ ਯਤਨ ਕਰਦੇ ਹਨ - ਯੋਗੀ।

ਬਸੰਤ ਕੌਰ - ਹੱਛਾ ਜੀ, ਮੈਂ ਹੁਣ ਸਮਝ, ਉਹ ਜੋ ਗੀਤਾ ਵਿਚ ਜੋਗ ਦਾ ਵੇਰਵਾ ਹੈ, ਉਹ ਜੋਗੀ ਹੈ?

ਪਤੀ - ਹਾਂ, ਓਥੇ ਕਈ ਪ੍ਰਕਾਰ ਦੇ ਯੋਗੀ ਦੱਸੇ ਹਨ। ਪਰ ਇਕ 'ਜੋਗ ਮਾਰਗ' ਪਾਤੰਜਲ ਵਾਲਾ ਹੈ ਤੇ ਇਕ 'ਹਠ ਯੋਗੀ' ਵੀ ਹੁੰਦੇ ਹਨ। ਇਕ 'ਸਾਂਖ ਜੋਗੀ' ਅਰਥਾਤ 'ਗਿਆਨ ਜੋਗੀ' ਹਨ ਜੋ ਤੱਤਾਂ ਦਾ ਵਿਚਾਰ ਕਰ ਕਰਕੇ 'ਭੋਗ ਅਨਿੱਤ ਹਨ' ਦੁੱਖ ਦਾ ਹੇਤੂ ਹਨ, ਇਹ ਸੋਚ ਕਰ ਕਰਕੇ ਚਿਤ ਨੂੰ ਸਾਰੇ ਵਿਸ਼ਿਆਂ ਤੋਂ ਖਿੱਚ ਕੇ ਵਸ ਵਿਚ ਕਰਨ ਦਾ ਤਰਲਾ ਲੈਂਦੇ ਹਨ। ਉਹ ਕਹਿੰਦੇ ਹਨ ਕਿ ਦ੍ਰਿੜ੍ਹ ਤੇ ਪੱਕੇ ਸੰਸਕਾਰਾਂ ਨਾਲ ਹੀ ਸੰਸਾਰ ਤੇ ਇਹ ਸਰੀਰ ਬਣਿਆਂ ਹੈ, ਹੁਣ ਪੱਕਾ ਵੈਰਾਗ ਇਸ ਵਲੋਂ ਕਰਕੇ ਉਨ੍ਹਾਂ ਸੰਸਕਾਰਾਂ ਨੂੰ ਮੇਟ ਦੇਣਾ ਹੈ। ਦੂਸਰੇ ਉਹ ਯੋਗੀ, ਜੋ ਸਰੀਰ ਦੇ ਇੰਦ੍ਰੀਆਂ ਨੂੰ ਰੋਕ ਕੇ ਮਨ ਦੀਆਂ ਬਿਰਤੀਆਂ ਮਾਰਨ ਦਾ ਜਤਨ ਕਰਦੇ ਹਨ। ਤੁਹਾਨੂੰ ਐਉਂ ਠੀਕ ਸਮਝ ਵਿਚ ਆ ਜਾਵੇਗਾ ਕਿ ਜੇ ਮਨ ਟਿਕੇ ਤਾਂ ਸਰੀਰ ਟਿਕ ਜਾਂਦਾ ਹੈ ਤੇ ਜੇ ਸਰੀਰ ਟਿਕੇ ਤਾਂ ਮਨ ਦਾ ਟਿਕਾਉ ਹੋ ਪੈਂਦਾ ਹੈ। ਕਈ ਵੈਰਾਗ ਕਰਕੇ ਮਨ ਨੂੰ ਉਪਰਾਮਤਾ ਵਿਚ ਲਿਜਾਂਦੇ ਤੇ ਵਿਵੇਕ ਯਾ ਸੋਚ ਵਿਚ ਵਿਚਾਰ ਨੂੰ ਉੱਚਾ ਕਰਨ ਦਾ ਤਰਲਾ ਲੈਂਦੇ ਸਨ। ਖਬਰੇ ਇਸੇ ਗੱਲ ਨੂੰ ਜਪੁਜੀ ਸਾਹਿਬ ਵਿਚ 'ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ' ਲਿਖਿਆ ਹੋਵੇ। ਇਸੇ ਤਰ੍ਹਾਂ ਕ੍ਰਿਆ ਯੋਗ ਵਾਲੇ ਕਾਇਆਂ ਨੂੰ ਮਾਂਜ ਕੇ ਸਵਾਸਾਂ ਨੂੰ ਰੋਕਦੇ, ਚਿਤ ਦੀਆਂ ਬਿਰਤੀਆਂ

ਨੂੰ ਰੋਕਣ ਦਾ ਜਤਨ ਕਰਦੇ ਸਨ। ਇਸ ਕ੍ਰਿਯਾ ਯੋਗ ਦੇ ਕਈ ਪ੍ਰਕਾਰ ਹਨ, ਹਠ ਜੋਗ ਬੀ ਇਸੇ ਵਿਚ ਹੈ। ਜਿਸ ਦੇ ਅਨੇਕਾਂ ਸਾਧਨ ਸਰੀਰ ਦੇ ਅੰਗਾਂ ਪਰ ਵਸੀਕਾਰ ਪਾਉਣ ਦੇ ਹਨ। ਰਾਜ ਜੋਗ, ਮੰਤ੍ਰ ਜੋਗ ਆਦਿ ਬੀ ਜੋਗ ਹਨ। ਰਾਜ ਜੋਗ ਵਿਚ ਬੀ ਪ੍ਰਾਣਾਯਾਮ ਆਦਿਕ ਸਾਧਨ ਹਨ। ਪਰ ਸਾਰਿਆਂ ਜੋਗਾਂ ਦਾ ਛੇਕੜਲਾ ਜਤਨ ਇਹ ਹੈ ਕਿ ਮਨ ਦੀਆਂ ਬਿਰਤੀਆਂ ਦਾ ਟਿਕਾਉ ਹੋ ਜਾਵੇ, ਅੰਦਰ ਉਠਦੀਆਂ ਲਹਿਰਾਂ ਦੇ ਤਰੰਗ ਚੁੱਪ ਹੋ ਜਾਣ। ਏਸੇ ਨੂੰ ਖਬਰੇ ਜਪੁਜੀ ਸਾਹਿਬ ਵਿਚ, 'ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ' ਵਾਲੀ ਤੁਕ ਵਿਚ ਦੱਸਿਆ ਹੋਵੇ।

ਫਿਰ ਉਹ ਤਪਸਵੀ ਹੁੰਦੇ ਹਨ ਜੋ ਨਾਨਾਂ ਤਰ੍ਹਾਂ ਦੇ ਬ੍ਰਤ ਧਾਰਨ ਕਰਕੇ ਸਰੀਰ ਦੇ ਇੰਦ੍ਰਿਆਂ ਨੂੰ ਸਿਥਲ ਕਰਦੇ ਹਨ ਤੇ ਮਨ ਨੂੰ ਨਾਨਾ ਪ੍ਰਕਾਰਾਂ ਦੇ ਸਰੀਰਕ ਤੇ ਮਾਨਸਕ ਭੋਗਾਂ ਤੋਂ ਭੁੱਖਾਂ ਦੇ ਦੇ ਕੇ, ਤਪ ਕਰਵਾ ਕਰਵਾ ਕੇ ਜਤਨ ਕਰਦੇ ਹਨ ਕਿ 'ਆਪਾ' 'ਆਪੇ' ਵਿਚ ਟਿਕ ਜਾਵੇ। ਖਬਰੇ ਏਸ ਜਤਨ ਨੂੰ ਆਖਿਆ ਹੋਵੇ, ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ।

ਇਨ੍ਹਾਂ ਸਾਰੇ ਜਤਨਾਂ ਨਾਲ ਮਨੁੱਖ ਦਾ ਜਤਨ ਮਨੁੱਖ ਦੇ ਆਪਣੇ ਵਿਚਾਰਾਂ ਦੇ ਮੰਡਲ ਵਿਚ ਹੁੰਦਾ ਸੀ, ਮਨੁੱਖ ਆਪਣੀ ਸੋਚ ਸਮਝ ਦੀ ਹੱਦ ਦੇ ਵਿਚ ਵਿਚ ਤੇ ਨਿਰੀ ਆਪਣੀ ਟੇਕ ਦੇ ਆਸਰੇ ਆਪਣੀ ਸਤਿਆ, ਤਾਕਤ, ਸਮਰੱਥਾ ਦੇ ਬਲ ਜਿਤਨਾ ਤਾਣ ਲਾ ਲਾ ਕੇ ਜਤਨ ਕਰਦਾ ਸੀ। ਮਨ ਵਿਚ ਕਦੇ ਥੋੜ੍ਹਾ ਟਿਕਾਉ ਮਾਤ੍ਰ ਕਦੇ ਉਪਰਾਮਤਾ ਦਾ ਭਾਵ, ਕਦੇ ਬੇਮਲੂਮ ਸੂਗ ਜਾਂ ਕਦੇ ਬੈਰਾਗ ਜਿਹਾ ਟਿਕ ਜਾਂਦਾ ਸੀ। ਆਪਾ ਉਚਾ ਹੋ ਕੇ ਉਚੇ ਵਿਕਾਸ ਵਿਚ ਨਹੀਂ ਸੀ ਜਾਂਦਾ। ਕਿਉਂਕਿ ਮੂਲ ਵਿਚ ਲਈ ਉਦਾਸੀ ਤੇ ਗਮੀ ਜੇਹੀ ਦਾ ਰੂਪ ਲੈ ਕੇ ਮਨ ਦੀ ਤਹਿ ਵਿਚ ਬੈਠ ਜਾਈਦਾ ਹੈ। ਆਪਾ ਜੀਵਨ ਕਣੀ ਪਾ ਕੇ ਮਾਨੋਂ ਨਵੇਂ ਜਨਮ ਵਿਚ ਆ ਕੇ ਖੇੜਾ, ਰਸ, ਸੁਆਦ ਹਲਕਾਪਨ ਕਿਸੇ ਨਾ ਦਿਸਦੇ ਸੁਹਣੇ ਦੇ ਪਿਆਰ, ਲਗਾਉ, ਛੁਹ ਵਿਚ ਆਪੇ ਨੂੰ ਨਹੀਂ ਸੀ ਪ੍ਰਤੀਤ ਕਰਦਾ। ਸੋਚਾਂ ਸੋਚ ਕੇ ਮਨ ਜੋੜਨ ਵਾਲੇ ਤਾਂ ਇਕ ਸ਼ੂਨ ਜੇਹੀ ਨੂੰ ਟਿਕਾਉ ਸਮਝਦੇ ਸਨ ਅਤੇ ਕ੍ਰਿਯਾ ਯੋਗੀ ਤਾਂ ਰਤਾ ਉਕਾਰੀ ਖਾ ਕੇ ਰੋਗੀ ਹੋ ਜਾਂਦੇ ਸੇ, ਜਾਂ ਸਿੱਧੀਆਂ ਵਿਚ ਫਸ ਨਾਟਕਾਂ ਚੇਟਕਾਂ ਵਿਚ ਰਹਿ ਜਾਂਦੇ ਸੇ ਤੇ ਕੋਈ ਇਸ ਤੋਂ ਅੱਗੇ ਲੰਘੇ ਬੀ ਤਾਂ ਮੰਨ ਲਓ ਕਿ ਉਹ ਮਾਯਾ ਤੋਂ ਛੁੱਟ ਕੇ ਸੁਤੰਤਰ ਪੁਰਖ ਬਣ ਜਾਵੇ ਤਾਂ 'ਪੁਰਖ ਵਿਸ਼ੇਸ਼' ਅਰਥਾਤ ਵਾਹਿਗੁਰੂ ਨਾਲ (ਜੋ ਕਦੇ ਬੀ ਮਾਯਾ ਵਿਚ ਨਹੀਂ ਆਯਾ) ਨਹੀਂ ਜੁੜ ਸਕਦੇ ਸਨ। ਤੀਸਰੇ ਇਕ ਭਗਤੀ ਮਾਰਗ ਵਾਲੇ ਟੂਰੇ; ਇਹ ਮੂਰਤੀ ਪੂਜਾ ਵਿਚ ਫਸ ਕੇ ਰਹਿ ਗਏ। ਫਿਰ ਇਨ੍ਹਾਂ ਵਿਚ ਰਾਸਾਂ, ਲੀਲ੍ਹਾ ਟੁਰ ਪਈਆਂ ਤੇ ਨਿਰੋਲ ਵਾਹਿਗੁਰੂ ਦੀ ਖੁੜ ਇਨ੍ਹਾਂ ਵਿਚ ਜਾਨ ਨਹੀਂ ਭਰਦੀ ਸੀ। ਰਸ, ਸੁਆਦ ਅਕਹਿ ਖੇੜਾ, ਅਰਥਾਤ ਆਪੇ ਦਾ ਸਾਈਂ ਵਿਚ ਮੇਲ ਤੇ ਉਸ ਦਾ ਜੀਂਵਦਾ ਅਸਰ ਪੈਦਾ ਨਹੀਂ ਸੀ ਹੁੰਦਾ, ਇਸ ਕਰਕੇ ਸ੍ਰੀ ਗੁਰੂ ਜੀ ਨੇ ਇਕ ਤਰੀਕਾ ਪੈਦਾ ਨਹੀਂ ਸੀ ਹੁੰਦਾ, ਇਸ ਕਰਕੇ ਸ੍ਰੀ ਗੁਰੂ ਜੀ ਨੇ ਇਕ ਤਰੀਕਾ ਐਸਾ ਸਿਖਾਇਆ ਕਿ ਜਿਸ ਨਾਲ ਠੀਕ ਤੀਰ ਨਿਸ਼ਾਨੇ ਤੇ ਬੈਠੇ, ਇਸ ਨੂੰ ਅਸੀਂ ਪ੍ਰੇਮਾ ਭਗਤੀ ਆਖਦੇ ਹਾਂ। ਇਹ ਇਕ ਨਵਾਂ ਬ੍ਰਿਛ ਹੈ, ਪਰ ਇਸ ਵਿਚ ਸਾਰੀ ਤਰ੍ਹਾਂ ਦੇ ਯੋਗਾਂ ਦੇ ਉੱਤਮ ਅੰਗ ਆਉਂਦੇ ਹਨ, ਮਾਨੋਂ ਇਕ ਬ੍ਰਿਛ ਨੂੰ ਜਾਨ ਪਾ ਕੇ ਹਰੀਆਂ ਭਰੀਆਂ ਸ਼ਾਖਾਂ ਲਾ ਕੇ ਸਤਿਗੁਰਾਂ ਨੇ ਫਲਦਾਰ ਤੇ ਫੁੱਲਦਾਰ ਕਰ ਦਿੱਤਾ ਹੈ।

ਬਸੰਤ ਕੌਰ - ਜ਼ਰਾ ਉਖੇਰੀ ਗੱਲ ਜਾਪਦੀ ਹੈ, ਕੁਛ ਸੌਖਾ ਕਰਕੇ ਸਮਝਾਓ ਨਾ ਜੀਓ, ਤਰੀਕਾ ਸਮਝਾਓ ਕਿੰਵ ਕੀਤਾ ਲੋੜੀਏ?

ਹਿੰਮਤ ਸਿੰਘ - ਸਾਰਿਆਂ ਤੋਂ ਉਚਾ ਤੇ ਸਭ ਗੁਣਾਂ ਤੋਂ ਪਰ੍ਹੇ ਤੇ ਪਰ੍ਹੇ ਤੋਂ ਬੀ ਪਰੇ ਪਰਮੇਸ਼ੁਰ ਹੈ। ਉਹ ਵਾਹਿਗੁਰੂ ਸਾਡਾ ਪਿਆਰਾ ਪਿਤਾ ਹੈ, ਸੋ ਉਸ ਨੂੰ ਸਦਾ ਮਿਹਰ ਕਰਨ ਵਾਲਾ, ਸਦਾ ਪ੍ਰੇਮ ਕਰਨ ਵਾਲਾ ਪਤਿਤ ਪਾਵਨ ਜਾਣ ਕੇ ਉਸ ਨਾਲ ਪਿਆਰ ਕਰਨਾ, ਇਹ ਆਪਣੇ ਜੀਵਨ ਦਾ ਲਾਹਾ - ਜੀਰਨ ਦਾ ਪਰੋਜਨ - ਸਮਝਣਾ, ਇਹ ਪਹਿਲਾ ਕਦਮ ਹੈ। ਜਦ ਇਹ ਪਰੋਜਨ ਸਮਝਿਆ, ਅਰਥਾਤ ਇਹ ਕਿ ਪਰਮੇਸ਼ੁਰ ਪਿਅਰ ਸਰੂਪ ਹੈ ਅਰ ਸਾਡਾ ਪ੍ਰੀਤਮ ਹੈ, ਤਦ ਪਿਆਰੇ ਦੇ ਪਿਅਰ ਦਾ ਪਹਿਲਾ ਸਰੂਪ ਇਹ ਹੈ ਕਿ ਉਹ ਹਰ ਵੇਲੇ ਪਾਸ ਰਹੇ। ਜੇ ਕਦੇ ਪਿਆਰਾ ਪਾਸ ਨਾ ਹੋਵੇ ਤਦ ਫੇਰ ਮਨ ਤੋਂ ਕਦੇ ਨਹੀਂ ਵਿਸਰਦਾ। ਅਰਥਾਤ ਜਦ ਕਿਸੇ ਮਨੁੱਖ ਦੇ ਅੰਦਰ ਕਿਸੇ ਦਾ ਪਿਆਰ ਹੋਵੇ ਤਾਂ ਉਸ ਦੇ ਦੋ ਸਰੂਪ ਹਨ - ੧. ਜੇ ਪਿਆਰਾ ਪਾਸ ਹੈ ਤਾਂ ਜੀ ਚਾਹੁੰਦਾ ਹੈ ਕਿ ਪਿਆਰਾ ਨਜ਼ਰੋਂ ਉਹਲੇ ਨਾ ਹੋਵੇ ਤੇ ੨. ਜੇ ਪਿਆਰਾ ਉਹਲੇ ਹੈ ਤਾਂ ਜੀ ਚਾਹੁੰਦਾ ਹੈ ਕਿ ਪਿਆਰਾ ਮਨੋਂ ਨਾ ਵਿਸਰੇ; ਸੋ ਪਤਾ ਲੱਗਾ ਕਿ ਵਿਛੋੜੇ ਵੇਲੇ ਯਾ ਵਿੱਥ ਵੇਲੇ ਪਿਆਰ ਦੀ ਪੱਕੀ ਨਿਸ਼ਾਨੀ 'ਯਾਦ' ਯਾ 'ਸਿਮਰਨ' ਹੈ। ਇਹ ਦੂਜੀ ਗੱਲ ਹੈ।

ਸੋ ਜਦ ਅਸੀਂ ਇਸ ਪਾਸੇ ਲੱਗੇ ਤਾਂ ਪਹਿਲੇ ਵਾਹਿਗੁਰੂ ਪਿਆਰੇ ਦੇ ਹੋਣ ਦਾ ਫੇਰ ਉਸ ਦੇ ਅੰਗ ਸੰਗ ਹੋਣ ਦਾ, ਫੇਰ ਸਾਨੂੰ ਪਿਆਰ ਕਰਨ ਵਾਲਾ ਹੋਣ ਦਾ ਚੇਤਾ ਰਹੇਗਾ, ਉਹ ਮਾਨੋ ਸਾਨੂੰ ਵਿਸਾਰੇਗਾ ਨਹੀਂ।

ਬਸੰਤ ਕੌਰ - ਪਰ ਅਸਾਂ ਉਸਨੂੰ ਡਿੱਠਾ ਨਹੀਂ ਨਾ ਹੋਇਆ।

ਹਿੰਮਤ ਸਿੰਘ - ਇਹੋ ਤਾਂ ਮੈਂ ਦੱਸਿਆ ਹੇ ਕਿ ਡਿਠਾ ਨਾ ਹੋਣ ਕਰਕੇ ਸਮਝ ਲਓ ਕਿ ਪਰਦੇਸ਼ ਹੈ, ਯਾ ਐਉਂ ਸਮਝ ਲਓ ਕਿ ਉਸਦਾ ਰੂਪ ਰੰਗ ਨਾ ਹੋਣ ਕਰਕੇ ਸਾਨੂੰ ਉਹ ਮਾਨੋਂ ਉਹਲੇ ਹੈ। ਉਵ ਤਾਂ ਨੇੜੇ ਹੈ ਪਰ ਦੀਹਦਾ ਨਹੀਂ, ਇਸ ਕਰਕੇ ਉਹ 'ਪਿਆਰਾ' ਮਾਨੋਂ ਪਰਦੇਸ਼ ਹੈ, ਅਰਥਾਤ ਅਸੀਂ ਪਿਆਰੇ ਤੋਂ ਵਿਛੁੜੇ ਹੋਏ ਹਾਂ। ਹੁਣ ਸੋਚ ਲਓ ਕਿ ਜੇ ਸਾਡੇ ਅੰਦਰ ਪਿਆਰ ਹੋਵੇ ਤਾਂ ਪਿਆਰਾ ਸਾਨੂੰ ਆਪਣੇ ਦਿਲੋਂ ਭੁੱਲੇਗਾ ਨਹੀਂ, ਇਸੇ ਗੱਲ ਨੂੰ ਉਲਟ ਦਿਓ ਕਿ ਜੇ ਅਸੀਂ ਉਸ ਨੂੰ ਭੁੱਲੀਏ ਨਾ ਤਾਂ ਉਹੀ ਯਾਦ ਮਾਨੋਂ 'ਪਿਆਰ' ਹੈ। ਤਾਂ ਤੇ ਯਾਦ ਵਿਚ ਰਹਿਣਾ - ਪ੍ਰਮੇਸ਼ਰ ਦੀ ਯਾਦ ਵਿਚ ਰਹਿਣਾ - ਉਸ ਨਾਲ ਪ੍ਰੇਮ ਕਰਨਾ ਹੈ ਕਿ ਉਹ ਹੈ, ਅੰਗ ਸੰਗ ਹੈ ਅਰ ਪਿਆਰ ਕਰਦਾ ਹੈ, ਐਉਂ ਉਸ ਨੂੰ ਯਾਦ ਰੱਖਣਾ ਚਿੱਤ ਵਿਚ ਪ੍ਰੇਮ ਨੂੰ ਵਸਾਉਣਾ ਹੈ।

ਬਸੰਤ ਕੌਰ - ਕਿਸੇ ਹੋਰ ਤਰ੍ਹਾਂ ਸਮਝਾਓ ਨਾ।

ਹਿੰਮਤ ਸਿੰਘ - ਜੇ ਸਾਡੇ ਘਰ 'ਧ੍ਰੇਕ' ਹੈ ਤਾਂ ਇਸਨੂੰ ਬੀਜ ਪਵੇਗਾ, ਧ੍ਰਿਕੋਨਾ। ਜੇ ਸਾਡੇ ਪਾਸ 'ਧ੍ਰਿਕੋਨਾ' ਹੈ ਇਹ ਬੀਜ ਦੇਈਏ ਤਾਂ 'ਧ੍ਰੇਕ' ਦਾ ਬੂਟਾ ਹੋ ਆਵੇਗਾ। ਇਸੇ ਤਰ੍ਹਾਂ ਜੇ ਪ੍ਰੇਮ ਸਾਡੇ ਅੰਦਰ ਲਗਾ ਹੋਇਆ ਹੈ ਤਾਂ ਉਸ ਦਾ ਸਰੂਪ ਕੀ ਹੈ? ਪ੍ਰੀਤਮ ਹਰਦਮ ਯਾਦ ਰਹਿੰਦਾ ਹੈ ਤੇ ਜੇ ਅਸੀਂ ਕਿਸੇ ਦੀ ਯਾਦ ਲਗਾਤਾਰ ਅੰਦਰ ਵਸਾ ਲਈਏ ਤਾਂ ਇਹ ਯਾਦ ਪ੍ਰੇਮ ਬਣ ਜਾਏਗੀ। ਇਸ ਕਰਕੇ ਗੁਰੂ ਜੀ ਨੇ ਫੁਰਮਾਇਆ ਹੈ -

ਗੁਰਾ ਇਕ ਦੇਹਿ ਬੁਝਾਈ ॥

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ ਅੰਗ - ੨

ਜੇ ਸਾਨੂੰ ਸਾਡਾ ਰੱਬ ਯਾਦ ਰਹਿਣ ਲੱਗ ਜਾਵੇ ਤਾਂ ਕਾਰਜ ਹੋ ਗਿਆ। ਜੇ ਯਾਦ ਨਾ ਰਹੇ ਤਾਂ ਫਿਰ ਉਸਦਾ ਨਾਮ ਜਪੀਦਾ ਹੈ। ਨਾਮ ਜਪਦਿਆਂ ਉਹ ਫਿਰ ਯਾਦ ਰਹਿਣ ਲਗ ਜਾਂਦਾ ਹੈ, ਯਾ ਇਉਂ ਕਹੋ ਕਿ ਮਨ ਵਿਚ ਵਸ ਜਾਂਦਾ ਹੈ। ਮਨ ਵਿਚ ਸਾਂਈਂ ਆਪਣੇ ਦੀ ਯਾਦ ਰੱਖਣਾ ਨਾਮ ਦਾ ਸਿਮਰਨ ਹੈ। ਸਿਮਰਨ ਕਰਦਿਆਂ ਉਸ ਨਾਲ ਜਾ ਮਿਲੀਦਾ ਹੈ, ਫੇਰ ਵਿੱਥ ਨਹੀਂ ਰਹਿੰਦੀ। ਇਸੇ ਸਾਰੀ ਗੱਲ ਬਾਤ ਨੂੰ 'ਨਾਮ' ਆਖੀਦਾ ਹੈ।

ਜੇ ਸਾਨੂੰ ਸਾਡਾ ਰੱਬ ਯਾਦ ਰਹਿਣ ਲੱਗ ਜਾਵੇ ਤਾਂ ਕਾਰਜ ਹੋ ਗਿਆ। ਜੇ ਯਾਦ ਨਾ ਰਹੇ ਤਾਂ ਫਿਰ ਉਸਦਾ ਨਾਮ ਜਪੀਦਾ ਹੈ। ਨਾਮ ਜਪਦਿਆਂ ਉਹ ਫਿਰ ਯਾਦ ਰਹਿਣ ਲੱਗ ਜਾਂਦਾ ਹੈ, ਯਾ ਇਉਂ ਕਹੋ ਕਿ ਮਨ ਵਿਚ ਵੱਸ ਜਾਂਦਾ ਹੈ। ਮਨ ਵਿਚ ਸਾਂਈ ਆਪਣੇ ਦੀ ਯਾਦ ਰੱਖਣਾ ਨਾਮ ਦਾ ਸਿਮਰਨ ਹੈ। ਸਿਮਰਨ ਕਰਦਿਆਂ ਉਸ ਨਾਲ ਜਾ ਮਿਲੀਦਾ ਹੈ, ਫੇਰ ਵਿੱਥ ਨਹੀਂ ਰਹਿੰਦੀ। ਇਸੇ ਸਾਰੀ ਗੱਲ ਬਾਤ ਨੂੰ 'ਨਾਮ' ਆਖੀਦਾ ਹੈ।

ਬਸੰਤ ਕੌਰ - ਪਰ ਜੀ, ਜੇ ਕੋਈ ਐਵੇਂ ਪਿਆ ਨਾਮ ਰਟੇ।

ਹਿੰਮਤ ਸਿੰਘ - ਭੋਲੀਏ! ਨਾਮ ਜਪਣਾ ਜੀਉਂਦੇ ਜਾਗਦੇ ਬੰਦੇ ਨੇ ਹੈ, ਕਿਸੇ ਨਿਰਜਿੰਦ ਕੋਲੂ ਚਰਖੇ ਨੇ ਤਾਂ ਨਹੀਂ ਨਾ ਜਪਣਾ। ਜੋ ਕੰਮ ਜਿੰਦ ਵਾਲਾ ਕਰੇਗਾ ਮਨ ਤੇ ਅਸਰ ਪਏਗਾ। ਜਦ ਕਿ ਅਸਾਂ ਇਹ ਸਮਝ ਕੇ ਨਾਮ ਜਪਣਾ ਹੈ ਕਿ ਇਹ ਸਿਮਰਨ ਬਣ ਜਾਵੇ ਤੇ ਸਿਮਰਨ ਪ੍ਰੇਮ ਬਣ ਜਾਵੇ ਤਾਂ ਸਾਡੀ ਨਿਯਤ ਮਨੋਰਥ ਨੂੰ ਪਾਵੇਗੀ। ਹਾਂ ਜੋ ਪਾਖੰਡ ਲਈ ਕਰਦੀ ਹੈ ਉਹ ਵੱਖਰੀ ਗੱਲ ਹੈ।

ਬਸੰਤ ਕੌਰ - ਉਈ! ਕੀਕੂੰ ਮੈਂ ਭੁਲੇਵਿਆਂ ਵਿਚ ਪੈ ਜਾਂਦੀ ਹਾਂ ਭਲਾ ਜੀ ਰੱਬ ਜੀ ਨਾਲ ਪਿਆਰ ਕਿਉਂ ਨਹੀਂ ਪੈਂਦਾ?

ਹਿੰਮਤ ਸਿੰਘ - ਇਕ ਨੁਕਤਾ ਹੋਰ ਬੀ ਹੈ, ਲੋਕਾਂ ਨੂੰ ਵਾਹਿਗੁਰੂ ਨੂੰ ਭੈ ਦਾਤਾ, ਨਾ ਬਖਸ਼ਣ ਵਾਲਾ ਤੇ ਕਰੜਾ ਹਾਕਮ ਜਾਣ ਰੱਖਿਆ ਹੈ, ਇਸੇ ਕਰਕੇ ਉਸ ਨਾਲ ਪਿਆਰ ਨਹੀਂ ਪੈਂਦਾ ਹੁੰਦਾ। ਗੁਰੂ ਜੀ ਨੇ ਉਸਨੂੰ ਨਿਰਭਉ, ਨਿਰਵੈਰ, ਬਖ਼ਸ਼ਿੰਦ ਪਿਤਾ, ਭਰਾਤਾ, ਸਖਾ, ਮਿਤ੍ਰ ਵਾਗੂੰ ਸਦਾ ਪਿਆਰ ਕਰਨ ਵਾਲਾ ਤੇ ਪਤਿਤ ਪਾਵਨ ਦੱਸਿਆ ਹੈ। ਇਸ ਤਰ੍ਹਾਂ ਪਰਮੇਸ਼ੁਰ ਨੂੰ 'ਆਪੇ ਪ੍ਰੀਤਿ ਪ੍ਰੇਮ ਪਰਮੇਸ਼ੁਰ' ਸਮਝਿਆ ਪਰਮੇਸ਼ੁਰ ਨਾਲ ਪਿਆਰ ਪੈਣ ਵਿਚ ਸੌਖ ਹੋ ਜਾਂਦਾ ਹੈ ਤੇ ਸਾਡਾ ਝੱਕ ਖੁਲ੍ਹ ਜਾਂਦਾ ਹੈ, ਅਸੀਂ ਪਿਆਰ ਨਾਲ ਸਰੂਪ ਤੋਂ ਝੱਕ, ਡਰ, ਸੰਗ ਨਾਲ ਜੋ ਦੂਰ ਰਹਿੰਦੇ ਹਾਂ ਉਸਨੂੰ ਨੇੜੇ ਹੋ ਕੇ ਪਿਆਰ ਕਰਨ ਲੱਗ ਪੈਂਦੇ ਹਾਂ ਅਰ ਇਸ 'ਭੈ' ਕਰਕੇ ਕਿ ਉਹ ਕਰੜਾ ਹਾਕਮ ਹੈ, ਉਸ ਦੇ ਪ੍ਰੇਮ ਤੋਂ ਵਾਂਜੇ ਨਹੀਂ ਰਹਿ ਜਾਂਦੇ।

ਬਸੰਤ ਕੌਰ - ਸਾਨੂੰ ਵਾਹਿਗੁਰੂ ਸਾਈਂ ਤੋਂ ਝੱਕ ਕੇਹਾ ਹੈ? ਮੈਂ ਨਹੀਂ ਸਮਝੀ?

ਹਿੰਮਤ ਸਿੰਘ - ਉਹ ਇਹ ਗੱਲ ਹੈ ਕਿ ਪਰਮੇਸ਼ੁਰ ਨੂੰ ਅਸੀਂ ਭੈ ਦਾਤਾ, ਡਰਾਵਣਾ, ਬਦਲੇ ਲੈਣ ਵਾਲਾ ਜੇ ਸਮਝ ਬਹੀਏ ਤੇ ਆਪਣੇ ਔਗੁਣਾਂ ਨੂੰ ਅਸੀਂ ਜਾਣਦੇ ਹੀ ਹਾਂ, ਸੋ ਅੰਦਰ ਝੱਕ ਬਹਿ ਜਾਂਦਾ ਹੈ। ਸ਼ਰਮ ਆਉਂਦੀ ਹੈ ਉਸ ਅੱਗੇ ਅਰਦਾਸ ਕਰਦਿਆਂ, ਉਸ ਦਾ ਨਾਲ ਜਪਦਿਆਂ ਤੇ ਇਹ ਸਮਝਦਿਆਂ ਕਿ ਉਹ ਪਿਆਰ ਕਰੇਗਾ। ਮੰਨ ਲਓ ਕਿ ਸ਼ੇਰਨੀ ਨੂੰ ਮਨੁੱਖਾਂ ਵਾਲੀ ਸਮਝ ਮਿਲ ਜਾਵੇ। ਉਸਦਾ ਬੱਚਾ ਬੀਮਾਰ ਹੋ ਜਾਵੇ। ਦਾਰੂਆਂ ਨਾਲ ਵੱਲ ਨਾ ਨਾ ਹੋਵੇ। ਉਸ ਨੂੰ ਕੋਈ ਆਖੇ ਕਿ ਪਰਮੇਸ਼ੁਰ ਅੱਗੇ ਅਰਦਾਸ ਕਰ ਤਾਂ ਉਸਨੂੰ ਝੱਕ ਆਵੇਗਾ। ਪੁੱਛੋ ਤਾਂ ਕਹੇਗੀ ਕਿ ਮੈਂ ਪ੍ਰਮੇਸ਼ਰ ਦੇ ਅਨੇਕਾਂ ਜੀਵ ਘਾਤ ਕੀਤੇ ਹਨ, ਉਹ ਦੰਡ ਦਾਤਾ ਹੈ, ਕਰੜਾ ਨਿਆਇਕਾਰੀ ਹੈ, ਕੀਤੇ ਕਰਮਾਂ ਦੇ ਬਦਲੇ ਪੀਹੜੀਆਂ ਤਕ ਲੈਂਦਾ ਹੈ, ਮੈਂ ਕਿਸ ਮੂੰਹ ਉਸ ਅੱਗੇ ਅਰਦਾਸ ਕਰਾਂ। ਇਹ ਝੱਕ ਹੈ ਤੇ ਜੇ ਸਾਨੂੰ ਸੁਮੱਤ ਹੋਵੇ ਕਿ ਪਰਮੇਸ਼ੁਰ ਇਕ ਵਿਆਪਕ ਹੈ ਤੇ ਚੇਤਨ ਸ਼ਕਤੀ ਹੈ ਤੇ ਉਹ ਸੁਧੀ ਨੇਕੀ ਹੈ ਤੇ ਉਹ ਪਿਆਰ ਹੈ, ਸਾਨੂੰ ਸਾਡੇ ਕਰਮ ਮਾਰਦੇ ਹਨ, ਉਸ ਦੇ ਨੇੜੇ ਗਿਆਂ ਸਾਨੂੰ ਉਸ ਦੀ ਠੰਡ, ਪਿਆਰ ਦੀ ਛਾਂ ਮਿਲਦੀ ਹੈ ਤੇ ਆਪਣੇ ਕਰਮਾਂ ਦੇ ਸਾੜ ਠਰਦੇ ਹਨ, ਤਦ ਸਾਨੂੰ ਅਰਦਾਸ ਕਰਦਿਆਂ, ਨਾਮ ਜਪਦਿਆਂ, ਗੁਣ ਗਾਉਂਦਿਆਂ, ਸ਼ੁਕਰ ਕਰਦਿਆਂ ਝੱਕ ਨਹੀਂ ਆਵੇਗਾ। ਸਮਝੇ ਹੋ?

ਬਸੰਤ ਕੌਰ - ਜੀ ਹਾਂ! ਸੁਆਦ ਆ ਗਿਆ ਹੈ।

ਹਿੰਮਤ ਸਿੰਘ - ਸੋ ਜਦੋਂ ਅਸੀਂ ਉਸ ਨੂੰ ਪਿਆਰ ਦਾ ਸੋਮਾ ਸਮਝ ਲਿਆ ਤਾਂ ਪਹਿਲਾ ਕਦਮ ਇਹ ਸਿਰੇ ਚੜ੍ਹ ਗਿਆ ਕਿ ਜਨਮ ਜਨਮ ਦੇ ਵਿਛੁੜੇ ਨੂੰ ਪਰਮੇਸ਼ੁਰ ਦੇ 'ਸਦ-ਬਖਸ਼ਿੰਦ' ਤੇ 'ਸੁਧਾ-ਪਿਆਰ' ਹੋਣ ਦੀ ਢਾਰਸ ਹੋ ਗਈ। ਜਦ ਸਭ ਤੋਂ ਪਿਆਰੀ ਚੀਜ਼ ਪਿਆਰੀ ਲੱਗੀ ਤਦ ਚਿੱਤ ਦੀ ਰੁਚੀ ਉਸ ਦੇ ਚਰਨਾਂ ਵੱਲ ਰੁਖ ਕਰ ਗਈ ਤੇ ਉਸ ਨਾਲ ਅੱਠ ਪਹਿਰੀ ਲਗਾਉ ਅੰਦਰਲੇ ਦਾ ਹੋ ਗਿਆ। ਇਉਂ ਸਮਝੋ ਕਿ ਜਦੋਂ ਸਾਡਾ ਅੰਦਰਲਾ - ਸਾਡਾ ਆਪਾ-ਸਾਂਈਂ ਦੀ ਯਾਦ (ਪਿਆਰ) ਦੇ ਲਗਾਉ ਵਿਚ ਰਹਿਣ ਲੱਗ ਪਿਆ ਤਾਂ ਪਰਮੇਸ਼ੁਰ ਜੀ ਨਾਲ ਜਾ ਲੱਗਾ। ਫਿਰ ਪਰਮੇਸ਼ੁਰ ਜੀ ਦੀ ਸੁਖ ਭਰੀ ਰੌ ਸਾਡੇ ਵਿਚ ਆਉਣ ਲੱਗ ਪਈ। ਅਰਥਾਤ ਸਾਡੇ ਪਿਆਰ ਉਪਰ ਉਸ ਦਾ ਪਿਆਰ ਢੁਰ ਪਿਆ। ਗੁਰੂ ਜੀ ਦੇ ਪ੍ਰੇਮ-ਦਰਸ਼ਨ ਦਾ ਇਹ ਸੂਤਰ ਸੁਣੋਂ ਤੇ ਸਮਝੋ -

ਏ ਮਨ ਮੇਰਿਆ ਤੂ ਸਦਾ ਰਹੁ ਹਰਿ ਨਾਲੇ ॥
ਹਰਿ ਨਾਲਿ ਰਹੁ ਤੂ ਮੰਨ ਮੇਰੇ ਦੂਖ ਸਭਿ ਵਿਸਾਰਣਾ ॥
ਅੰਗੀਕਾਰੁ ਓਹੁ ਕਰੇ ਤੇਰਾ ਕਾਰਜ ਸਭਿ ਸਵਾਰਣਾ ॥
ਸਭਨਾ ਗਲਾ ਸਮਰਥੁ ਸੁਆਮੀ ਸੋ ਕਿਉ ਮਨਹੁ ਵਿਸਾਰੇ ॥
ਕਹੈ ਨਾਨਕੁ ਮੰਨ ਮੇਰੇ ਸਦਾ ਰਹੁ ਹਰਿ ਨਾਲੇ ॥
ਅੰਗ - ੯੧੭

ਅਰਥਾਤ - ਹੇ ਮੇਰੇ ਮਨ! ਤੂੰ ਸਦਾ ਪਰਮੇਸ਼ੁਰ ਜੀ ਦੇ ਨਾਲ ਰਹੁ। ਨਾਲ ਰਹੀਦਾ ਹੈ 'ਯਾਦ' ਨਾਲ। ਜਿਵੇਂ ਮੈਂ ਹੁਣ ਦੱਸ ਚੁੱਕਾ ਹਾਂ ਕਿ 'ਯਾਦ' ਨਾਲ ਸੁਰਤ ਭੈ ਤੇ ਭਰਮ ਦੇ ਖੂਹ ਵਿਚੋਂ ਨਿਕਲ ਕੇ, ਸਿਦਕ, ਭਰੋਸੇ ਦੇ ਖੰਭਾਂ ਨਾਲ ਉਡ ਕੇ ਚੜ੍ਹਦੀ ਕਲਾ ਦੇ ਵੇਗ ਨਾਲ ਪ੍ਰੇਮ ਅਟਾਰੀ ਤੇ ਜਾ ਚੜ੍ਹਦੀ ਹੈ ਤੇ ਜੀਵਨ ਦਾ ਰਸ ਆ ਜਾਂਦਾ ਹੈ।

(ਬਾਕੀ ਪੰਨਾ 63 ਤੇ)

ਮਾਰਗ ਚੋਣ
(Choosing A Path)

ਡਾ. ਸਵਾਮੀ ਰਾਮ ਜੀ
ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ

ਤੰਤਰ ਫਿਲੋਸਫੀ ਦੀਆਂ ਤਿੰਨ ਸੰਪਰਦਾਇ

ਤੰਤਰ ਫਿਲੌਸਫੀ ਦੇ ਤਿੰਨ ਪ੍ਰਮੁੱਖ ਤਰੀਕੇ ਕੁੰਡਲਨੀ ਜਾਗਰਣ ਲਈ ਦਿਤੇ ਗਏ ਹਨ। ਇਹ ਤਿੰਨ ਪ੍ਰਮੁੱਖ ਸੰਪਰਦਾਇ ਹਨ - ਕੌਲਾ (Kaula) ਮਿਸਰਾ ਸਮਾਇਆ (Samaya) ਇਨ੍ਹਾਂ ਤਿੰਨਾਂ ਸੰਪਰਦਾਇ ਦਾ ਉਦੇਸ਼ ਜਗਿਆਸੂ ਨੂੰ ਸੰਸਾਰ ਅੰਦਰ ਸਫਲ ਬਣਾਉਣਾ ਨਾਲ ਹੀ ਜੀਵਨ ਲਕਸ਼ ਦੀ ਪ੍ਰਾਪਤੀ ਹੈ। ਜਗਿਆਸੂ ਨੂੰ ਪ੍ਰਮਾਤਮਾ ਨਾਲ ਮਿਲਾ ਕੇ ਗਿਆਨ-ਪ੍ਰਕਾਸ਼ ਦੇਣਾ। ਇਹ ਤਿੰਨੇ ਤੰਤਰ ਸੰਪਰਦਾਇ ਕੁੰਡਲਨੀ ਜਾਗਰਣ ਦੇ ਵੱਖ-ਵੱਖ ਤਰੀਕੇ ਵੱਖ-ਵੱਖ ਮਾਰਗ ਦਸਦੇ ਹਨ। ਕਿਵੇਂ ਮੌਲਿਕ ਸ਼ਕਤੀ ਨੂੰ ਮੁਖ ਸ਼ਕਤੀ ਨੂੰ ਜਾਗਰਣ ਕਰਕੇ ਸ਼ਿਵ ਸਥਾਨ ਤਕ ਪਹੁੰਚਾਇਆ ਜਾਏ।

ਕੌਲਾ ਸੰਪਰਦਾਇ

ਤੰਤਰ ਫਿਲੌਸਫੀ ਅਨੁਸਾਰ ਜਗਿਆਸੂਆਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾ ਸਕਦਾ ਹੈ{ ਤੰਤਰ ਦੇ ਤਿੰਨੋਂ ਮਾਰਗ ਇਨ੍ਹਾਂ ਤਿੰਨੋਂ ਵੱਖ-ਵੱਖ ਵਰਗਾਂ ਦੇ ਜਗਿਆਸੂਆਂ ਲਈ ਹਨ। ਜਗਿਆਸੂਆਂ ਦੀ ਪਹਿਲੀ ਸ਼੍ਰੇਣੀ ਉਹ ਹੈ ਜਿਹੜੇ ਬਹੁਤ ਬੁੱਧੀਮਾਨ ਨਹੀਂ ਹਨ ਨਾ ਹੀ ਬਹੁਤ ਸਚੇਤਨਤਾ ਰਖਦੇ ਹਨ। ਇਨ੍ਹਾਂ ਜਗਿਆਸੂਆਂ ਲਈ ਕੌਲਾ ਮਾਰਗ ਪ੍ਰੈਕਟੀਕਲ ਗੱਲਾਂ ਦਸਦਾ ਹੈ ਜਿਹੜੀਆਂ ਇੰਦ੍ਰੀਆਂ ਰਾਹੀਂ ਅਨੁਭਵ ਕੀਤੀਆਂ ਜਾ ਸਕਦੀਆਂ ਹਨ। ਇਸ ਮਾਰਗ ਤੇ ਸ਼ਿਵ ਤੇ ਸ਼ਕਤੀ ਦੇ ਪ੍ਰਤੀਕ ਇਸਤ੍ਰੀ ਤੇ ਮਰਦ ਹਨ। ਇਹ ਮਾਰਗ ਇਹ ਗੱਲ ਸਪਸ਼ਟ ਕਰਦਾ ਹੈ ਕਿ ਕਾਮ ਦੀ ਵਰਤੋਂ ਅਣਜਾਣੇ ਵਿਚ ਕੀਤੀ ਗਈ ਜਾਂ ਉਸਨੂੰ ਦਬਾਇਆ ਗਿਆ ਜਾਂ ਨਿਰੁਧ ਕੀਤਾ ਗਿਆ, ਇਸ ਨਾਲ ਜਗਿਆਸੂ ਨੂੰ ਬਹੁਤ ਗੰਭੀਰ ਪ੍ਰਕਾਰ ਦੇ ਮਨੋਵਿਗਿਆਨਕ ਰੋਗਾਂ ਦਾ ਸਾਮ੍ਹਣਾ ਕਰਨਾ ਪੈ ਸਕਦਾ ਹੈ। ਇਸ ਤੱਥ ਨੂੰ ਮੁੱਖ ਰਖਦਿਆ ਇਸ ਮੱਤ ਦੇ ਮੁਖੀ ਕਾਮ ਸ਼ਕਤੀ ਨੂੰ ਦਿਸ਼ਾ ਦੇ ਕੇ ਉਸਨੂੰ ਅਧਿਆਤਮਕ ਮਾਰਗ ਦੇ ਲਿਆਉਣ ਦਾ ਰਾਹ ਦਸਦੇ ਹਨ। ਜਿਹੜੇ ਉਸ ਵਿਸ਼ੇ ਨੂੰ ਨਹੀਂ ਜਾਣਦੇ ਉਹ ਸ਼ਿਵ ਸ਼ਕਤੀ ਦੇ ਸਿਧਾਂਤ ਨੂੰ ਗਲਤ ਸਮਝ ਬੈਠਦੇ ਹਨ, ਸਾਰੀ ਪੂਜਾ ਅਰਚਾ ਦਾ ਗਲਤ ਅਰਥ ਲੈ ਲੈਂਦੇ ਹਨ।

ਤੰਤਰ ਦੀ ਕੌਲਾ ਸੰਪਰਦਾਇ ਵਿਚ ਬਾਹਰੀ ਪੂਜਾ ਕੀਤੀ ਜਾਂਦੀ ਹੈ ਜਿਸ ਨੂੰ ਬਹਾਏ ਯੱਗ ਕਹਿੰਦੇ ਹਨ ਇਸ ਲਈ ਇਸਤ੍ਰੀ ਪੁਰਸ਼ ਦੇ ਸਿਧਾਂਤ ਵਰਤੇ ਜਾਂਦੇ ਹਨ, ਇਸ ਤਰ੍ਹਾਂ ਕਰਕੇ ਮਨੁੱਖ ਦੀ ਚੇਤਨ ਨੂੰ ਸਰੀਰਕ ਪੱਧਰ ਤੋਂ ਉਪਰ ਲੈ ਜਾ ਕੇ ਇਲਾਹੀ ਪੱਧਰ ਤੇ ਭਾਵ ਪਵਿੱਤਰ ਚੇਤਨਾ ਤਕ ਪਹੁੰਚਾਇਆ ਜਾਂਦਾ ਹੈ, ਪੱਛਮੀ ਜਗਿਅਸੂ ਇਸਨੂੰ ਗਲਤ ਸਮਝ ਲੈਂਦੇ ਹਨ। ਜਦੋਂ ਕਿ ਇਸ ਦਾ ਭਾਵ ਕੇਵਲ ਇਲਾਹੀ ਹੀ ਹੈ। ਤਾਂਤਰ ਦੇ ਅਭਿਆਸ ਲਈ ਇਸਤ੍ਰੀ ਪੁਰਖ ਦੇ ਸਿਧਾਂਤ ਭਾਵ ਤੱਤ ਵਾਸਤਵ ਵਿਚ ਸਾਕਾਰ ਰੂਪ ਵਿਚ ਸ਼ਿਵ ਤੇ ਸ਼ਕਤੀ ਭਾਵ ਇਸਤ੍ਰੀ ਸ਼ਕਤੀ ਪੁਰਖ ਸ਼ਕਤੀ ਲਈ ਵਰਤੇ ਜਾਂਦੇ ਹਨ ਇਹ ਕੇਵਲ ਕਾਮ ਚਿੰਨ੍ਹ ਨਹੀਂ ਹਨ, ਲਿੰਗ-ਚਿੰਨ ਨਹੀਂ ਹਨ।

ਕੌਲਾ ਪ੍ਰਣਾਲੀ ਦਾ ਇਹ ਵਿਸ਼ਵਾਸ਼ ਹੈ ਮਨੁੱਖ ਦੀ ਸਾਰੀ ਪ੍ਰੇਰਨਾ ਦਾ ਮੂਲ ਸ੍ਰੋਤ ਕੇਵਲ ਕਾਮ ਹੈ। ਕਾਮ ਤੋਂ ਸੰਵੇਗ ਜਨਮ ਲੈਂਦੇ ਹਨ, ਕਾਮ ਤੋਂ ਵਿਚਾਰ ਪੈਦਾ ਹੁੰਦੇ ਹਨ। ਜੇਕਰ ਇਸ ਸ੍ਰੋਤ ਨੂੰ ਚੰਗੀ ਤਰ੍ਹਾਂ ਨਾ ਸਮਝਿਆ ਜਾਵੇ, ਸੁਚੱਜੀ ਤਰ੍ਹਾਂ ਨਾਲ ਕਾਬੂ ਨਾ ਕੀਤਾ ਜਾਵੇ ਤਾਂ ਸਾਰੀ ਸ਼ਕਤੀ ਖ੍ਰੈ ਹੋ ਜਾਂਦੀ ਹੈ ਕਿਸੇ ਰਚਨਾਤਮਕ ਅਰਥ ਲਗਣ ਦੀ ਥਾਂ ਕੇਵਲ ਕਾਮ ਸ਼ਕਤੀ ਹੀ ਬਣ ਕੇ ਰਹਿ ਜਾਂਦੀ ਹੈ। ਕਾਮ ਬਹੁਤ ਸ਼ਕਤੀਸ਼ਾਲ ਤੇ ਮੂਲ ਸ਼ਕਤੀ ਹੈ ਜਿਹੜੀ ਹਰ ਜੀਵ ਦੇ ਅੰਦਰ ਹੈ, ਇਤਿਹਾਸ ਇਸ ਗੱਲ ਦਾ ਸਾਕਸ਼ੀ ਹੈ ਕਿ ਬਹੁਤ ਸਾਰੇ ਜੁਰਮ, ਕਤਲ ਇਨ੍ਹਾਂ ਸਭ ਦਾ ਕਾਰਣ ਸ਼ਕਤੀ ਨਾਲ ਪ੍ਰੇਰਣਾ ਕਰਕੇ ਹੀ ਹੋਇਆ ਹੈ। ਕੌਲਾ ਸਕੂਲ ਇਸ ਮੂਲ ਪ੍ਰਵਿਰਤੀ ਦਾ ਵਿਸ਼ਲੇਯਨ ਕਰਕੇ, ਇਸਨੂੰ ਚੰਗੀ ਤਰ੍ਹਾਂ ਨਾਲ ਸਮਝ ਕੇ ਜਾਣ ਕੇ, ਅਧਿਆਤਮਕ ਪਾਸੇ ਮੋੜਦਾ ਹੈ। ਕੌਲਾ ਸੰਪਰਦਾਇ ਦਾ ਵਿਸ਼ਵਾਸ਼ ਹੈ ਜਿਹੜੀ ਸ਼ਕਤੀ ਵਿਆਕੁਲ ਕਰਦੀ ਹੈ, ਹੈਰਾਨ ਕਰਦੀ ਹੈ ਉਸ ਸ਼ਕਤੀ ਨੂੰ ਸੋਧ ਕੇ ਸੁਤੰਤਰਤਾ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ।

ਕੋਲਾ ਪਰੰਪਰਾ ਵਿਚ ਬ੍ਰਹਮਚਰੀਆ ਨੂੰ ਵੀ ਪੂਰੀ-ਪੂਰੀ ਮਹੱਤਤਾ ਦਿਤੀ ਗਈ ਹੈ ਬ੍ਰਹਮ ਦਾ ਅਰਥ ਹੈ ਸ਼ਕਤੀ, ਚਾਰੀਆ ਦਾ ਅਰਥ ਹੈ ਦਿਸ਼ਾ ਦੇਣੀ। ਇਹ ਸੰਪਰਦਾ ਨੇ ਕਾਮ ਨੂੰ ਪੂਰੀ ਤਰ੍ਹਾਂ ਨਾਲ ਜਾਣਿਆ ਹੈ, ਸਮਝਿਆ ਹੈ ਇਸਨੂੰ ਅਧਿਆਤਮਕ ਪਾਸੇ ਲਗਾਇਆ ਹੈ। ਕਾਮ ਦੀ ਗੱਲ ਕਰਨੀ ਬਹੁਤ ਸਾਰੀਆਂ ਸੰਪਰਦਾ ਵਿਚ ਠੀਕ ਨਹੀਂ ਸਮਝੀ ਜਾਂਦੀ ਪਰ ਕੌਲਾ ਸੰਪਰਦਾ ਦੇ ਕਈ ਗ੍ਰੰਥ ਹਨ ਜਿਹੜੇ ਕਾਮ ਬਾਰੇ ਲਿਖੇ ਗਏ ਹਨ ਇਨ੍ਹਾਂ ਸਾਸ਼ਤਰਾਂ ਵਿਚ ਕਰਮਕਾਂਡ ਨਹੀਂ ਦੱਸੇ ਗਏ। Prayoga Shastra ਫਿਲੌਸਫੀ ਦੇ ਗ੍ਰੰਥ ਤੋਂ ਵੱਖ ਹਨ, ਕੋਈ ਸਮਰੱਥ ਪੁਰਖ ਹੀ ਇਸ ਦੀ ਵਿਆਖਿਆ ਤਰਕ ਦੇ ਕੇ ਕਰ ਸਕਦਾ ਹੈ, ਇਨ੍ਹਾਂ ਅਭਿਆਸਾਂ ਨੂੰ ਦਸ ਸਕਦਾ ਹੈ। ਇਸ ਪਰੰਪਰਾ ਅਨੁਸਾਰ ਇਸ ਦਾ ਅਭਿਆਸ, ਸੋਚਣੀ, ਕਥਨੀ, ਕਰਨੀ ਵਿਚ ਹੋਣਾ ਚਾਹੀਦਾ ਹੈ। ਕਾਮ ਪੂਰਤੀ ਇੱਕ ਪੂਜਾ ਦੇ ਰੂਪ ਵਿਚ ਸਿੱਧੀ ਪ੍ਰਾਪਤ ਕਰਨ ਲਈ ਵੀ ਹੋਣੀ ਚਾਹੀਦੀ ਹੈ।

ਤਾਂਤਰ ਦੀਆਂ ਸਾਰੀਆਂ ਸੰਪਰਦਾਇ ਹੀ bhutasuddi ਭਾਵ ਮਨ, ਸਰੀਰ ਦੀ ਸ਼ੁੱਧੀ ਲਈ ਪ੍ਰੇਰਦੇ ਹਨ, ਸੰਸਕਾਰਾਂ ਦੀ ਸ਼ੁੱਧੀ ਤੇ ਜ਼ੋਰ ਪਾਉਂਦੇ ਹਨ। ਜਦੋਂ ਇਹ ਚੰਗੀ ਤਰ੍ਹਾਂ ਨਾਲ ਸ਼ੁੱਧੀ ਹੋ ਜਾਂਦੀ ਹੈ ਉਸ ਤੋਂ ਬਾਅਦ ਹੀ ਕੁੰਡਲਨੀ ਜਾਗਰਣ ਲਈ ਕਰਮਕਾਂਡ ਕੀਤਾ ਜਾਂਦਾ ਹੈ। ਭਾਵ ਉਸ ਸ਼ਕਤੀ ਨੂੰ ਜਿਹੜੀ ਸੁੱਤੀ ਪਈ ਹੈ। ਇਕ ਵਿਧੀ ਨੂੰ panchamkara ਕਹਿੰਦੇ ਹਨ, ਦੂਸਰੇ ਨੂੰ ashtamakara ਕਹਿੰਦੇ ਹਨ। ਦੂਸਰਾ ਤਰੀਕਾ ਵਧੇਰੇ ਕਰਕੇ ਕੇਵਲ ਆਸਾਮ ਦੇ ਪਹਾੜਾਂ ਵਿਚ ਹੀ ਲੋਕ ਅਭਿਆਸ ਕਰਦੇ ਹਨ। ਕੌਲਾ ਸੰਪਰਦਾ ਦੇ ਅਭਿਆਸ ਅੰਦਰ ਪੰਜ ਮੂਲ ਵਸਤਾਂ ਹਨ, madya, mansa, mona, mudra, and maithuna ਭਾਵ ਸ਼ਰਾਬ, ਮੀਟ, ਮੱਛੀ, ਖਾਸ ਆਸਣ ਤੇ ਕਾਮ। ਸ਼ਰਾਬ ਜਿਹੜੀ ਜੰਗਲ ਦੀਆਂ ਜੜ੍ਹੀਆਂ ਬੂਟੀਆਂ ਨਾਲ ਤਿਆਰ ਕੀਤੀ ਗਈ ਹੋਵੇ, ਜੜ੍ਹੀਆਂ-ਬੂਟੀਆਂ ਖਾਸ ਤਰੀਕੇ ਨਾਲ ਇਕੱਠੀਆਂ ਕੀਤੀਆਂ ਗਈਆਂ ਹੋਣੀਆਂ ਤਾਂ ਜੋ ਮਨ ਖੇਰੂੰ ਨਾ ਹੋਵੇ। ਇਸ ਦਾ ਸੇਵਨ ਕਰਕੇ ਆਪਣੀ ਚੇਤਨਾ ਨੂੰ ਖਤਮ ਕਰਨਾ ਨਹੀਂ ਹੈ। ਮੀਟ ਦੀ ਵਰਤੋਂ ਦਾ ਸਿਧਾਂਤ ਹੈ 'iivo iivasya

bhaksanam' ਭਾਵ ਇਕ ਜੀਵ ਦੂਸਰੇ ਦਾ ਖਾਣਾ ਹੈ। ਮੱਛੀ ਦੀ ਵਰਤੋਂ ਮਹੱਤਵਪੂਰਕ ਹੈ। ਮੱਛੀ ਸਭ ਤੋਂ ਸਾਫ ਸੁਥਰਾ ਮੀਟ ਹੈ, ਮੱਛੀ ਸਾਫ ਸੁਥਰੇ ਪਾਣੀ ਵਿਚੋਂ ਹੀ ਪ੍ਰਾਪਤ ਹੁੰਦੀ ਹੈ।

ਸਰੀਰ ਦੀ ਆਪਣੀ ਇਕ ਬੋਲੀ ਹੁੰਦੀ ਹੈ ਜਦੋਂ ਤੁਸੀਂ ਕੁਝ ਸੋਚਦੇ ਹੋ, ਤੁਹਾਡਾ ਸਰੀਰ ਉਸ ਦੇ ਅਨੁਸਾਰ ਹੀ ਆਪਣੇ ਆਪ ਨੂੰ ਹਿਲਾ ਜੁਲਾ ਰਿਹਾ ਹੁੰਦਾ ਹੈ। ਸਰੀਰ ਦੀਆਂ ਇਹ ਸੰਕੇਤ ਇਹ ਹਿਲਜੁਲ ਬਿਲਕੁਲ ਅਚੇਤ ਮਨ ਤੇ ਹੁੰਦੀ ਹੈ। ਚੇਤਨ ਮਨ ਨੂੰ ਤਾਂ ਇਸ ਦਾ ਪਤਾ ਹੀ ਨਹੀਂ ਹੁੰਦਾ। ਕੌਲਾ ਪਰੰਪਰਾ ਜਾਂ ਤਾਂਤਰ ਵਿਧੀ ਸਰੀਰਕ ਬੋਲੀ ਨੂੰ ਚੰਗੀ ਤਰ੍ਹਾਂ ਨਾਲ ਜਾਨਣ ਦੀ ਸਮਝਣਾ ਚਾਹੁੰਦਾ ਹੈ, ਕਈ ਮੁਦਰਾ ਇਸ ਵਿਚ ਹੁੰਦੀਆਂ ਉਨ੍ਹਾਂ ਨੂੰ ਜਾਣਦਾ ਹੈ, ਇਨ੍ਹਾਂ ਮੁਦਰਾ ਨੂੰ ਵਿਸ਼ੇਸ਼ ਚਿੰਨ੍ਹ ਦੇ ਰੂਪ ਵਿਚ ਦੇਖਿਆ ਜਾਂਦਾ ਹੈ। ਸਰੀਰ ਨੂੰ ਪੂਰੀ ਤਰ੍ਹਾਂ ਨਾਲ ਚੰਗੀ ਤਰ੍ਹਾਂ ਨਾਲ ਤਿਆਰ ਕੀਤਾ ਜਾਂਦਾ ਹੈ ਤਾਂ ਜੋ ਉਹ ਪੂਰੀ ਤਰ੍ਹਾਂ ਨਾਲ ਸੁਅਤਥ ਹੋਵੇ ਤਾਂ ਜੋ ਉਹ ਕਰਮਕਾਂਡ ਕਰ ਸਕੇ। ਕਿਸੇ ਤਰ੍ਹਾਂ ਦੀ ਬੇਅਰਾਮੀ ਨਹੀਂ ਦਿਤੀ ਜਾਂਦੀ ਤਾਂ ਜੋ ਸਾਰੇ ਨਿਯਮ ਸੁਚੱਜੀ ਤਰ੍ਹਾਂ ਨਾਲ ਕਰ ਸਕੇ, ਇਸ ਸੰਪਰਦਾਇ ਅੰਦਰ ਇਹ ਸਾਰੇ ਆਸਨ ਹਠ ਯੋਗ ਤੋਂ ਕਿਤੇ ਪਹਿਲਾਂ ਦੇ ਦਿਤੇ ਗਏ ਹਨ। ਇਹ ਸਾਰੀਆਂ ਮੁਦਰਾ ਵਿਧੀ ਅਨੁਸਾਰ ਮੰਤਰਾਂ ਨਾਲ ਸ਼ਿਵ ਤੇ ਸ਼ਕਤੀ ਦੇ ਮੇਲ ਲਈ ਕੀਤੀਆਂ ਜਾਂਦੀਆਂ ਹਨ।

ਵਾਸਤਵ ਵਿਚ ਕਾਮ ਪ੍ਰਵਿਰਤੀ ਸਾਰੇ ਪ੍ਰਾਣੀਆਂ ਵਿਚ ਮੂਲ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦੀ ਸਕਤੀ ਨੂੰ ਦਿਸ਼ਾ ਦੇ ਕੇ ਅਧਿਆਤਮਕ ਪਾਸੇ ਲਗਾਉਣਾ ਹੀ ਵੱਖ ਵੱਖ ਮਾਰਗਾਂ ਦਾ ਉਦੇਸ਼ ਹੈ। ਸ਼ਿਵ ਤੇ ਸ਼ਕਤੀ ਦੇ ਪਵਿੱਤਰ, ਸਦਾਚਾਰੀ ਮੇਲ ਹੀ ਇਕ ਪੂਜਾ ਹੈ। ਇਸ ਪਰੰਪਰਾ ਅਨੁਸਾਰ ਸਾਰੀਆਂ ਔਕੜਾਂ, ਸਾਰੀਆਂ ਰੁਕਾਵਟਾਂ ਨੂੰ ਕੁੰਡਲਨੀ ਜਾਗਰਣ ਦਾ ਸਾਧਨ ਬਣਾਇਆ ਜਾ ਸਕਦਾ ਹੈ। ਵਾਸਤਵ ਵਿਚ ਕੌਲਾ ਅਭਿਆਸ ਮਨੁੱਖ ਦੀਆਂ ਮੂਲ ਪ੍ਰਵਿਰਤੀਆਂ ਨੂੰ, ਇਛਾਵਾਂ ਨੂੰ ਕਾਬੂ ਕਰਕੇ ਅਧਿਆਤਮ ਰੂਪ ਦੇਣਾ ਹੈ। ਕਾਮਪ੍ਰਵਿਰਤੀ ਨੂੰ ਇਕ ਨਿਯਮ ਦੀ ਤਰ੍ਹਾਂ ਹੀ ਲੈਣਾ ਚਾਹੀਦਾ ਹੈ। ਪ੍ਰਵਿਰਤੀ ਦੀ ਪੂਰਤੀ ਨਹੀਂ ਦੇਖਣੀ ਚਾਹੀਦੀ। ਇਸ ਅਨੰਦ ਨੂੰ ਵਿਸ਼ਾਲਤਾ ਵਿਚ ਲੈ ਜਾ ਕੇ ਅੰਦਰ ਦਾ ਅਨੰਦ ਮਾਨਣ ਦੀ ਲੋੜ ਹੈ। ਇਸ ਪਰੰਪਰਾ ਜਗਿਆਸੂ ਨੂੰ ਸੁੱਤੀ ਕੁੰਡਲਨੀ ਜਾਗਰਣ ਕਰਕੇ ਉਸ ਦੀ ਪੂਜਾ ਮੂਲਧਾਰਾ ਚੱਕਰ ਤੇ ਕਰਣਾ ਹੀ ਦਸਦਾ ਹੈ।

ਮਿਸਰਾ ਸੰਪਰਦਾਇ

ਮਿਸਰਾ ਸੰਪਰਦਾਇ ਦੀ ਸਿਖਿਆ ਕੌਲਾ ਸੰਪਰਦਾਇ ਤੋਂ ਵਧੇਰੇ ਗਹਿਰੀ ਤੇ ਉਚੇਰੀ ਹੈ। ਇਸ ਪਰੰਪਰਾ ਅਨੁਸਾਰ ਬਾਹਰੀ ਨਿਯਮ, ਕਰਮ ਕਾਂਡ ਤਾਂ ਹੈ ਹੀ ਪਰ ਨਾਲ ਅਨਾਹਦ ਚੱਕਰ ਤੇ ਮੈਡੀਟੇਸ਼ਨ ਵੀ ਹੈ ਇਹ ਹੀ ਕਾਰਣ ਹੈ ਇਸ ਨੂੰ ਮਿਸਰਾ ਦਾ ਨਾਮ ਦਿੱਤਾ ਹੈ। ਮਿਸਰਾ ਤੋਂ ਭਾਵ ਹੈ ਮਿਲਿਆ ਹੋਇਆ, ਦੋ ਧਾਰਾ ਦਾ ਮੇਲ ਮਿਸ਼ਰਨ। ਇਸ ਸੰਪਰਦਾਇ ਦਾ ਬਹੁਤ ਸਾਰਾ ਸਾਹਿਤ ਹੈ। ਇਸ ਦਾ ਅਭਿਆਸ ਬਹੁਤ ਸਾਰੇ ਜਗਿਆਸੂ ਭਾਰਤ ਤਿੱਬਤ, ਦੱਖਣੀ ਏਸ਼ੀਆ ਅੰਦਰ ਕਰਦੇ ਹਨ। ਇਸ ਪਰੰਪਰਾ ਦੇ ਲੋਕ ਆਪਣੇ ਅਭਿਆਸ ਨੂੰ ਬਹੁਤ ਹੀ ਗੁੱਝਾ, ਬਹੁਤ ਹੀ ਗੁਪਤ ਰਖਦੇ ਹਨ ਤਾਂ ਜੋ ਲੋਕ ਇਸ ਦੀ ਦੁਰਵਰਤੋਂ ਆਪਣੇ ਮੌਜ ਮਸਤੀ ਲਈ ਨਹੀਂ ਕਰਨ। ਇਸ ਵਿਚ ਜਗਿਆਸੂ ਨੂੰ ਨਿਰਸੁਆਰਥ ਹੋ ਕੇ ਆਪਣੇ ਕਰਮ ਕਰਨ ਸਿਖਾਏ ਜਾਂਦੇ ਹਨ ਬਿਲਕੁਲ ਨਿਰਲਿਪਤ ਰਹਿਣ ਦਾ ਅਭਿਆਸ ਕਰਾਇਆ ਜਾਂਦਾ ਹੈ ਨਾਲ ਹੀ ਉਪਾਸਨਾ ਕਰਾਈ ਜਾਂਦੀ ਹੈ, ਸ਼ਰਧਾ ਭਾਵਨਾ ਜਗਾਈ ਜਾਂਦੀ ਹੈ। ਇਨ੍ਹਾਂ ਦੋਨਾਂ ਦੇ ਮਿਲਨ ਕਰਕੇ ਹੀ ਇਸ ਦਾ ਨਾਮ ਮਿਸਰਾ ਰਖਿਆ ਗਿਆ ਹੈ। ਸਾਰੇ 'agama' ਸਾਹਿਤ ਅੰਦਰ ਕੁੰਡਲਨੀ ਜਾਗਰਣ ਹੀ ਕੇਂਦਰੀ ਵਿਸ਼ਾ ਹੈ, ਪ੍ਰਸੰਗ ਹੈ, ਅਨਾਹਦ ਚੱਕਰ ਤੇ ਮੈਡੀਟੇਸ਼ਨ ਕਰਕੇ, ਅਨਾਹਦ ਚੱਕਰ ਵਿਚ ਸਥਿਤ ਵਿਸ਼ਵ ਮਾਂ ਦੀ ਪੂਜਾ ਕਰਕੇ ਕੁੰਡਲਨੀ ਜਾਗਰਣ ਕੀਤੀ ਜਾਂਦੀ ਹੈ, ਅਨਾਹਦ ਚੱਕਰ ਤੇ ਲੈ ਜਾਈ ਜਾਂਦੀ ਹੈ, ਅਨਾਹਦ ਚੱਕਰ ਉਪਰ ਤੇ ਥੱਲੇ ਦੇ ਚੱਕਰਾਂ ਦਾ ਕੇਂਦਰ ਹੈ। ਇਸ ਤਰੀਕੇ ਨਾਲ ਕੀਤੀ ਜਾਣ ਵਾਲੀ ਭਗਤੀ ਨੂੰ ਅੰਤਰ ਆ ਗਿਆ ਕਿਹਾ ਜਾਂਦਾ ਹੈ। ਭਾਵ ਅੰਦਰ ਦੀ ਭਗਤੀ ਜਾਂ mansa puja ਭਾਵ ਮਾਨਸਿਕ ਭਗਤੀ ਇਹ ਬਿਨਾਂ ਕਰਮਕਾਂਡ ਦੇ ਬਿਨਾਂ ਵਸਤਾਂ ਤੋਂ ਕੀਤੀ ਜਾਣ ਵਾਲੀ ਮਾਨਸਿਕ ਪੱਧਰ ਦੀ ਪੂਜਾ ਭਗਤੀ ਹੈ, ਜਿਹੜੀ ਛਾਤੀ ਦੇ ਕੇਂਦਰ ਤੇ ਧਿਆਨ ਲਗਾ ਕੇ ਕੀਤੀ ਜਾਂਦੀ ਹੈ, ਜਿਥੇ ਅਨਹਾਦ ਚੱਕਰ ਹੈ ਇਸ ਤਰ੍ਹਾਂ ਕਰਨ ਨਾਲ ਸ਼ਿਵ ਤੇ ਸ਼ਕਤੀ ਦੇ ਸਿਧਾਂਤ ਨਾਲ ਇੱਕ ਸਿੱਧਾ ਸੰਮਗਕ ਚੇਤਨ ਪੱਧਰ ਤੇ ਕੀਤਾ ਜਾਂਦਾ ਹੈ। ਜਗਿਆਸੂ ਇਨ੍ਹਾਂ ਦੋਨੋਂ ਸਿਧਾਤਾਂ ਦਾ ਮੇਲ ਕਰ ਲੈਂਦਾ ਹੈ ਵਾਸਤਵ ਵਿਚ ਇਹ ਦੋਨੋਂ ਸਿਧਾਂਤ ਇਕ ਹਨ, ਨਖੇੜੇ ਨਹੀਂ ਜਾ ਸਕਦੇ।

ਇਸ ਤਰ੍ਹਾਂ ਨਾਲ ਅੰਦਰ ਦੀ ਪੂਜਾ, ਅੰਦਰ ਦੀ ਭਗਤੀ ਮਨ ਨੂੰ ਅੰਤਰਮੁਖੀ ਬਣਾ ਦਿੰਦੀ ਹੈ, ਇਕ ਸੁਰਤਾ ਇਕਾਗਰ ਕਰ ਦਿੰਦੀ ਹੈ। ਕੌਲਾ ਸੰਪਰਦਾਇ ਤੇ ਮਿਸਰਾ ਸੰਪਰਦਾਇ ਅੰਦਰ ਤੇ ਬਾਹਰ ਦੇ ਕਰਮਕਾਂਡ ਕਰਕੇ ਕੁਝ ਕੁ ਸ਼ਕਤੀਆਂ ਪ੍ਰਾਪਤ ਕਰ ਲੈਂਦੇ ਹਨ ਜਿਨ੍ਹਾਂ ਨੂੰ ਸਿੱਧੀਆਂ ਕਹਿੰਦੇ ਹਨ। ਮਿਸਰਾ ਸੰਪਰਦਾਇ ਅਨੁਸਾਰ ਕੁੰਡਲਨੀ ਨੂੰ ਜਾਗਰਣ ਕਰਕੇ ਅਨਾਹਦ ਚੱਕਰ ਤੱਕ ਲੈ ਜਾਇਆ ਜਾਂਦਾ ਹੈ ਜਿਥੇ ਫੇਰ ਕੁੰਡਲਨੀ ਦੀ ਪੂਜਾ ਕੀਤੀ ਜਾਂਦੀ ਹੈ, ਇਹ ਪੂਜਾ ਮਨ ਦੇ ਪੱਧਰ ਤੇ ਹੀ ਕੀਤੀ ਜਾਂਦੀ ਹੈ।

ਦੋਨੋਂ ਸਿਧਾਂਤ ਭਾਵ ਭਗਤੀ ਸੰਸਾਰਕ ਭੋਗ ਵਸਤੂਆਂ, ਮੁਕਤੀ ਇਨ੍ਹਾਂ ਦੋਨਾਂ ਦੀ ਪ੍ਰਾਪਤੀ ਮਿਸਰਾ ਸੰਪਰਦਾਇ ਦੇ ਅਭਿਆਸ ਨਾਲ ਕੀਤੀ ਜਾਂਦੀ ਹੈ। ਅਗਾਮ (agamas) ਦਾ ਬਹੁਤ ਸਾਰਾ ਸਾਹਿਤ ਉਪਲਬਧ ਹੈ, ਇਸ ਵਿਚ ਬਹੁਤ ਸਾਰੀਆਂ ਵਿਆਖਿਆ ਜਗਿਆਸੂ ਲਈ ਹਨ ਜਿਹੜਾ ਇਸ ਮਾਰਗ ਤੇ ਚਲਣਾ ਚਾਹੇ ਉਹ ਇਨ੍ਹਾਂ ਦੀ ਵਰਤੋਂ ਕਰ ਸਕਦਾ ਹੈ।

ਸਮਾਇਆ ਸੰਪਰਦਾਇ

ਸਭ ਤੋਂ ਉਤਮ ਸੰਪਰਦਾਇ ਸਮਾਇਆ ਸੰਪਰਦਾਇ ਹੈ, ਇਹ ਨਿਰੋਲ ਯੋਗ ਹੈ ਇਸ ਦੇ ਬਾਹਰ ਕੋਈ ਕਰਮਕਾਂਡ ਨਹੀਂ ਹਨ। ਇਹ ਪੂਰਨ ਤਰ੍ਹਾਂ ਨਾਲ ਨਿਯਮਬੱਧ ਹੈ, ਵਿਗਿਆਨਕ ਹੈ। ਇਹ ਕੁੰਡਲਨੀ ਜਾਗਰਣ ਕਰਨ ਦਾ ਸਭ ਤੋਂ ਉਤਮ ਸ਼ੁੱਧ ਤਰੀਕਾ ਹੈ। ਸਮਾਇਆ (Samaya) ਦੇ ਅਰਥ ਹਨ, ਮੈਂ ਤੁਹਾਡੇ ਨਾਲ ਹਾਂ, ਇਹ ਸਭ ਤੋਂ ਉਤਮ ਸੰਪਰਦਾਇ ਹੈ, ਸ਼ਕਤੀ ਪੂਜਾ ਦੀ ਸਭ ਤੋਂ ਉਚ ਪਰੰਪਰਾ ਹੈ ਇਸ ਦੀ ਫਿਲੌਸਫੀ ਦਾ ਅਭਿਆਸ ਕਰਕੇ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਇਸ ਪਰੰਪਰਾ ਅਨੁਸਾਰ ਪੂਰੀ ਤਰ੍ਹਾਂ ਨਾਲ ਨਿਰਲਿਪਤ ਰਹਿਣਾ ਹੈ ਕਿਸੇ ਵੀ ਸੰਸਾਰਕ ਵਸਤੂ ਨਾਲ ਜੁੜ ਕੇ ਉਸਦਾ ਅਨੰਦ ਨਹੀਂ ਲੈਣਾ, ਵਰਤਣ ਵਾਲੀ ਚੀਜ਼ ਸਮਝ ਕੇ ਉਸ ਦੀ ਵਰਤੋਂ ਹੀ ਕਰਨੀ ਹੈ। ਪੂਰਨ ਯੋਗੀ ਜਿਹੜੇ ਇਸ ਮਾਰਗ ਤੇ ਚਲਦੇ ਹਨ ਉਹ ਬਹੁਤ ਧਿਆਨ ਨਾਲ ਆਪਣੇ ਸ਼ਿਸ਼ ਚੁਣਦੇ ਹਨ ਤੇ ਉਨ੍ਹਾਂ ਨੂੰ ਕੁੰਡਲਨੀ ਜਾਗਰਣ ਲਈ

ਤਿਆਰ ਕਰਦੇ ਹਨ ਤੇ ਹੌਲੀ-ਹੌਲੀ ਸਾਰੇ ਚੱਕਰਾਂ ਨੂੰ ਜਾਗਰਤ ਕਰਦੇ ਹੋਏ ਅੰਤ ਵਿਚ ਸਹੰਸਰਾਰ ਚੱਕਰ ਤਕ ਪਹੁੰਚਾਉਂਦੇ ਹਨ ਜਿਹੜੇ ਦਸਮ ਦੁਆਰ ਵੀ ਹੈ ਸ਼ਿਵ ਸ਼ਕਤੀ ਦਾ ਕੇਂਦਰ ਵੀ ਹੈ। ਇਸ ਮਾਰਗ ਦਾ ਸਭ ਤੋਂ ਉਤਮ ਤਰੀਕਾ ਹੈ ਸ਼ਕਤੀ ਨੂੰ ਉਪਰ ਲੈ ਕੇ ਜਾਣਾ, ਸ਼ਕਤੀ ਨੂੰ ਅਭਿਆਸ ਨਾਲ ਉਪਰ ਤਕ ਪਹੁੰਚਾਣਾ। ਇਸ ਮਾਰਗ ਤੇ ਕਾਮ ਸ਼ਕਤੀ ਨੂੰ ਦਸ਼ਾ ਦੇ ਕੇ ਸ਼ਿਵ ਸ਼ਕਤੀ ਭਾਵ ਸਹੰਸਰਾਰ ਚੱਕਰ ਤੱਕ ਪਹੁੰਚਾਇਆ ਜਾਂਦਾ ਹੈ। ਇਹ ਪਰੰਪਰਾ ਵੈਦਿਕ ਕਾਲ ਵਿਚ ਵਧੇਰੇ ਪ੍ਰਚਲਤ ਸੀ।

ਜਦੋਂ ਸਾਧਕ ਪੂਰੀ ਤਰ੍ਹਾਂ ਨਾਲ ਸਿੱਖ ਜਾਂਦਾ ਹੈ, ਸਾਰੀ ਪਾਰੰਭਕ ਸਿਖਿਆ ਪੂਰੀ ਹੋ ਜਾਂਦੀ ਹੈ, ਮੈਡੀਟੇਸ਼ਨ ਦੇ ਬੈਠਣ ਦੇ ਤਰੀਕੇ ਸਥਿਰ ਹੋ ਜਾਂਦੇ ਹਨ ਫੇਰ ਉਸ ਨੂੰ ਉਚੇਰੇ ਪੱਧਰ ਤੇ ਲੈ ਜਾਇਆ ਜਾਂਦਾ ਹੈ। ਸਿੱਧ ਆਸਨ ਇਕ ਸੰਪੂਰਨ ਆਸਨ ਮੰਨਿਆ ਜਾਂਦਾ ਹੈ, ਜਦੋਂ ਸਿੱਧ ਆਸਨ ਵਿਚ ਬੈਠਣਾ ਪਰਪੱਕ ਹੋ ਜਾਂਦਾ ਹੈ, ਬੰਧ ਸੁਚੱਜੀ ਤਰ੍ਹਾਂ ਨਾਲ ਸਿੱਖ ਕੇ ਪਰਪੱਕ ਕਰ ਲਿਆ ਜਾਂਦਾ ਹੈ। ਇਸ ਪਰੰਪਰਾ ਵਿਚ ਉਚੇਰੀਆਂ ਮੁਦਰਾ ਦਾ ਵੀ ਅਭਿਆਸ ਵੀ ਕੀਤਾ ਜਾਂਦਾ ਹੈ ਜਿਵੇਂ ਖੇਚਰੀ (Khechari) ਤੇ ਮਾਹੂ (Mahu) ਵਾਸਤਵ ਵਿਚ ਰਾਜ ਯੋਗ ਤੇ ਸਮਾਇਆ ਸੰਪਰਦਾਇ ਦਾ ਬੜਾ ਨੇੜੇ ਦਾ ਸਬੰਧ ਹੈ। ਭੇਦ ਐਨਾ ਹੈ ਕਿ ਸਮਾਇਆ ਪਰੰਪਰਾ ਵਧੇਰੇ ਨਿਯਮਬੱਧ ਹੈ, ਵਧੇਰੇ ਸਪਸ਼ਟ ਤੇ ਉਤਮ ਹੈ। ਸਮਾਇਆ ਸੰਪਰਦਾਇ ਦੇ ਅਨੁਆਈ ਬਹੁਤ ਥੋੜ੍ਹੇ ਹਨ, ਇਹ ਸੰਪਰਦਾਇ ਸਭ ਤੋਂ ਉੱਚੀ ਤੇ ਉਮ ਹੈ। ਯੋਗ ਸਾਰੀਆਂ ਸੰਪਰਦਾਇ ਵਿਚੋਂ ਸਭ ਤੋਂ ਉਤਮ ਹੈ।

ਮੈਡੀਟੇਸ਼ਨ ਸ਼ੁਰੂ ਕਰਨ ਤੋਂ ਪਹਿਲਾਂ ਭੂਤ ਸ਼ੁੱਧੀ (Bhutashuddi) ਅਤਿ ਅਵਸ਼ਕ ਹੈ ਇਸ ਤੋਂ ਬਿਨਾਂ ਕੁੰਡਲਨੀ ਜਾਗਰਣ ਦੇ ਸਾਰੇ ਉਪਰਾਲੇ ਸਾਰੇ ਯਤਨ ਨਿਹਫਲ ਹੋ ਜਾਂਦੇ ਹਨ। ਇਹ ਸ਼ੁੱਧ ਹੋਣ ਦਾ ਇੱਕ ਤਰੀਕਾ ਹੈ, ਇੱਕ ਰਾਹ ਹੈ ਇਸ ਲਈ ਮੰਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਪ੍ਰਾਣਾਯਾਮ ਦਾ ਅਭਿਆਸ ਕੀਤਾ ਜਾਂਦਾ ਹੈ। ਭੂਤ ਸ਼ੁੱਧੀ ਕ੍ਰਿਆ ਨਾਲ ਜਾ ਕਹਿ ਸਕਦੇ ਹੋ, ਸ਼ੁੱਧੀ ਦੇ ਇਸ ਅਭਿਆਸ ਨਾਲ ਚੇਤਨ ਮਨ ਤੇ ਅਚੇਤ ਮਨ ਦੋਨਾਂ ਦੀ ਸ਼ੁੱਧੀ ਪੂਰੀ ਤਰ੍ਹਾਂ ਨਾਲ ਹੋ ਜਾਂਦੀ ਹੈ। ਅਜਨ ਚੱਕਰ ਤੇ ਇਕਾਗਰ ਹੋ ਕੇ ਮੈਡੀਟੇਸ਼ਨ ਕੀਤੀ ਜਾਂਦੀ ਹੈ ਇਸ ਦੀ ਪੂਰਤੀ ਤੋਂ ਬਾਅਦ ਹੀ ਅੰਤਰ ਯੱਗ ਜਾਂ ਕਹਿ ਲਵੋ ਅੰਦਰ ਦੀ ਪੂਜਾ ਸਹੰਸਰਾਰ ਚੱਕਰ ਤੇ ਸ਼ੁਰੂ ਕੀਤੀ ਜਾਂਦੀ ਹੈ। ਇਸਨੂੰ ਕਰਨ ਨਾਲ ਜਗਿਆਸੂ ਨੂੰ ਪਰਮਅਨੰਦ ਦੀ ਪ੍ਰਾਪਤੀ ਹੁੰਦੀ ਹੈ, ਉਹ ਅਨੰਦ ਜਿਸ ਨੂੰ ਸ਼ਬਦਾਂ ਰਾਹੀਂ ਵਰਨਣ ਨਹੀਂ ਕੀਤਾ ਜਾ ਸਕਦਾ, ਜਗਿਆਸੂ ਇੱਕ ਦਮ ਸਮੇਂ ਕਾਰਣ ਤੇ ਸਪੇਸ ਤੋਂ ਅੱਗੇ ਚਲਾ ਜਾਂਦਾ ਹੈ ਇਸ ਪਰੰਪਰਾ ਦੇ ਜਗਿਆਸੂ ਇਸ ਅਵਸਥਾ ਦੀ ਪ੍ਰਾਪਤੀ ਕਰਕੇ ਸ਼ਿਵ ਸ਼ਕਤੀ ਦੇ ਮਿਲਨ ਦਾ ਮੇਲ ਦਾ ਅਨੁਭਵ ਕਰਦੇ ਹਨ। ਇਸ ਤਰ੍ਹਾਂ ਕਰਨ ਤੋਂ ਬਾਅਦ ਜਗਿਆਸੂ ਦਾ ਮਨ ਸੂਖਮ ਭਗਤੀ ਦੇ ਗੁਣਾਂ ਨਾਲ ਭਰਪੂਰ ਹੋ ਜਾਂਦਾ ਹੈ। ਜਗਿਆਸੂ ਦੇਵਤਾ ਸਰੂਪ ਹੋ ਜਾਂਦਾ ਹੈ ਹਰ ਸਮੇਂ ਸਥਾਈ ਰੂਪ ਨਾਲ ਪਰਮ ਆਨੰਦ ਵਿਚ ਰਹਿ ਕੇ ਆਤਮਾ ਪ੍ਰਮਾਤਮਾ ਦੇ ਮੇਲ ਵਿਚ ਗੜੂੰਦਿਆ ਰਹਿੰਦਾ ਹੈ। ਸ਼ਿਵ ਸ਼ਕਤੀ ਦੇ ਮੇਲ ਨੂੰ ਪਰਮ ਸ਼ਿਵ (paramashiva) ਕਹਿੰਦੇ ਹਨ। ਹਰ ਸਮੇਂ ਸ਼ਿਵ ਸ਼ਕਤੀ ਦਾ ਅਨੰਦ ਮਾਨਣਾ ਇਸ ਪਰੰਪਰਾ ਦਾ ਉਦੇਸ਼ ਹੈ ਇਸ ਅਵਸਥਾ ਦੀ ਪ੍ਰਾਪਤੀ ਕਰਕੇ ਜਗਿਆਸੂ ਸੁਤੰਤਰ ਹੋ ਜਾਂਦਾ ਹੈ।

(-------)

(ਪੰਨਾ 7 ਦਾ ਬਾਕੀ)

ਧੂੜੀ ਨੂੰ ਦੇਵਤੇ ਵੀ ਲੋਚ ਰਹੇ ਹਨ, ਤੀਰਥਾਂ ਦੇ ਦੇਵਤੇ ਵੀ ਲੋਚ ਰਹੇ ਹਨ। ਇਹ ਧੂੜੀ ਕ੍ਰੋੜਾਂ ਜਨਮਾਂ ਦੇ ਪਾਪਾਂ ਦਾ ਨਾਸ਼ ਕਰਦੀ ਹੈ -

ਗੰਗਾ ਜਮੁਨਾ ਗੋਦਾਵਰੀ ਸਰਸੁਤੀ
ਤੇ ਕਰਹਿ ਉਦਮੁ ਧੂਰਿ ਸਾਧੂ ਕੀ ਤਾਈ॥
ਕਿਲਵਿਖ ਮੈਲੁ ਭਰੇ ਪਰੇ ਹਮਰੈ ਵਿਚਿ
ਹਮਰੀ ਮੈਲੁ ਸਾਧੂ ਕੀ ਧੂਰਿ ਗਵਾਈ॥
ਤੀਰਥਿ ਅਠਸਠਿ ਮਜਨੁ ਨਾਈ॥
ਸਤਸੰਗਤਿ ਕੀ ਧੂਰਿ ਪਰੀ ਉਡਿ ਨੇਤ੍ਰੀ
ਸਭ ਦੁਰਮਤਿ ਮੈਲੁ ਗਵਾਈ॥
ਪੰਨਾ - 1263

ਸੋ ਇਸ ਕਰਕੇ ਵਿਚਾਰ ਕਰੋ, ਬੇ-ਮਰਯਾਦਾ ਜੀਵਨ ਜੀਵਿਆ ਹੋਇਆ ਦਰਗਾਹ ਵਿਚ ਸ਼ਰਮਿੰਦਾ ਕਰੇਗਾ ਅਤੇ ਮਹਾਨ ਦੁਖਾਂ ਦਾ ਸਾਮ੍ਹਣਾ ਕਰਨਾ ਪਵੇਗਾ -

ਐਸੀ ਕਲਾ ਨ ਖੇਡੀਐ
ਜਿਤੁ ਦਰਗਹ ਗਇਆ ਹਾਰੀਐ॥ ਪੰਨਾ - 469

ਮਨੁੱਖ ਇਨ੍ਹਾਂ ਬਚਨਾਂ ਤੋਂ ਅਚੇਤ ਰਹਿ ਕੇ ਵਿਸ਼ੇ ਵਿਕਾਰਾਂ ਦੇ ਭੋਗਾਂ ਵਿਚ ਲੱਗਿਆ ਹੋਇਆ ਆਪਣਾ ਜੀਵਨ ਬਿਰਥਾ ਗਵਾ ਕੇ ਸੰਸਾਰ ਤੋਂ ਰੋਂਦਾ ਹੋਇਆ ਜਾਂਦਾ ਹੈ। ਮਹਾਰਾਜ ਕਹਿੰਦੇ ਹਨ ਕਿ ਪਿਆਰਿਆ! ਤੂੰ ਅੰਨ੍ਹਾ ਹੋ ਕੇ ਜੀਵਨ ਗੁਆ ਲਿਆ -

ਆਪੀਨੈ ਭੋਗ ਭੋਗਿ ਕੈ ਹੋਇ
ਭਸਮੜਿ ਭਉਰੁ ਸਿਧਾਇਆ॥
ਵਡਾ ਹੋਆ ਦੁਨੀਦਾਰੁ
ਗਲਿ ਸੰਗਲੁ ਘਤਿ ਚਲਾਇਆ॥
ਅਗੈ ਕਰਣੀ ਕੀਰਤਿ ਵਾਚੀਐ
ਬਹਿ ਲੇਖਾ ਕਰਿ ਸਮਝਾਇਆ॥
ਥਾਉ ਨ ਹੋਵੀ ਪਉਦੀਈ
ਹੁਣਿ ਸੁਣੀਐ ਕਿਆ ਰੂਆਇਆ॥
ਮਨਿ ਅੰਧੈ ਜਨਮੁ ਗਵਾਇਆ॥ ਪੰਨਾ - 464

ਸੋ ਇਸ ਕਰਕੇ ਗੁਰੂ ਵਾਲੇ ਬਣੋ, ਗੁਰੂ ਘਰ ਵਿਚ ਪੰਜ ਪਿਆਰਿਆਂ ਪਾਸ ਨਾਮ ਦੀ ਦਾਤ ਸੁਰੱਖਸ਼ਿਤ ਕੀਤੀ ਗਈ ਹੈ। ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਉਤੇ ਪੂਰਨ ਸ਼ਰਧਾ ਲਿਆਵੋ। ਬਾਣੀ ਨੂੰ ਕਮਾਵੋ, ਮਹਾਂਪੁਰਸ਼ਾਂ ਦੀ ਸੰਗਤ ਕਰਕੇ ਆਪਣੇ ਜੀਵਨ ਦਾ ਲਾਹਾ ਪ੍ਰਾਪਤ ਕਰੋ, ਇਹੋ ਉਪਦੇਸ਼ ਇਸ ਮਹੀਨੇ ਦਾ ਗੁਰੂ ਮਹਾਰਾਜ ਜੀ ਨੇ ਬਖਸ਼ਿਸ਼ ਕੀਤਾ ਹੈ। ਕਮਾਓ! ਗੁਰੂ ਬਰਕਤ ਪਾਵੇਗਾ।

******

ਸਿਹਤ ਰੱਖਿਆ ਗਿਆਨ

ਵੈਦ ਮੇਘ ਨਾਥ ਸਿੱਧ (ਫਫੜੇ ਭਾਈਕੇ ਵਾਲੇ)
ਆਯੁਰਵੇਦ ਭੀਸ਼ਗ ਆਚਾਰੀਯ।
ਮੁੱਖ ਸੇਵਾਦਾਰ - ਸੰਤ ਗੋਬਿੰਦ ਦਾਸ, ਆਯੁਰਵੇਦ ਸੇਵਾ ਸੰਸਥਾ, ਧੂਰੀ।
ਮੋਬਾਈਲ ਨੰ. 98156-07803

ਧਰਨ ਰੋਗ (ਨਾਭੀ ਟਲਨਾ)

ਧਰਨ ਰੋਗ ਕੀ ਹੈ?

ਆਯੁਰਵੇਦ ਖੋਜ ਅਨੁਸਾਰ ਧਰਨ ਇਕ ਪੇਟ ਦਾ ਪੁਰਾਤਨ ਰੋਗ ਹੈ ਇਸ ਨਾਲ ਧੁੰਨੀ (ਨਾਭੀ) ਦੇ ਖੱਬੇ-ਸੱਜੇ ਜਾਂ ਉਪਰ ਥੱਲੇ ਧੜਕਣ ਪੈਦਾ ਹੋ ਜਾਂਦੀ ਹੈ ਜਿਸਨੂੰ ਧਰਨ (ਨਾਭੀ ਟਲਨਾ) ਕਹਿੰਦੇ ਹਨ। ਇਸ ਰੋਗ ਬਾਰੇ ਸ਼ਹਿਰਾਂ ਨਾਲੋਂ ਪਿੰਡਾਂ ਵਿਚ ਵਸਣ ਵਾਲੇ ਲੋਕਾਂ ਨੂੰ ਵਧੇਰੇ ਜਾਣਕਾਰੀ ਹੈ। ਬਹੁਤੇ ਪਿੰਡਾਂ ਵਿਚ ਧਰਨ ਠੀਕ ਕਰਨ ਦੇ ਮਾਹਿਰ ਵੀ ਮਿਲਦੇ ਹਨ ਜੋ ਪੁਸ਼ਤ ਦਰ ਪੁਸ਼ਤ ਵਡੇਰਿਆਂ ਤੋਂ ਚੱਲੀ ਆ ਰਹੀ ਪਰੰਪਰਾ ਤੋਂ ਜਾਣੂ ਹੁੰਦੇ ਹਨ। ਪਰ ਇਹ ਦੁਖਦਾਈ ਰੋਗ, ਆਧੁਨਿਕ ਚਕਿਤਸਾ ਪ੍ਰਣਾਲੀ ਦੀ ਪਕੜ ਵਿਚ ਨਹੀਂ ਆਉਂਦਾ ਕਿਉਂਕਿ ਵਾਯੂ ਰੋਗ ਹੋਣ ਕਾਰਣ ਇਹ ਬਿਮਾਰੀ ਪ੍ਰਚਲਿਤ ਟੈਸਟਾਂ ਨਾਲ ਨਹੀਂ ਸਮਝੀ ਜਾ ਸਕਦੀ ਪਰ ਕਈ ਲੋਕ ਟੈਸਟਾਂ ਦੇ ਚੱਕਰ ਵਿਚ ਪੈ ਕੇ ਬੇ-ਲੋੜੇ ਆਪਰੇਸ਼ਨ ਕਰਵਾ ਲੈਂਦੇ ਹਨ। ਪਰ ਧਰਨ ਠੀਕ ਹੋਣ ਦੀ ਬਜਾਏ ਹੋਰ ਵੀ ਤਕਲੀਫਾਂ ਹੋ ਜਾਂਦੀਆਂ ਹਨ। ਧਰਨ ਦਾ ਰੋਗ ਜਿਉਂ ਦਾ ਤਿਉਂ ਹੀ ਬਣਿਆ ਰਹਿੰਦਾ ਹੈ। ਆਯੁਰਵੇਦ ਅਨੁਸਾਰ ਇਸ ਰੋਗ ਦਾ ਨਾਮ ਨਾਭੀ ਟਲਨਾ ਹੈ ਜਿਸਨੂੰ ਆਯੁਰਵੇਦ ਅਨੁਸਾਰ ਜਾਂ ਅਨੁਭਵ ਗਿਆਨ ਰਾਹੀਂ ਹੀ ਸਮਝਿਆ ਜਾ ਸਕਦਾ ਹੈ।

ਧਰਨ ਪੈਣ ਦੇ ਕਾਰਣ ਜਦੋਂ ਪੇਟ ਦੀ ਵੱਡੀ ਅੰਤੜੀ ਵਿਚ ਮੱਲ ਇਕੱਠੀ ਹੋ ਜਾਂਦੀ ਹੈ ਤਾਂ ਛੋਟੀ ਅੰਤੜੀ ਵਿਚ ਰਸ ਅਤੇ ਵਾਯੂ ਦਾ ਭਾਰ ਵੱਧ ਜਾਂਦਾ ਹੈ ਇਹ ਅੰਤੜੀ ਹੇਠਾਂ ਵੱਲ ਖੱਬੇ ਜਾਂ ਸੱਜੇ ਪਾਸੇ ਝੁੱਕ ਜਾਂਦੀ ਹੈ। ਕਦੇ-ਕਦੇ ਜ਼ਿਆਦਾ ਭਾਰ ਉਠਾਉਣ ਨਾਲ ਜਾਂ ਗਲਤ ਢੰਗ ਨਾਲ ਟੱਪਣ ਕੁੱਦਣ ਨਾਲ ਵੀ ਅੰਤੜੀ ਹੇਠਾਂ ਉਪਰ ਹੋ ਜਾਂਦੀ ਹੈ ਜਿਸ ਕਾਰਨ ਧੁੰਨੀ (ਨਾਭੀ) ਦੇ ਖੱਬੇ-ਸੱਜੇ ਜਾਂ ਉਪਰ ਥੱਲੇ ਧੜਕਣ ਪੈਦਾ ਹੋ ਜਾਂਦੀ ਹੈ

ਧਰਨ ਪਈ ਦੇ ਲੱਛਣ

1. ਧੁੰਨੀ ਦੇ ਖੱਬੇ ਸੱਜੇ ਜਾਂ ਉਪਰ ਹੇਠਾਂ ਧੜਕਣ ਪੈਦਾ ਹੋਣੀ।
2. ਭੁੱਖ ਦਾ ਮਰ ਜਾਣਾ ਜਾਂ ਛੇਤੀ ਕੁਝ ਖਾਣ ਨੂੰ ਖੋਹ ਪੈਣੀ
3. ਖਾਣਾ ਖਾਣ ਤੋਂ ਬਾਅਦ ਛੇਤੀ ਹੀ ਦਸਤ ਜਾਣ ਦੀ ਹਾਜ਼ਤ ਹੋਣੀ ਜਾਂ ਕਬਜ਼ ਰਹਿਣੀ।
4. ਕਿਸੇ ਵੀ ਕੰਮ ਨੂੰ ਦਿਲ ਨਾ ਕਰਨਾ।
5. ਸਰੀਰ 'ਚ ਥਕਾਵਟ ਅਤੇ ਸੁਸਤੀ ਪੈਦਾ ਹੋਣੀ।
6. ਲੱਤਾਂ ਦੀਆਂ ਪਿੰਜਣੀਆਂ ਦਾ ਫੁੱਲਣਾ ਜਾਂ ਦੁਖਣਾ।
7. ਸਾਹ ਚੜ੍ਹਨਾ, ਦਿਲ ਦੀ ਧਕੜਕਣ ਵਧਣਾ ਅਤੇ ਭੈ ਆਉਣਾ।
8. ਵੱਖੀ ਵਿੱਚ ਵਾ ਦਾ ਗੋਲਾ ਜਿਹਾ ਪ੍ਰਤੀਤ ਹੋਣਾ।
9. ਨਾ ਭੁੱਖ ਝੱਲੀ ਜਾਣੀ ਨਾ ਹੀ ਖੁਰਾਕ ਹਜ਼ਮ ਹੋਣੀ
10. ਹਰ ਤਰ੍ਹਾਂ ਦੀ ਕਮਜ਼ੋਰੀ ਮਹਿਸੂਸ ਹੋਣੀ
11. ਸੁਭਾਅ ਦਾ ਚਿੜਚਿੜਾ ਹੋਣਾ।
12. ਦਿਮ ਦਾ ਘਬਰਾਉਣਾ ਅਤੇ ਬੇਚੈਨੀ ਰਹਿਣੀ।
13. ਸਹਿਣ ਸ਼ਕਤੀ ਘੱਟ ਜਾਣੀ।
14. ਨਾਭੀ (ਧੁੰਨੀ) ਦੇ ਇਰਦ-ਗਿਰਦ ਦਰਦ ਹੋਣਾ
15. ਮਨ ਵਿਚ ਅਨੇਕ ਰੋਗਾਂ ਪ੍ਰਤੀ ਸ਼ੰਕਾਵਾਂ ਪੈਦਾ ਹੋਣੀਆਂ
16. ਪੀਲੀਆ (ਜ਼ਰਕਾਨ) ਖੂਨ ਦੀ ਕਮੀ ਹੋਣਾ
17. ਪੇਟ ਵਿਚ ਗੜਗੜਾਹਟ ਅਤੇ ਗੈਸ ਬਣਨੀ
18. ਮਿਹਦੇ ਵਿਚ ਜਲਣ ਹੋਣੀ, ਡਕਾਰ ਆਉਣੇ ਅਤੇ ਕਦੇ ਕਦੇ ਉਲਟੀਆਂ ਲੱਗਣਾ।
19. ਅੱਖਾਂ ਅੱਗੇ ਹਨ੍ਹੇਰਾ ਆਉਣਾ
20. ਜ਼ਿਆਦਾ ਸੁਪਨੇ ਆਉਣੇ

ਉਪਰੋਕਤ ਸਾਰੇ ਜਾਂ ਕੁੱਲ ਲੱਛਣਾਂ ਤੋਂ ਪੀੜ੍ਹਤ ਵਿਅਕਤੀ ਨੂੰ ਧਰਨ ਦਾ ਰੋਗ ਜਾਣਿਆ ਜਾ ਸਕਦਾ ਹੈ।

ਮੁੱਢਲਾ ਇਲਾਜ - ਧਨੀਆਂ, ਸੌਂਫ, ਸੁੰਡ, ਜੰਗ ਹਰੜ (ਘੀ ਵਿਚ ਭੁੰਨ ਕੇ) ਸਭ ਦਾ ਬਰਾਬਰ ਵਜ਼ਨ ਲੈ ਕੇ ਕਪੜ ਛਾਣ ਚੂਰਨ ਕਰ ਲਵੋ ਜੇ ਗਰਮ ਪ੍ਰਕਿਰਤੀ ਹੈ ਤਾਂ ਬਰਾਬਰ ਮਿਸਰੀ ਮਿਲਾ ਲਵੋ ਜਾਂ ਫਿਰ ਉਪਰੋਕਤ ਚੂਰਨ ਦਾ ਪੰਜਵਾਂ ਹਿੱਸਾ ਕਾਲਾ ਲੂਣ ਮਿਲਾ ਦਿਓ।

ਖੁਰਾਕ - ਭੁੱਖ ਲੱਗਣ ਤੇ ਚਾਵਲ, ਮੂੰਗੀ ਦੀ ਖਿੱਚੜੀ, ਜਾਂ ਮੂੰਗੀ ਦੀ ਪਤਲੀ ਦਾਲ ਨਾਲ ਮੱਕੀ ਦਾ ਫੁਲਕਾ ਚਿੱਥ-ਚਿੱਥ ਕੇ ਖਾਣਾ ਚਾਹੀਦਾ ਹੈ, ਰਿੜਕੀ ਲੱਸੀ ਵਿਚ ਜੀਰਾ, ਕਾਲੀ ਮਿਰਚ, ਸੁੰਡ, ਸੈਂਧਾ ਨਮਕ, ਮੱਘ (ਪੀਪਲ) ਦਾ ਬਰੀਕ ਚੂਰਨ ਕਰਕੇ ਲੱਸੀ ਵਿਚ ਮਿਲਾ ਕੇ ਪੀਉ, ਦਹੀਂ ਦੀ ਵਰਤੋਂ ਕਰ ਸਕਦੇ ਹੋ। ਜੇ ਦਸਤ ਜ਼ਿਆਦਾ ਲੱਗੇ ਹੋਣ ਤਾਂ ਈਸਵਗੋਲ ਦਾ ਬੁਰਾਦਾ ਲੱਸੀ ਵਿੱਚ ਘੋਲ ਕੇ ਦਿਨ ਵਿੱਚ 2-3 ਵਾਰੀ 6-6 ਮਾਸੇ ਲਵੋ।

ਪ੍ਰਹੇਜ਼ - ਤਲੀਆਂ, ਨਿੱਗਰ ਚੀਜ਼ਾਂ ਜਿਵੇਂ ਕਿ - ਭਿੰਡੀ, ਕਰੇਲਾ, ਅਰਬੀ, ਮਾਹਾਂ ਦੀ ਦਾਲ ਦੀ ਵਰਤੋਂ ਨਹੀਂ ਕਰਨੀ ਚਾਹੀਦੀ, ਦੁੱਧ ਘਿਉ ਵੀ ਜ਼ਿਆਦਾ ਨਹੀਂ ਵਰਤਣਾ ਚਾਹੀਦਾ।

ਨੋਟ - ਪੇਟ ਨੂੰ ਜ਼ਿਆਦਾ ਮਲਣਾ ਠੀਕ ਨਹੀਂ ਹੁੰਦਾ ਕਿਉਂਕਿ ਅੰਤੜੀਆਂ ਵਿਚ ਸੋਜਸ਼ ਪੈਦਾ ਹੋ ਸਕਦੀ ਹੈ।

(------)

(ਪੰਨਾ 58 ਦਾ ਬਾਕੀ)

ਪ੍ਰੇਮ ਦਾ ਸਰੂਪ ਹੈ 'ਯਾਦ' 'ਯਾਦ' ਦਾ ਫਲ ਹੈ 'ਪ੍ਰੇਮ'। ਅਰਥਾਤ ਜੇ ਅੰਦਰ 'ਪ੍ਰੇਮ' ਹੈ ਤਾਂ ਪਿਆਰਾ 'ਯਾਦ' ਰਹਿੰਦਾ ਹੈ ਤੇ ਜੇ ਅੰਦਰ 'ਯਾਦ' ਹੈ ਤਾਂ ਪਿਆਰੇ ਦਾ 'ਪਿਆਰ' ਅੰਦਰ ਆ ਰਿਹਾ ਹੈ। ਪਿਆਰਾ ਅਸਲ ਵਿਚ ਕਦੇ ਦੂਰ ਨਹੀਂ ਸੀ। ਕੇਵਲ ਭੁੱਲ ਦੇ ਪਰਦੇ ਕਰਕੇ ਦੂਰ ਜਾਪਦਾ ਸੀ, 'ਭੁੱਲ ਹਉਮੈਂ ਤੋਂ ਪੈਂਦੀ ਹੈ, ਧਨ ਪਿਰ ਕਾ ਇਕ ਹੀ ਸੰਗਿ ਵਾਸਾ ਵਿਚ ਹਉਮੈ ਭੀਤਿ ਕਰਾਰੀ। ਸੋ ਜਦ ਭੁੱਲ ਨੂੰ ਯਾਦ ਨੇ ਤੋੜਿਆ ਤਾਂ ਪਿਆਰਾ, ਜੋ ਪਾਸ ਸੀ, ਪਾਸ ਹੀ ਮਿਲ ਪਿਆ। 'ਯਾਦ' ਨਾਲ ਵਿੱਥ ਹਟੀ ਤਾਂ ਮੇਲ ਹੋ ਗਿਆ। ਸੋ 'ਯਾਦ' ਲਗਾਤਾਰੀ ਯਾਦ' ਮੇਲ ਹੈ।

ਜੀਕੂੰ ਸੱਜਣ ਸੱਜਣ ਦਾ ਅੰਗ ਪਾਲਦਾ ਹੈ ਤਿਵੇਂ ਪਰਮੇਸ਼ੁਰ ਆਪਣੇ ਪਿਆਰੇ ਦਾ ਅੰਗ ਕਰਦਾ ਹੈ, ਪ੍ਰੇਮ ਕਰਦਾ ਹੈ, ਅਰਥਾਤ ਜਦ ਅਸੀਂ ਮਨ ਨੂੰ ਉਸ ਸਾਈਂ ਨਾਲ ਲਾਈ ਰੱਖਿਆ ਤਾਂ ਉਸ ਨੇ ਆਪਣਾ ਪਿਆਰ ਤੇ ਸੁਖ ਰਸ ਸਾਨੂੰ ਆਪੇ ਦੇਣਾ ਹੈ। ਫੇਰ ਸਾਡੇ ਦੁਖ ਦੂਰ ਹੋ ਜਾਣਗੇ। ਉਹ ਦੁਖ, ਜੋ ਉਸ ਨਾਲ ਵਿਛੋੜੇ ਕਰਕੇ ਪਏ ਹਨ, ਨਾਲੇ ਉਹ ਦੁਖ ਜੋ ਜਗਤ ਵਿਚ ਸਾਨੂੰ ਵਾਪਰਦੇ ਹਨ, ਸਭ ਦੂਰ ਹੋਣਗੇ ਕਿਉਂਕਿ ਉਹ ਸਾਡੇ ਨਾਲ ਅੰਗੀਕਾਰ ਕਰੇਗਾ, ਦਾਸ ਜਾਣ ਕੇ ਅੰਗ ਪਾਲੇਗਾ ਸਾਡੇ ਸਾਰੇ ਕੰਮ ਸਵਾਰੇਗਾ, ਕਿਉਂਕਿ ਉਹ ਸਮਰੱਥ ਹੈ। ਇਸ ਸੰਸੇ ਦੀ ਲੋੜ ਹੀ ਨਹੀਂ ਕਿ 'ਸੁਆਰ ਸਕੇਗਾ ਕਿ ਨਹੀਂ, ਉਹ ਸਦਾ ਸਮਰੱਥ ਸਦਾ ਸੁਆਰੇਗਾ। ਤਾਂ ਤੇ ਏਸ ਪ੍ਰੇਮ ਯੋਗ ਨਾਲ, ਯਾਦ ਦੁਆਰੇ ਸਾਂਈ ਨਾਲ ਜੁੜੇ ਰਹਿਣ, ਅਰਥਾਤ ਪਰਮੇਸ਼ਰ ਦੀ ਪ੍ਰੀਤਿ ਤੋਂ ਰੋਕਣ ਵਾਲੇ ਹਨ - ਆਪੇ ਮਨ ਵਿਚ ਵਿੱਥ ਪੈ ਜਾਵੇਗੀ। ਇਹ ਜੋ ਪਰਮੇਸ਼ੁਰ ਤੋਂ ਛੁੱਟ ਦੂਏ ਹਨ, ਇਨ੍ਹਾਂ ਨਾਲ ਵਿੱਥ ਦਾ ਨਾਮ ਹੀ ਵੈਰਾਗ ਹੈ। ਇਸ ਵੈਰਾਗ ਨਾਲ ਬਾਹਰਲੇ ਸੰਨਿਆਸ ਦੀ ਲੋੜ ਬੀ ਉੱਡ ਗਈ।

(ਇਥੋਂ ਕੱਟ ਕੇ ਭੇਜੋ ਜੀ)

ਬੇਨਤੀ ਹੈ ਕਿ ਜੇ ਆਪ ਜੀ ਹੁਣ ਤੱਕ ਆਤਮ ਮਾਰਗ ਪਤ੍ਰਿਕਾ ਦੇ ਮੈਂਬਰ ਨਹੀਂ ਬਣੇ ਤਾਂ ਇਸ ਫਾਰਮ ਨੂੰ ਭਰ ਕੇ ਮੈਂਬਰਸ਼ਿਪ ਪ੍ਰਾਪਤ ਕਰਨ ਦੀ ਕ੍ਰਿਪਾਲਤਾ ਕਰੋ ਜੀ। ਜੇ ਤੁਸੀਂ ਪਹਿਲਾਂ ਮੈਂਬਰ ਹੋ ਅਤੇ ਰਿਨਿਊਵਲ ਦਾ ਸਮਾਂ ਆ ਗਿਆ ਹੈ ਤਾਂ ਤੁਸੀਂ ਇਸ ਫਾਰਮ ਨੂੰ ਭਰ ਕੇ ਚੈਕ ਦੇ ਨਾਲ ਭੇਜੋ ਜੀ। ਕਿਰਪਾ ਕਰਕੇ ਚੈਕ ਜਾਂ ਬੈਂਕ ਡਰਾਫਟ "**Vishav Gurmat Roohani Mission charitable Trust**" ਦੇ ਨਾਂ ਤੇ ਭੇਜਿਆ ਜਾਵੇ ਜੀ।

ਆਤਮ ਮਾਰਗ
Monthly Magazine ਮਾਸਿਕ ਪਤ੍ਰਿਕਾ

SUBSCRIPTION (ਦੇਸ਼)

ਸਾਲਾਨਾ	ਜੀਵਨ ਕਾਲ	ਫੀ ਕਾਪੀ
200/-	2000/-	20/-
280/-	2080/-	

SUBSCRIPTION ਵਿਦੇਸ਼

	Annual	Life
U.S.A.	50 US$	500 US$
U.K.	30 $	300 $
Aus.	80 $	800 $
Europ	50 Euro	500 Euro

MEMBERSHIP FORM ☐ ਨਵੀਂ ਮੈਂਬਰਸ਼ਿਪ ☐ ਰਿਨੀਊਵਲ ☐ ਲਾਈਫ ਮੈਂਬਰਸ਼ਿਪ

Order from for back Issus

ਜਨਵਰੀ ☐
ਫਰਵਰੀ ☐
ਮਾਰਚ ☐
ਅਪ੍ਰੈਲ ☐
ਮਈ ☐
ਜੂਨ ☐
ਜੁਲਾਈ ☐
ਅਗਸਤ ☐
ਸਤੰਬਰ ☐
ਅਕਤੂਬਰ ☐
ਨਵੰਬਰ ☐
ਦਸੰਬਰ ☐

ਨਾਮ/Name ....

ਪਤਾ/Address ....

....

....

.................................Pin Code....................................

Phone........................ E-mail :..................................

ਮੈਂ......................ਰੁਪਏ ਮਨੀਆਰਡਰ/ਬੈਂਕ ਡਰਾਫਟ/ਚੈਕ ਨੰ.......................ਮਿਤੀ........................ਰਾਹੀਂ ਭੇਜ ਰਿਹਾ ਹਾਂ।

ਦਸਖਤ..............................

ATAM MARG MONTHLY MAGAZINE
Gurdwara Ratwara Sahib, P.o. Mullanpur Garibdas, Distt. S.A.S. Nagar (Mohali) Pin - 140901 (Pb.) India
Phone : 0160-2255002, Fax : 0160-2255009, Email : atammarg1@yahoo.co.in, www.ratwarasahib.org

ਸੁਖ ਦਾ ਰਸਤਾ ਤੇ ਸਾਈਂ ਦਾ ਰਾਹ ਜੋ ਅੱਗੇ ਖੁਸ਼ਕ ਤੇ ਖਤਰਿਆਂ ਵਾਲਾ ਸੀ, ਠੰਢਾ, ਛਾਂ ਦਾਰ, ਮਿੱਠਾ, ਰਸਦਾਰ ਤੇ ਪਿਆਰਾ ਬਣ ਗਿਆ।

ਬਸੰਤ ਕੌਰ - ਹੁਣ ਸਮਝਿਆ; ਇਸ ਅੰਦਰਲੇ ਦੇ ਸਾਈਂ ਨਾਲ ਲਗਾਤਾਰੀ ਲਗਾਉ ਲੱਗੇ ਰਹਿਣ ਨਾਲ ਹੋਰ ਸਾਰੇ ਗੁਣ ਆ ਜਾਣਗੇ ਤੇ ਸਾਰੇ ਫਲ ਲਗ ਪੈਣਗੇ।

ਹਿੰਮਤ ਸਿੰਘ - ਹਾਂ! ਜਦ ਵਾਹਿਗੁਰੂ ਨਾਲ ਪ੍ਰੀਤ ਹੋਈ ਤਾਂ ਸੰਸਾਰ ਨੂੰ ਮਾੜਾ ਤੇ ਭੈੜਾ ਕਹਿਣ ਤੋਂ ਬਿਨਾਂ ਹੀ ਸੰਸਾਰ ਵਿੱਥ ਤੇ ਹੋ ਗਿਆ, ਅਰਥਾਤ ਮਨੁੱਖ ਜਗਤ ਦੇ ਕੰਮ ਕਰਦਾ ਹੋਇਆ ਇਸ ਦੀ ਕਾਲਖ ਵਿਚ ਫੇਰ ਫਸਦਾ ਨਹੀਂ। ਇਹ ਸੁਤੇ ਵੈਰਾਗ ਹੋ ਗਿਆ। ਪਰ ਨਾ ਘਰ ਬਾਰ, ਇਸਤ੍ਰੀ, ਪਦਾਰਥ ਛੱਡਣੇ ਪਏ, ਨਾ ਬਨਾਂ ਵਿਚ ਜਾ ਕੇ ਦੁੱਖ ਭੋਗਣੇ ਪਏ। ਘਰ ਬੈਠਿਆਂ ਵੈਰਾਗ ਹੋ ਗਿਆ। ਇਸੀ ਤਰ੍ਹਾਂ ਸਮਝ ਲਓ ਕਿ ਜਦ ਅੰਦਰਲੇ ਦਾ ਰੁਖ ਯਾ ਝੁਕਾਉ ਯਾ ਲਗਨ ਪਰਮੇਸੁਰ ਵੱਲ ਰਹਿੰਦੀ ਹੈ ਤਾਂ ਇਹ ਹੋਇਆ ਕੀਹ? ਧਿਆਨ। ਹਠ ਵਾਲਾ, ਮੂਰਤ ਬੰਨ੍ਹਣ ਵਾਲਾ ਧਿਆਨ ਨਾ, ਸਗੋਂ ਸਹਿਜ ਧਿਆਨ - ਜੀਉਂਦਾ ਜਾਗਦਾ, ਖਿੱਚ ਵਾਲਾ, ਪਿਆਰ ਵਾਲਾ ਧਿਆਨ ਰੱਬ ਵਲ ਲੱਗ ਰਿਹਾ।

ਗੁਰਮੁਖਿ ਲਾਗੈ ਸਹਜ ਧਿਆਨੁ।

****

ਗੁ. ਰਤਵਾੜਾ ਸਾਹਿਬ ਵਿਖੇ ਮਹਾਂਪੁਰਸ਼ਾਂ ਦੇ ਸਤਿਸੰਗ ਪ੍ਰੋਗਰਾਮ ਸਬੰਧੀ

ਮਹੀਨੇ ਦੇ ਹਰ ਐਤਵਾਰ ਨੂੰ ਦਿਨ ਦੇ ਸਮੇਂ 1.00 ਵਜੇ ਤੋਂ 4.00 ਵਜੇ ਤੱਕ ।

ਸੰਗਰਾਂਦ - 16 ਨਵੰਬਰ, ਦਿਨ ਮੰਗਲਵਾਰ

(ਸਵੇਰ ਦੇ ਸਮੇਂ **7.00** ਵਜੇ ਤੋਂ **9.00** ਵਜੇ ਤੱਕ)

ਚੜ੍ਹਦੀ ਪੂਰਨਮਾਸ਼ੀ- 20 ਨਵੰਬਰ, ਦਿਨ ਸ਼ਨੀਵਾਰ

(ਸਮਾਂ - ਸ਼ਾਮ **7.00** ਰਾਤ **1.00** ਵਜੇ ਤੱਕ ਰੈਣ ਸਬਾਈ ਕੀਰਤਨ)

ਜਰੂਰੀ ਸੂਚਨਾ - ਹਰ ਪੂਰਨਮਾਸ਼ੀ ਤੇ ਅੱਧੀ ਭੇਟਾ ਨਾਲ ਆਤਮ ਮਾਰਗ ਮੈਗਜੀਨ ਦੇ ਸਲਾਨਾ ਮੈਂਬਰ ਬਣਾਏ ਜਾਂਦੇ ਹਨ ਅਤੇ ਦਰਗਾਹੀ ਪ੍ਰਸ਼ਾਦ ਆਯੁਰਵੈਦਿਕ ਖੀਰ ਹਰ ਇਕ ਪੂਰਨਮਾਸ਼ੀ ਨੂੰ ਰਾਤ **1.00** ਵਜੇ ਰਤਵਾੜਾ ਸਾਹਿਬ ਵਿਖੇ ਵਰਤਾਈ ਜਾਂਦੀ ਹੈ।

ਅੰਮ੍ਰਿਤ ਸੰਚਾਰ - ਹਰੇਕ ਪੂਰਨਮਾਸ਼ੀ ਨੂੰ ਗੁਰਦਵਾਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ ਵਿਖੇ ਰਾਤ ਨੂੰ 8.00 ਵਜੇ ਹੁੰਦਾ ਹੈ।

ਨਿਰਮਲ ਡੇਰਾ ਹਿਰਦਾਪੁਰ ਖੇੜੀ - ਹਰ ਮਹੀਨੇ ਦੇ ਹਰ ਆਖਰੀ ਸ਼ਨਿਚਰਵਾਰ ਨੂੰ ਸਵੇਰੇ 10.00 ਤੋਂ 1.00 ਵਜੇ ਤੱਕ ਦੀਵਾਨ ਸਜਦੇ ਹਨ।